@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 4 January 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 4 ਜਨਵਰੀ 2026, 21 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 61, qpatrika@gmail.com ਫੋਨ : 9971359517 www.qaumipatrika.org

# ਮੁੱਖ ਮੰਤਰੀ ਭਗਵੰਤ ਮਾਨ ਨੇ ਨੌਜਵਾਨਾਂ ਨੂੰ ਦਿੱਤਾ ਤੋਹ.ਫ਼ਾ, ਵੰਡੇ ਨਿਯੁਕਤੀ ਪੱਤਰ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਚੰਡੀਗੜ੍ਹ/ਜਲੰਧਰ 3 ਜਨਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿਚ ਅੱਜ ਸਿੱਖਿਆ ਵਿਭਾਗ ਵਿਚ ਨਵੀਆਂ ਨਿਯੁਕਤੀਆਂ ਨੂੰ ਲੈ ਕੇ 606 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ। ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੁਣ ਤੱਕ ਪੰਜਾਬ ਸਰਕਾਰ ਵੱਲੋਂ 61,281 ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਹ ਸਮਾਗਮ ਮਿਸ਼ਨ ਰੋਜ਼ਗਾਰ 2026 ਸਾਲ ਦਾ ਪੰਜਾਬ ਸਰਕਾਰ ਦਾ ਪਹਿਲਾ ਸਮਾਗਮ ਹੈ। ਪੰਜਾਬ ਸਰਕਾਰ ਦੇ 'ਮਿਸ਼ਨ ਰੋਜ਼ਗਾਰ' ਤਹਿਤ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਥੇ ਟੈਗੋਰ ਥੀਏਟਰ ਵਿਖੇ ਸਿੱਖਿਆ ਵਿਭਾਗ ਦੇ 606 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਨਾਲ ਪੰਜਾਬ ਵਿੱਚ ਪਹਿਲੀ ਵਾਰ ਚਾਰ ਸਾਲਾਂ ਵਿੱਚ ਨੌਜਵਾਨਾਂ ਨੂੰ 61,000 ਤੋਂ ਵੱਧ ਸਰਕਾਰੀ ਨੌਕਰੀਆਂ ਮਿਲਣ ਦਾ ਨਵਾਂ ਰਿਕਾਰਡ ਕਾਇਮ ਹੋਇਆ ਹੈ। ਇਨ੍ਹਾਂ ਉਮੀਦਵਾਰਾਂ ਵਿੱਚ 385 ਸਪੈਸ਼ਲ ਐਜੂਕੇਟਰ ਟੀਚਰ, 157 ਪ੍ਰਾਇਮਰੀ ਟੀਚਰ, 8 ਪ੍ਰਿੰਸੀਪਲ ਅਤੇ ਤਰਸ ਦੇ ਆਧਾਰ 'ਤੇ ਭਰਤੀ ਹੋਏ 56 ਮੁਲਾਜ਼ਮ ਹਨ। ਨਵ-ਨਿਯੁਕਤ ਉਮੀਦਵਾਰਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਸਾਰੀਆਂ ਨੌਕਰੀਆਂ ਨਿਰੋਲ ਮੈਰਿਟ ਅਤੇ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਗਈਆਂ ਹਨ ਅਤੇ ਕਦੇ ਵੀ ਕਿਸੇ ਨਿਯੁਕਤੀ ਨੂੰ ਅਦਾਲਤੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਮੇਰੇ ਲਈ ਸਾਰਾ ਪੰਜਾਬ ਹੀ ਮੇਰਾ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਜਿੰਨੀ ਖ਼ੁਸ਼ੀ ਨਿਯੁਕਤੀ ਪੱਤਰ ਲੈਣ ਵਾਲਿਆਂ ਨੂੰ ਹੋ ਰਹੀ ਹੈ, ਉਨੀ ਹੀ ਖ਼ੁਸ਼ੀ ਅੱਜ ਮੈਨੂੰ ਵੀ ਹੋ ਰਹੀ ਹੈ, ਜਿਵੇਂ ਲੱਗ ਰਿਹਾ ਹੋਵੇ ਕਿ ਮੇਰੇ ਪਰਿਵਾਰ ਵਿਚੋਂ ਕਿਸੇ ਨੂੰ ਨੌਕਰੀ ਮਿਲਣ ਜਾ ਰਹੀ ਹੋਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਵੱਡਾ ਬੰਦਾ ਉਹ ਨਹੀਂ ਮੰਨਿਆ ਜਾਵੇਗਾ, ਜਿਸ ਕੋਲ ਬੈਂਕਾਂ ਵਿਚ ਪੈਸੇ, ਗੱਡੀਆਂ ਹੋਣ ਸਗੋਂ ਵੱਡਾ ਬੰਦਾ ਉਹ ਮੰਨਿਆ ਜਾਵੇਗਾ, ਜਿਸ ਕੋਲ ਹਾਈ ਐਜੂਕੇਸ਼ਨ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਅਪ੍ਰੈਲ 2022 ਤੋਂ ਸਰਕਾਰੀ ਨੌਕਰੀਆਂ ਦੇਣ ਲਈ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ ਅਤੇ ਹੁਣ ਤੱਕ 61,281 ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਅੱਜ ਵੀ ਉਹ ਸਮਾਂ ਯਾਦ ਹੈ ਕਿ ਜਦੋਂ ਨੌਜਵਾਨ ਨਿਯੁਕਤੀ ਪੱਤਰ ਦੀ ਆਸ ਵਿੱਚ ਸਾਲਾਂਬੱਧੀ ਡਾਕੀਏ ਨੂੰ ਉਡੀਕਦੇ ਰਹਿੰਦੇ ਸਨ ਪਰ ਹੁਣ ਉਹ ਦੌਰ ਖ਼ਤਮ ਹੋ ਗਿਆ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੌਜਵਾਨਾਂ ਨੂੰ ਖ਼ੁਦ ਨਿਯੁਕਤੀ ਪੱਤਰ ਵੰਡ ਕੇ ਸਤਿਕਾਰ ਦੇ ਰਹੀ ਹੈ। ਇਸ ਮੌਕੇ ਪਿਛਲੀਆਂ ਸਰਕਾਰਾਂ 'ਤੇ ਸ਼ਬਦੀ ਹਮਲੇ ਬੋਲਦੇ ਭਗਵੰਤ ਮਾਨ ਨੇ ਕਿਹਾ ਕਿ ਜਿਨ੍ਹਾਂ ਨੇ ਦਸਤਖ਼ਤ ਕਰਨੇ ਸਨ, ਉਨ੍ਹਾਂ ਨੇ ਆਪਣੇ ਭਰਾ-ਭਤੀਜਿਆਂ ਦੀਆਂ ਚਿੱਠੀਆਂ 'ਤੇ



ਦਸਤਖ਼ਤ ਕੀਤੇ। ਉਸ ਵੇਲੇ ਨੌਕਰੀਆਂ ਦੀਆਂ ਚਿੱਠੀਆਂ ਸਾਡੇ ਨੌਜਵਾਨ ਉਡੀਕਦੇ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਾਬਲੀਅਤ ਅਤੇ ਯੋਗਤਾ ਦੀ ਕਦਰ ਨਹੀਂ ਕੀਤੀ ਸਗੋਂ ਇਨ੍ਹਾਂ ਸਰਕਾਰਾਂ ਨੇ ਆਪਣੇ ਪੁੱਤ-ਭਤੀਜਿਆਂ ਅਤੇ ਚਹੇਤਿਆਂ ਨੂੰ ਰਿਉੜੀਆਂ ਵਾਂਗ ਨੌਕਰੀਆਂ ਵੰਡੀਆਂ। ਇਨ੍ਹਾਂ ਸਰਕਾਰਾਂ ਨੇ ਯੋਗਤਾ ਹੋਣ ਦੇ ਬਾਵਜੂਦ ਨੌਕਰੀ ਦੀ ਉਡੀਕ ਵਿੱਚ ਭਟਕਦੇ ਨੌਜਵਾਨਾਂ ਦਾ ਦੁੱਖ-ਦਰਦ ਨਹੀਂ ਸਮਝਿਆ। ਅਸੀਂ ਚਾਰ ਸਾਲਾਂ ਵਿੱਚ ਪੰਜਾਬ ਦੇ ਹਰੇਕ ਪਿੰਡ, ਸ਼ਹਿਰ ਤੇ ਕਸਬੇ ਦੇ ਨੌਜਵਾਨ ਨੂੰ ਕਾਬਲੀਅਤ ਅਤੇ ਯੋਗਤਾ ਦੇ ਆਧਾਰ 'ਤੇ ਨੌਕਰੀ ਦਿੱਤੀ ਤਾਂ ਕਿ ਸਧਾਰਨ ਘਰਾਂ ਦੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਮਿਲ ਸਕੇ। ਰਵਾਇਤੀ ਪਾਰਟੀਆਂ ਦੇ ਸਿਆਸਤਦਾਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਚਹੇਤਿਆਂ ਨੂੰ ਹੀ ਪੰਜਾਬ ਸਮਝਦੇ ਸਨ ਪਰ ਮੇਰੇ ਲਈ ਸਾਰਾ ਪੰਜਾਬ ਹੀ ਮੇਰਾ ਪਰਿਵਾਰ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਪੈਸ਼ਲ ਐਜੂਕੇਟਰ ਟੀਚਰਾਂ ਦਾ ਵੱਖਰਾ ਕਾਡਰ ਬਣਾਇਆ ਗਿਆ ਹੈ ਜਿਸ ਤਹਿਤ ਅੱਜ 385 ਸਪੈਸ਼ਲ ਐਜੂਕੇਟਰ ਟੀਚਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ 'ਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਨਵੇਂ ਹੁਨਰ ਸਿੱਖਣ ਲਈ ਵੱਡਾ ਲਾਭ ਹੋਵੇਗਾ। ਸਰਕਾਰੀ ਸਕੂਲਾਂ ਵਿੱਚ ਇਸ ਵੇਲੇ ਵਿਸ਼ੇਸ਼ ਲੋੜਾਂ ਵਾਲੇ ਤਕਰੀਬਨ 48000 ਬੱਚੇ ਪੜ੍ਹ ਰਹੇ ਹਨ। ਸਪੈਸ਼ਲ ਐਜੂਕੇਟਰ ਟੀਚਰਾਂ ਨੂੰ ਮੁਖ਼ਾਤਬ ਹੁੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਤੁਹਾਡੀ ਡਿਊਟੀ ਸਿਰਫ਼ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੜ੍ਹਾਉਣਾ ਹੀ ਨਹੀਂ ਸਗੋਂ ਮਾਨਵਤਾ ਦੀ ਸੇਵਾ ਪ੍ਰਤੀ ਜ਼ਿੰਮੇਵਾਰੀ ਹੈ। ਤੁਸੀਂ ਇਨ੍ਹਾਂ ਬੱਚਿਆਂ ਦੇ ਭਵਿੱਖ ਲਈ ਮਾਪਿਆਂ ਨਾਲੋਂ ਵੀ ਵੱਧ ਭੂਮਿਕਾ ਅਦਾ ਕਰਨੀ ਹੈ। ਮੈਨੂੰ ਤੁਹਾਡੇ ਤੋਂ ਆਸ ਹੈ ਕਿ ਤੁਸੀਂ ਇਸ ਨੇਕ ਕਾਰਜ ਲਈ ਸਮਰਪਿਤ ਹੋ ਕੇ ਕੰਮ ਕਰੋਗੇ। ਨਵ-ਨਿਯੁਕਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਚੰਗੇ ਭਵਿੱਖ ਦੀ ਡੋਰ ਅਧਿਆਪਕ ਦੇ ਹੱਥ ਹੁੰਦੀ ਹੈ ਅਤੇ ਇਕ ਅਧਿਆਪਕ ਦਾ ਫਰਜ਼ ਆਪਣੇ ਵਿਦਿਆਰਥੀਆਂ ਦੇ ਮਨਾਂ ਨੂੰ ਗਿਆਨ ਦੀ ਰੌਸ਼ਨੀ ਨਾਲ ਰੁਸ਼ਨਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਕ ਅਧਿਆਪਕ ਹੀ ਵਿਦਿਆਰਥੀ ਦੇ ਦਿਮਾਗ ਨੂੰ ਡਾਕਟਰ, ਇੰਜੀਨੀਅਰ ਅਤੇ ਕਲਾਕਾਰ ਲਈ ਉਸੇ ਤਰ੍ਹਾਂ ਢਾਲਦਾ ਹੈ, ਜਿਵੇਂ ਇਕ ਮੂਰਤੀਕਾਰ ਆਪਣੀਆਂ ਕਲਾਕ੍ਰਿਤਾਂ ਨੂੰ ਆਕਾਰ ਦਿੰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਧਿਆਪਕ ਦਾ ਬੱਚੇ ਦੇ ਜੀਵਨ ਵਿੱਚ ਬਹੁਤ ਵੱਡਾ ਰੋਲ ਹੁੰਦਾ ਹੈ। ਨਿਰਮਲ ਮਨ 'ਤੇ ਕੁਝ ਵੀ ਉਕਰ ਦਿਓ, ਸਾਰੀ ਜ਼ਿੰਦਗੀ ਮਿਟਦਾ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕ ਵਿਸ਼ਵ ਪੱਧਰੀ ਸਿਖਲਾਈ ਪ੍ਰਾਪਤ ਅਧਿਆਪਕ ਹਨ। ਉਨ੍ਹਾਂ ਕਿਹਾ ਕਿ 234 ਪ੍ਰਿੰਸੀਪਲਾਂ ਅਤੇ ਸਿੱਖਿਆ ਅਧਿਕਾਰੀਆਂ ਨੇ ਸਿੰਗਾਪੁਰ ਵਿੱਚ ਵਿਸ਼ਵ ਪੱਧਰੀ ਸਿਖਲਾਈ ਪ੍ਰਾਪਤ ਕੀਤੀ ਹੈ, 249 ਮੁੱਖ ਅਧਿਆਪਕਾਂ ਨੇ ਆਈ. ਆਈ. ਐੱਮ. ਅਹਿਮਦਾਬਾਦ ਵਿੱਚ ਐਡਵਾਂਸਡ ਕੋਚਿੰਗ ਪ੍ਰਾਪਤ ਕੀਤੀ ਹੈ ਅਤੇ 216 ਪ੍ਰਾਇਮਰੀ ਅਧਿਆਪਕਾਂ ਨੇ ਫਿਨਲੈਂਡ ਦੀ ਤੁਰਕੂ ਯੂਨੀਵਰਸਿਟੀ ਵਿੱਚ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ ਹੈ।

# ਦੇਸ਼ 'ਚ 'ਵਹਾਈਟ-ਕਾਲਰ ਟੈਰੇਰਿਜ਼ਮ' ਵਰਗੇ ਰੁਝਾਨ ਚਿੰਤਾਜਨਕ: ਰਾਜਨਾਥ ਸਿੰਘ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਉਦੇਪੁਰ 3 ਜਨਵਰੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਦੇਸ਼ 'ਚ 'ਵ?ਹਾਈਟ-ਕਾਲਰ ਟੈਰੇਰਿਜ਼ਮ' (ਸਫੈਦਪੋਸ਼ ਅੱਤਵਾਦ) ਵਰਗੇ ਚਿੰਤਾਜਨਕ ਰੁਝਾਨ ਸਾਹਮਣੇ ਆ ਰਹੇ ਹਨ, ਜਿੱਥੇ ਉੱਚ ਸਿੱਖਿਆ ਪ੍ਰਾਪਤ ਲੋਕ ਸਮਾਜ ਅਤੇ ਰਾਸ਼ਟਰ ਵਿਰੁੱਧ ਕਾਰਵਾਈਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ 'ਚ ਬਹੁਤ ਪੜ੍ਹੇ-ਲਿਖੇ ਲੋਕ ਵੀ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਪਾਏ ਜਾਂਦੇ ਹਨ। ਸਿੰਘ ਨੇ ਦਿੱਲੀ 'ਚ ਬੀਤੇ ਦਿਨੀਂ ਹੋਈ ਘਟਨਾ ਦਾ ਜ਼ਿਕਰ ਕਰਦਿਆਂ ਇਹ ਗੱਲ ਕਹੀ, ਜਿੱਥੇ 'ਬੰਬ ਧਮਾਕਾ' ਕਰਨ ਵਾਲਾ ਇਕ ਡਾਕਟਰ ਸੀ। ਉਹ ਇੱਥੇ ਇਕ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਨੂੰ ਸੰਬੋਧਨ ਕਰ ਰਹੇ ਸਨ। ਸਿੰਘ ਨੇ ਕਿਹਾ, "ਧਰਮ ਅਤੇ ਨੈਤਿਕਤਾ ਤੋਂ ਵਿਹੂਣੀ ਸਿੱਖਿਆ ਸਮਾਜ ਲਈ ਲਾਭਦਾਇਕ ਨਹੀਂ ਹੁੰਦੀ ਅਤੇ ਕਦੇ-ਕਦੇ ਇਹ ਖਤਰਨਾਕ ਵੀ ਸਿੱਧ ਹੋ ਜਾਂਦੀ ਹੈ। ਸ਼ਾਇਦ ਇਹੀ ਕਾਰਨ



ਹੈ ਅਤੇ ਬਹੁਤ ਵੱਡੀ ਤ੍ਰਾਸਦੀ ਹੈ ਕਿ ਉੱਚ ਸਿੱਖਿਆ ਪ੍ਰਾਪਤ ਲੋਕ ਵੀ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਪਾਏ ਜਾਂਦੇ ਹਨ।" ਉਨ੍ਹਾਂ ਕਿਹਾ, "ਅੱਜ 'ਵ?ਹਾਈਟ-ਕਾਲਰ ਟੈਰੇਰਿਜ਼ਮ' ਵਰਗੇ ਚਿੰਤਾਜਨਕ ਰੁਝਾਨ ਦੇਸ਼ਵਾਸੀਆਂ ਦੇ ਸਾਹਮਣੇ ਆ ਰਹੇ ਹਨ, ਜਿੱਥੇ ਉੱਚ ਸਿੱਖਿਆ ਪ੍ਰਾਪਤ ਲੋਕ ਸਮਾਜ ਅਤੇ ਰਾਸ਼ਟਰ ਵਿਰੁੱਧ ਕੰਮ ਕਰਦੇ ਹਨ।" ਉਨ੍ਹਾਂ ਕਿਹਾ, "ਹਾਲ ਹੀ 'ਚ ਦਿੱਲੀ 'ਚ 'ਬੰਬ ਧਮਾਕਾ' ਕਰਨ ਵਾਲਾ ਕੌਣ ਸੀ? ਡਾਕਟਰ ਸੀ। ਨਹੀਂ ਤਾਂ, ਜਿਹੜੇ ਡਾਕਟਰ ਪਰਚੀ 'ਤੇ ਹਮੇਸ਼ਾ 'ਆਰ. ਐਕਸ.' ਲਿਖ ਕੇ ਦਵਾਈ ਲਿਖਦੇ ਹਨ... ਉਨ੍ਹਾਂ ਡਾਕਟਰਾਂ ਦੇ ਹੱਥ 'ਚ 'ਆਰ. ਡੀ. ਐਕਸ.' ਹੋਵੇ? ਇਸ ਲਈ ਜ਼ਰੂਰੀ ਹੈ ਕਿ ਗਿਆਨ ਦੇ ਨਾਲ-ਨਾਲ ਸੰਸਕਾਰ ਵੀ ਹੋਣੇ ਚਾਹੀਦੇ ਹਨ। ਚਰਿੱਤਰ ਵੀ ਹੋਣਾ ਚਾਹੀਦਾ ਹੈ।" ਕੇਂਦਰੀ ਮੰਤਰੀ ਦਾ ਕਹਿਣਾ ਸੀ ਕਿ ਸਿੱਖਿਆ ਦਾ ਮਕਸਦ ਚਰਿੱਤਰ ਨਿਰਮਾਣ ਹੈ। ਚਰਿੱਤਰ ਨੂੰ 'ਵਿਆਪਕ ਨਜ਼ਰੀਏ' ਨਾਲ ਦੇਖਿਆ ਜਾਣਾ ਚਾਹੀਦਾ ਹੈ। ਸਿੱਖਿਆ ਦਾ ਮਕਸਦ ਸਿਰਫ ਪੇਸ਼ੇਵਰ ਸਫਲਤਾ ਨਹੀਂ ਹੈ, ਸਗੋਂ ਸਦਾਚਾਰ, ਨੈਤਿਕਤਾ ਅਤੇ ਇਕ ਮਨੁੱਖਤਾਵਾਦੀ ਸ਼ਖ਼ਸੀਅਤ ਦਾ ਨਿਰਮਾਣ ਵੀ ਹੈ। ਸਿੰਘ ਨੇ ਕਿਹਾ ਕਿ ਅੱਜ ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੈ, ਅਸੀਂ 2030 ਤੱਕ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਆਤਮ-ਵਿਸ਼ਵਾਸ ਨਾਲ ਵਧ ਰਹੇ ਹਾਂ। ਉਨ੍ਹਾਂ ਕਿਹਾ, "ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਆਉਣ ਵਾਲੇ 15-20 ਸਾਲਾਂ 'ਚ ਸਾਡਾ ਭਾਰਤ ਹਥਿਆਰਾਂ ਦੇ ਮਾਮਲੇ 'ਚ ਪੂਰੀ ਤਰ੍ਹਾਂ ਆਤਮ-ਨਿਰਭਰ ਬਣ ਜਾਵੇਗਾ।"

## ਖਰਾਬ ਮੌਸਮ ਕਾਰਨ ਹੈਦਰਾਬਾਦ ਉਤਰਨ ਵਾਲੀਆਂ ਦੋ ਇੰਡੀਗੋ ਉਡਾਣਾਂ ਵਿਜੇਵਾੜਾ ਵੱਲ ਡਾਇਵਰਟ

ਵਿਜੇਵਾੜਾ 3 ਜਨਵਰੀ। ਹੈਦਰਾਬਾਦ ਦੇ ਏਅਰਪੋਰਟ ਉਤਰਨ ਵਾਲੀਆਂ ਦੋ ਇੰਡੀਗੋ ਉਡਾਣਾਂ ਨੂੰ ਖਰਾਬ ਮੌਸਮ ਕਾਰਨ ਵਿਜੇਵਾੜਾ ਨੇੜੇ ਗੰਨਵਰਮ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਇਸ ਦੀ ਜਾਣਕਾਰੀ ਇੱਕ ਅਧਿਕਾਰੀ ਵਲੋਂ ਦਿੱਤੀ ਗਈ ਹੈ। ਅਧਿਕਾਰੀ ਨੇ ਕਿਹਾ ਕਿ ਦਿੱਲੀ ਅਤੇ ਮੁੰਬਈ ਤੋਂ ਆਉਣ ਵਾਲੀਆਂ ਇਹ ਉਡਾਣਾਂ ਭਾਰੀ ਧੁੰਦ ਕਾਰਨ ਹੈਦਰਾਬਾਦ ਵਿੱਚ ਨਹੀਂ ਉਤਰ ਸਕੀਆਂ। ਇਸ ਕਾਰਨ ਸਾਵਧਾਨੀ ਵਜੋਂ ਉਨ੍ਹਾਂ ਨੂੰ ਗੰਨਵਰਮ ਵੱਲ ਮੋੜ ਦਿੱਤਾ ਗਿਆ। ਵਿਜੇਵਾੜਾ ਹਵਾਈ ਅੱਡੇ ਦੇ ਡਾਇਰੈਕਟਰ ਲਕਸ਼ਮੀਕਾਂਤ ਰੈਡੀ ਨੇ ਕਿਹਾ, ਹੈਦਰਾਬਾਦ ਵਿੱਚ ਖਰਾਬ ਮੌਸਮ ਕਾਰਨ, ਉਡਾਣਾਂ ਨੂੰ ਗੰਨਵਰਮ ਵੱਲ ਮੋੜ ਦਿੱਤਾ ਗਿਆ। ਰੈਡੀ ਦੇ ਅਨੁਸਾਰ ਦੋਵੇਂ ਜਹਾਜ਼ ਲਗਭਗ 200 ਯਾਤਰੀਆਂ ਨੂੰ ਲੈ ਕੇ ਜਾ ਰਹੇ ਸਨ ਅਤੇ ਗੰਨਾਵਰਮ ਹਵਾਈ ਅੱਡੇ 'ਤੇ ਸੁਰੱਖਿਅਤ ਉਤਰੇ। ਉਨ੍ਹਾਂ ਕਿਹਾ ਕਿ ਜ਼ਰੂਰੀ ਪ੍ਰਵਾਨਗੀਆਂ ਮਿਲਣ ਤੋਂ ਬਾਅਦ ਦੋਵੇਂ ਉਡਾਣਾਂ ਹੈਦਰਾਬਾਦ ਲਈ ਰਵਾਨਾ ਹੋਣਗੀਆਂ।

## ਨੌਕਰੀ ਕਰਨ ਵਾਲਿਆਂ ਔਰਤਾਂ ਨੂੰ ਮਿਲੇਗਾ ਫ੍ਰੀ ਮਿਲੇਗਾ ਹੋਸਟਲ

ਬਿਹਾਰ 3 ਜਨਵਰੀ। ਬਿਹਾਰ ਸਰਕਾਰ ਕੰਮਕਾਜੀ ਔਰਤਾਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਰਿਹਾਇਸ਼ ਪ੍ਰਦਾਨ ਕਰਨ ਦੀ ਦਿਸ਼ਾਂ ਵਿਚ ਮੁੱਖ ਮੰਤਰੀ ਮਹਿਲਾ ਸੁਰੱਖਿਆ ਯੋਜਨਾ ਦੇ ਤਹਿਤ ਪਟਨਾ ਦੇ ਗੋਲਾ ਰੋਡ 'ਤੇ ਇੱਕ ਕੰਮਕਾਜੀ ਮਹਿਲਾ ਹੋਸਟਲ ਤਿਆਰ ਕਰਵਾਇਆ ਹੈ, ਜੋ ਜਲਦੀ ਹੀ ਕਾਰਜਸ਼ੀਲ ਹੋ ਜਾਵੇਗਾ। ਇਸ ਦੇ ਨਾਲ ਹੀ ਗਯਾਜੀ, ਮੁਜ਼ੱਫਰਪੁਰ, ਦਰਭੰਗਾ ਅਤੇ ਭਾਗਲਪੁਰ ਨੂੰ ਵੀ ਅਜਿਹੇ ਹੋਸਟਲਾਂ ਦੇ ਨਿਰਮਾਣ ਲਈ ਚੁਣਿਆ ਗਿਆ ਹੈ। ਇਨ੍ਹਾਂ ਹੋਸਟਲਾਂ ਵਿੱਚ ਦੂਜੇ ਜ਼ਿਲ੍ਹਿਆਂ ਅਤੇ ਰਾਜਾਂ ਤੋਂ ਆਉਣ ਵਾਲੀਆਂ ਅਤੇ ਸਰਕਾਰੀ ਅਤੇ ਗੈਰ-ਸਰਕਾਰੀ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਸੁਰੱਖਿਅਤ ਰਿਹਾਇਸ਼ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਹੋਸਟਲ ਵਿੱਚ ਰਹਿਣ ਲਈ ਇੱਕ ਔਰਤ ਦੀ ਮਾਸਿਕ ਆਮਦਨ ?75,000 ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ।

## ਇੰਦੌਰ 'ਚ ਪਾਣੀ ਨਹੀਂ 'ਜ਼ਹਿਰ ਵੰਡਣ' ਦੇ ਮੁੱਦੇ 'ਤੇ ਵੀ ਚੁੱਪ ਹਨ ਪ੍ਰਧਾਨ ਮੰਤਰੀ ਮੋਦੀ : ਰਾਹੁਲ ਗਾਂਧੀ

ਨਵੀਂ ਦਿੱਲੀ 3 ਜਨਵਰੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ਦੇ ਇੰਦੌਰ 'ਚ ਨਾਗਰਿਕਾਂ ਨੂੰ 'ਜ਼ਹਿਰੀਲੇ ਪਾਣੀ' ਦੀ ਸਪਲਾਈ ਕਰਨ 'ਤੇ ਡੂੰਘੀ ਚਿੰਤਾ ਜ਼ਾਹਰ ਕਰਦੇ ਹੋਏ ਇਸ ਨੂੰ ਪ੍ਰਸ਼ਾਸਨ ਦੀ ਲਾਪਰਵਾਹੀ ਦੱਸਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਕਿ ਆਖ਼ਰ ਉਹ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਚੁੱਪੀ ਕਿਉਂ ਨਹੀਂ ਤੋੜਦੇ ਹਨ। ਉਨ੍ਹਾਂ ਕਿਹਾ ਕਿ ਸ਼ੁੱਧ ਪੀਣ ਵਾਲਾ ਪਾਣੀ ਜਨਤਾ ਦਾ ਅਧਿਕਾਰ ਹੈ ਪਰ ਭਾਜਪਾ ਦੀ ਲਾਪਰਵਾਹ ਸਰਕਾਰ ਲੋਕਾਂ ਨੂੰ 'ਜ਼ਹਿਰੀਲਾ ਪਾਣੀ' ਵੰਡ ਰਹੀ ਹੈ। ਪੀੜਤ ਪਰਿਵਾਰਾਂ ਨੂੰ ਹਮਦਰਦੀ ਦੇਣ ਦੀ ਬਜਾਏ ਭਾਜਪਾ ਆਗੂ ਹੰਕਾਰੀ ਬਿਆਨ ਦੇ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਇਸ ਗੰਭੀਰ ਅਤੇ ਬੇਹੱਦ ਸੰਵੇਦਨਸ਼ੀਲ ਮੁੱਦੇ 'ਤੇ ਵੀ ਸ਼ਾਂਤ ਹਨ ਅਤੇ ਕੁਝ ਨਹੀਂ ਬੋਲ ਰਹੇ ਹਨ। ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ,"ਇੰਦੌਰ 'ਚ ਪਾਣੀ ਨਹੀਂ, ਜ਼ਹਿਰ ਵੰਡਿਆ ਗਿਆ ਹੈ ਅਤੇ ਪ੍ਰਸ਼ਾਸਨ ਕੁੰਭਕਰਨੀ ਨੀਂਦ 'ਚ ਰਹੀ। ਘਰ-ਘਰ ਮਾਤਮ ਹੈ, ਗਰੀਬ ਬੇਬੱਸ ਹੈ ਅਤੇ ਉੱਪਰੋਂ ਭਾਜਪਾ ਆਗੂਆਂ ਦੇ ਹੰਕਾਰੀ ਬਿਆਨ। ਜਿਨ੍ਹਾਂ ਦੇ ਘਰ ਚੁੱਲ੍ਹੇ ਬੁਝ ਗਏ ਹਨ, ਉਨ੍ਹਾਂ ਨੂੰ ਦਿਲਾਸਾ ਚਾਹੀਦਾ ਸੀ ਪਰ ਸਰਕਾਰ ਨੇ ਘਮੰਡ ਪਰੋਸ ਦਿੱਤਾ।" ਉਨ੍ਹਾਂ ਸਵਾਲ ਕੀਤਾ,"ਇੰਦੌਰ ਦੇ ਲੋਕਾਂ ਨੇ ਵਾਰ-ਵਾਰ ਗੰਦੇ ਅਤੇ ਬੱਦਬੂਦਾਰ ਪਾਣੀ ਦੀ ਸਪਲਾਈ ਦੀ ਸ਼ਿਕਾਇਤ ਕੀਤੀ, ਫਿਰ ਵੀ ਸੁਣਵਾਈ ਕਿਉਂ ਨਹੀਂ ਹੋਈ। ਸੀਵਰ ਦੀ ਗੰਦਗੀ ਪੀਣ ਦੇ ਪਾਣੀ 'ਚ ਕਿਵੇਂ ਮਿਲੀ। ਸਮੇਂ ਰਹਿੰਦੇ ਪਾਣੀ ਦੀ ਸਪਲਾਈ ਬੰਦ ਕਿਉਂ ਨਹੀਂ ਹੋਈ ਅਤੇ ਜ਼ਿੰਮੇਵਾਰ ਅਫ਼ਸਰਾਂ ਅਤੇ ਆਗੂਆਂ 'ਤੇ ਕਾਰਵਾਈ ਕਦੋਂ ਹੋਵੇਗੀ। ਇਹ 'ਫੋਕਟ' ਦੇ ਸਵਾਲ ਨਹੀਂ- ਇਹ ਜਵਾਬਦੇਹੀ ਦੀ ਮੰਗ ਹੈ। ਸਾਫ਼ ਪਾਣੀ ਅਹਿਸਾਨ ਨਹੀਂ, ਜੀਵਨ ਦਾ ਅਧਿਕਾਰ ਹੈ ਅਤੇ ਇਸ ਅਧਿਕਾਰ ਦੇ ਕਤਲ ਲਈ ਭਾਜਪਾ ਦਾ ਡਬਲ ਇੰਜਣ, ਉਸ ਦਾ ਲਾਪਰਵਾਹ ਪ੍ਰਸ਼ਾਸਨ ਅਤੇ ਸੰਵੇਦਨਹੀਣ ਲੀਡਰਸ਼ਿਪ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।"

# 69 ਉਮੀਦਵਾਰਾਂ ਦੀ ਬਿਨਾਂ ਵਿਰੋਧ ਜਿੱਤ 'ਤੇ ਮਹਾਰਾਸ਼ਟਰ ਚੋਣ ਕਮਿਸ਼ਨ ਨੇ ਦਿੱਤੇ ਜਾਂਚ ਦੇ ਆਦੇਸ਼

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਮੁੰਬਈ 3 ਜਨਵਰੀ। ਮਹਾਰਾਸ਼ਟਰ ਰਾਜ ਚੋਣ ਕਮਿਸ਼ਨ ਨੇ ਰਾਜ ਦੀਆਂ 29 ਨਗਰ ਨਿਗਮਾਂ 'ਚ 69 ਉਮੀਦਵਾਰਾਂ ਦੇ ਬਿਨਾਂ ਵਿਰੋਧ ਚੁਣੇ ਜਾਣ ਦੇ ਮਾਮਲਿਆਂ ਦੀ ਰਾਜ ਵਿਆਪੀ ਜਾਂਚ ਦੇ ਹੁਕਮ ਦਿੱਤੇ ਹਨ। ਇਹ ਕਾਰਵਾਈ ਨਾਮਜ਼ਦਗੀ ਵਾਪਸੀ ਦੀ ਆਖ਼ਰੀ ਤਾਰੀਖ਼ 2 ਜਨਵਰੀ ਤੋਂ ਪਹਿਲਾਂ ਦਬਾਅ, ਧਮਕੀ ਅਤੇ ਲਾਲਚ ਦੇ ਕੇ ਵੱਡੇ ਪੈਮਾਨੇ 'ਤੇ ਨਾਮਜ਼ਦਗੀ ਵਾਪਸ ਕਰਵਾਏ ਜਾਣ ਦੇ ਦੋਸ਼ਾਂ ਤੋਂ ਬਾਅਦ ਕੀਤੀ ਗਈ ਹੈ। ਕਮਿਸ਼ਨ ਨੇ ਇਕ ਅਸਾਧਾਰਨ ਅਤੇ ਮਹੱਤਵਪੂਰਨ ਕਦਮ ਚੁੱਕਦਿਆਂ ਨਿਰਦੇਸ਼ ਦਿੱਤੇ ਹਨ ਕਿ ਜਾਂਚ ਪੂਰੀ ਹੋਣ ਤੱਕ ਇਨ੍ਹਾਂ ਜਿੱਤਾਂ ਦੇ ਨਤੀਜਿਆਂ ਦਾ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਵੇਗਾ। ਇਹ ਕਾਰਵਾਈ ਵਿਰੋਧੀ ਧਿਰਾਂ, ਜਿਸ 'ਚ ਕਾਂਗਰਸ, ਜਨਤਾ ਦਲ (ਸੈਕੂਲਰ) ਅਤੇ ਆਮ ਆਦਮੀ ਪਾਰਟੀ (ਆਪ) ਸ਼ਾਮਲ ਹਨ, ਵੱਲੋਂ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਹੈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਉਮੀਦਵਾਰਾਂ ਨੂੰ ਦਬਾਅ, ਧਮਕੀਆਂ, ਪੁਲਸ ਤੰਤਰ ਦੀ ਦੁਰਵਰਤੋਂ ਅਤੇ ਆਰਥਿਕ ਲਾਲਚ ਰਾਹੀਂ ਨਾਮਜ਼ਦਗੀਆਂ ਵਾਪਸ ਲੈਣ ਲਈ ਮਜ਼ਬੂਰ ਕੀਤਾ ਗਿਆ ਸੀ। ਅਧਿਕਾਰਤ ਅੰਕੜਿਆਂ ਅਨੁਸਾਰ, 69 'ਚੋਂ 68 ਸੀਟਾਂ ਸੱਤਾਧਾਰੀ 'ਮਹਾਯੁਤੀ' ਗਠਜੋੜ ਨੂੰ ਮਿਲੀਆਂ ਹਨ, ਜਿਨ੍ਹਾਂ 'ਚ ਭਾਜਪਾ ਨੂੰ 44, ਸ਼ਿਵ ਸੈਨਾ ਨੂੰ 22 ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ 2 ਸੀਟਾਂ ਮਿਲੀਆਂ ਹਨ, ਜਦੋਂ ਕਿ ਇਕ ਸੀਟ 'ਤੇ ਆਜ਼ਾਦ ਉਮੀਦਵਾਰ ਨੂੰ ਬਿਨਾਂ ਵਿਰੋਧ ਚੁਣਨ ਦਾ ਐਲਾਨ ਕੀਤਾ ਗਿਆ ਹੈ ਯਾਨੀ ਇਨ੍ਹਾਂ ਖ਼?ਲਾਫ਼ ਕੋਈ ਮੁਕਾਬਲੇਬਾਜ਼ ਮੈਦਾਨ 'ਚ ਨਹੀਂ ਹੈ। ਇਹ ਗਿਣਤੀ ਸ਼ੁੱਕਰਵਾਰ ਨੂੰ ਨਾਮਜ਼ਦਗੀ ਵਾਪਸੀ ਦੇ ਆਖ਼ਰੀ ਦਿਨ ਪੁਸ਼ਟੀ ਹੋਈ। ਜਾਂਚ ਦੇ ਘੇਰੇ 'ਚ ਆਈਆਂ ਸੀਟਾਂ 'ਚ ਸਭ ਤੋਂ ਵੱਧ 22 ਉਮੀਦਵਾਰ ਕਲਿਆਣ-ਡੋਂਬੀਵਲੀ ਨਗਰ ਨਿਗਮ ਤੋਂ ਬਿਨਾਂ ਮੁਕਾਬਲਾ ਚੁਣੇ ਗਏ ਹਨ। ਇਸ ਤੋਂ ਇਲਾਵਾ ਜਲਗਾਓਂ (12), ਠਾਣੇ (7) ਅਤੇ ਪੁਣੇ ਸਮੇਤ ਕਈ ਹੋਰ ਸ਼ਹਿਰਾਂ 'ਚ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ। ਚੋਣ ਕਮਿਸ਼ਨ ਨੇ ਨਗਰ ਨਿਗਮ ਕਮਿਸ਼ਨਰਾਂ, ਜ਼ਿਲ੍ਹਾ ਕਲੈਕਟਰਾਂ ਅਤੇ ਪੁਲਸ ਕਮਿਸ਼ਨਰਾਂ ਤੋਂ ਵਿਸਤ੍ਰਿਤ ਰਿਪੋਰਟ ਮੰਗੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਨਾਮਜ਼ਦਗੀਆਂ ਵਾਪਸ ਲੈਣਾ ਸਵੈ-ਇੱਛਕ ਸੀ ਜਾਂ ਗੈਰ-ਕਾਨੂੰਨੀ ਤਰੀਕਿਆਂ ਨਾਲ ਕਰਵਾਇਆ ਗਿਆ ਸੀ। ਮੁੰਬਈ ਦੇ ਕੋਲਾਬਾ ਖੇਤਰ 'ਚ ਵਿਰੋਧੀ ਨੇਤਾਵਾਂ ਨੇ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ 'ਤੇ ਨਾਮਜ਼ਦਗੀ ਪ੍ਰਕਿਰਿਆ 'ਚ ਦਖ਼ਲ ਦੇਣ ਦੇ ਦੋਸ਼ ਲਗਾਏ ਹਨ। ਕਮਿਸ਼ਨ ਨੇ ਇਸ ਸਬੰਧ 'ਚ ਮੁੰਬਈ ਨਗਰ ਕਮਿਸ਼ਨਰ ਨੂੰ 33"੭ ਫੁਟੇਜ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਲਾਂਕਿ, ਨਾਰਵੇਕਰ ਨੇ ਇਨ੍ਹਾਂ ਦੋਸ਼ਾਂ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਰੱਦ ਕਰ ਦਿੱਤਾ ਹੈ। ਵਿਰੋਧੀ ਨੇਤਾਵਾਂ ਸੰਜੇ ਰਾਉਤ ਅਤੇ ਪ੍ਰਿਯੰਕਾ ਚਤੁਰਵੇਦੀ ਨੇ ਸੱਤਾਧਾਰੀ ਗਠਜੋੜ 'ਤੇ ਲੋਕਤੰਤਰ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ ਹੈ, ਜਦੋਂ ਕਿ ਮਹਾਯੁਤੀ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਜਿੱਤਾਂ ਉਨ੍ਹਾਂ ਦੀ ਜਥੇਬੰਦਕ ਮਜ਼ਬੂਤੀ ਦਾ ਨਤੀਜਾ ਹਨ। ਬ੍ਰਿਹਨਮੁੰਬਈ ਨਗਰ ਨਿਗਮ (2$3) ਸਮੇਤ 29 ਨਗਰ ਨਿਗਮਾਂ ਲਈ ਚੋਣਾਂ 15 ਜਨਵਰੀ ਨੂੰ ਹੋਣੀਆਂ ਹਨ ਅਤੇ ਵੋਟਾਂ ਦੀ ਗਿਣਤੀ 16 ਜਨਵਰੀ ਨੂੰ ਹੋਵੇਗੀ।





# ਕਾਲਾ ਕੱਛਾ ਗਿਰੋਹ ਤੋਂ ਬਾਅਦ ਨਿੱਕਰ ਗੈਂਗ ਦੀ ਦਹਿਸ਼ਤ

**ਕੌਮੀ ਪਤ੍ਰਿਕਾ**

ਲੁਧਿਆਣਾ 3 ਜਨਵਰੀ। ਕਾਲਾ ਕੱਛਾ ਗਿਰੋਹ ਤੋਂ ਬਾਅਦ ਸ਼ਹਿਰ 'ਚ ਨਿੱਕਰ ਚੋਰ ਗਿਰੋਹ ਦਾ ਆਤੰਕ, ਇਕ ਮਹੀਨੇ 'ਚ ਤੀਜੀ ਵੱਡੀ ਵਾਰਦਾਤ ਨੂੰ ਅੰਜਾਮ ਦਿੰਦੇ ਗਿਰੋਹ ਦੇ ਲੁਟੇਰੇ ਸੀ. ਸੀ. ਟੀ. ਵੀ. ਕੈਮਰੇ 'ਚ ਹੋਏ ਕੈਦ, ਜਿਨ੍ਹਾਂ ਨੇ ਟੀ-ਸ਼ਰਟ ਦੇ ਨਾਲ ਵਾਰਦਾਤ ਨੂੰ ਅੰਜਾਮ ਦਿੰਦੇ ਸਮੇਂ ਨਿੱਕਰ ਪਾਈ ਹੋਈ ਹੈ। ਬੀਤੇ ਦਿਨ ਇਸ ਗਿਰੋਹ ਨੇ ਹਾਈਵੇ 'ਤੇ ਪੈਂਦੀ ਗੋਪਾਲ ਐਨਕਲੇਵ ਕਾਲੋਨੀ 'ਚ ਰਹਿਣ ਵਾਲੇ ਐੱਨ. ਆਰ. ਆਈ. ਪਰਿਵਾਰ ਦੀ ਕੋਠੀ ਨੂੰ ਨਿਸ਼ਾਨਾ ਬਣਾਇਆ, ਜਿਸ 'ਚ ਇਹ 27 ਤੋਲੇ ਸੋਨਾ, 3 ਲੱਖ ਦੀਆਂ ਕੀਮਤੀ ਘੜੀਆਂ ਅਤੇ 3 ਲੱਖ ਤੋਂ ਜ਼ਿਆਦਾ ਦੀ ਨਕਦੀ ਲੁੱਟ ਫਰਾਰ ਹੋ ਗਏ। ਜਾਣਕਾਰੀ ਅਨੁਸਾਰ ਪੁਲਸ ਕੋਲ ਦਰਜ ਕਰਵਾਈ ਆਪਣੀ ਸ਼ਿਕਾਇਤ 'ਚ ਨੀਤੂ ਥਾਪਰ ਪਤਨੀ ਮਾਈਕਲ ਵਾਸੀ ਗੋਪਾਲ ਐਨਕਲੇਵ ਨੇ ਦੱਸਿਆ ਕਿ ਉਸ ਦਾ ਪਤੀ ਵਿਦੇਸ਼ ਅਮਰੀਕਾ ਕੰਮ ਦੇ ਸਬੰਧ 'ਚ ਰਹਿ ਰਿਹਾ ਹੈ। ਉਹ ਆਪਣੀ ਇਕਲੌਤੀ ਬੇਟੀ ਦੇ ਨਾਲ ਘਰ 'ਚ ਇਕੱਲੀ ਰਹਿੰਦੀ ਹੈ। ਉਨ੍ਹਾਂ ਨੇ ਆਪਣੇ ਘਰ ਦੇ ਉੱਪਰ ਦੀ ਮੰਜ਼ਿਲ 'ਚ ਮੁਨੀਸ਼ ਕੁਮਾਰ ਨਾਮਕ ਲੜਕਾ ਪੀ. ਜੀ. ਦੇ ਤੌਰ 'ਤੇ ਰੱਖਿਆ ਹੋਇਆ ਹੈ। ਬੀਤੀ 11 ਜੁਲਾਈ ਨੂੰ ਉਸ ਦੀ ਨਣਦ ਵਿਦੇਸ਼ ਤੋਂ ਆਪਣੇ ਪਰਿਵਾਰ ਨਾਲ ਉਸ ਨੂੰ ਮਿਲਣ ਆਈ ਨਣਦ ਦੇ ਆਉਣ ਤੋਂ ਬਾਅਦ ਉਨ੍ਹਾਂ ਨੇ ਕਸ਼ਮੀਰ ਘੁੰਮਣ ਦਾ ਪਲਾਨ ਬਣਾ ਲਿਆ। ਨੀਤੂ ਨੇ ਦੱਸਿਆ ਕਿ 13 ਜੁਲਾਈ ਨੂੰ ਉਹ ਆਪਣੇ ਪੀ. ਜੀ. 'ਚ ਰਹਿਣ ਵਾਲੇ ਲੜਕੇ ਮੁਨੀਸ਼ ਨੂੰ ਪੂਰੇ ਘਰ ਦੀ ਜ਼ਿੰਮੇਵਾਰੀ ਸੌਂਪ ਆਪਣੀ ਨਣਦ ਨਾਲ ਕਸ਼ਮੀਰ ਘੁੰਮਣ ਚਲੇ ਗਏ। 17 ਜੁਲਾਈ ਦੀ ਸਵੇਰ ਉਨ੍ਹਾਂ ਨੂੰ ਮਨੀਸ਼ ਨੇ ਫੋਨ ਕਰ ਕੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਘਰ ਲੁਟੇਰੇ ਆ ਗਏ ਹਨ, ਜਿਨ੍ਹਾਂ ਨੇ ਉਸ ਨੂੰ ਕਮਰੇ 'ਚ ਬੰਦ ਕਰ ਘਰੇ ਪਿਆ ਸਾਰਾ ਸਾਮਾਨ ਲੁੱਟ ਕੇ ਫਰਾਰ ਹੋ ਗਏ। ਉਸ ਨੇ ਸਵੇਰੇ ਗੁਆਂਢੀ ਨੂੰ ਫੋਨ ਕੀਤਾ, ਜਿਨ੍ਹਾਂ ਨੇ ਆ ਕੇ ਕਮਰਾ ਖੋਲ੍ਹਿਆ ਅਤੇ ਉਸ ਨੂੰ ਬਾਹਰ ਕੱਢਿਆ। ਨੀਤੂ ਨੇ ਦੱਸਿਆ ਕਿ ਉਹ ਉਸੇ ਵਕਤ ਕਸ਼ਮੀਰ ਤੋਂ ਵਾਪਸ ਤੁਰ ਪਏ ਘਰੇ ਪਹੁੰਚ ਕੇ ਦੇਖਿਆ ਤਾਂ ਲੁਟੇਰੇ ਉਸ ਦਾ ਅਤੇ ਉਸ ਦੀ ਨਣਦ



ਦੇ 27 ਤੋਲੇ ਸੋਨੇ ਦੇ ਗਹਿਣੇ 3 ਲੱਖ ਦੀ ਕੀਮਤ ਘੜੀਆਂ ਅਤੇ 3 ਲੱਖ ਰੁਪਏ ਦੀ ਨਕਦੀ ਲੁੱਟ ਫਰਾਰ ਹੋ ਗਏ। ਨੀਤੂ ਨੇ ਜਦੋਂ ਘਰੇ ਲੱਗੇ ਸੀ. ਸੀ. ਟੀ. ਵੀ. ਚੈੱਕ ਕੀਤੇ ਤਾਂ ਪਤਾ ਲੱਗਿਆ ਕਿ 17 ਜੁਲਾਈ ਦੀ ਅੱਧੀ ਰਾਤ ਨੂੰ 5 ਲੁਟੇਰੇ, ਜਿਨ੍ਹਾਂ ਨੇ ਟੀ-ਸ਼ਰਟ ਦੇ ਨਾਲ ਨਿੱਕਰ ਪਾਈ ਹੋਈ ਹੈ, ਉਸ ਦੇ ਘਰ ਦੀ ਖਿੜਕੀ ਤੋੜ ਕੇ ਅੰਦਰ ਦਾਖਲ ਹੋ ਗਏ। ਅੰਦਰ ਦਾਖਲ ਹੋ ਕੇ, ਜਿਸ ਕਮਰੇ 'ਚ ਮਨੀਸ਼ ਸੌਂ ਰਿਹਾ ਸੀ, ਉਸ ਨੂੰ ਬਾਹਰੋਂ ਬੰਦ ਕਰ ਦਿੱਤਾ ਅਤੇ ਦੂਜੇ ਕਮਰੇ 'ਚ ਦਾਖਲ ਹੋ ਕੇ ਅਲਮਾਰੀ ਨੂੰ ਰਾਡ ਨਾਲ ਤੋੜ ਕੇ ਉਸ 'ਚ ਪਏ ਸਾਰੇ ਗਹਿਣੇ, ਨਕਦੀ ਅਤੇ ਕੀਮਤੀ ਸਾਮਾਨ ਲੈ ਫਰਾਰ ਹੋ ਗਏ। ਨੀਤੂ ਨੇ ਸ਼ੰਕਾ ਜ਼ਾਹਿਰ ਕੀਤੀ ਕਿ ਲੁਟੇਰਿਆਂ ਨੂੰ ਉਸ ਦੇ ਘਰ 'ਚ ਪਏ ਪੂਰੇ ਸਾਮਾਨ ਦੀ ਜਾਣਕਾਰੀ ਸੀ। ਲੁਟੇਰਿਆਂ ਨੇ ਉਸ ਦੀ ਘਰ ਪਈ ਅਲਮਾਰੀ ਨੂੰ ਨਿਸ਼ਾਨਾ ਬਣਾਇਆ, ਜਿਸ 'ਚ ਸਾਰਾ ਸਾਮਾਨ ਪਿਆ ਸੀ। ਇਸ ਤੋਂ ਇਲਾਵਾ ਘਰ 'ਚ 5 ਸੂਟਕੇਸ ਵੀ ਪਏ ਸਨ ਪਰ ਉਨ੍ਹਾਂ ਨੇ ਕਿਸੇ ਨੂੰ ਹੱਥ ਤੱਕ ਨਹੀਂ ਲਗਾਇਆ ਦੂਜੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਲੁਟੇਰੇ ਖਿੜਕੀ ਤੋੜ ਕੇ ਅੰਦਰ ਆਏ ਉਨ੍ਹਾਂ ਨੇ ਲੋਹੇ ਦੀ ਰਾਡ ਨਾਲ ਅਲਮਾਰੀ ਨੂੰ ਤੋੜਿਆ। ਇਨ੍ਹਾਂ ਕੁਝ ਹੋਣ ਦੇ ਬਾਵਜੂਦ ਕਮਰੇ 'ਚ ਸੌਂ ਰਹੇ ਮੁਨੀਸ਼ ਨੂੰ ਕੋਈ ਆਵਾਜ਼ ਤੱਕ ਨਹੀਂ ਆਈ। ਨਿੱਕਰ ਚੋਰ ਗਿਰੋਹ ਦੇ ਲੋਕਾਂ ਨੇ ਪਿਛਲੇ 1 ਮਹੀਨੇ ਤੀਜੀ ਵੱਡੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਇਸ ਤੋਂ ਪਹਿਲਾ ਲੁਟੇਰਿਆਂ ਨੇ ਲਘੂ ਉਦਯੋਗ ਭਾਰਤੀ ਦੇ ਪ੍ਰਧਾਨ ਦਰਸ਼ਨ ਸਿੰਘ ਦੇ ਘਰ ਦੀ ਖਿੜਕੀ ਦੇ ਰਾਹ ਅੰਦਰ ਦਾਖਲ ਹੋ ਕੇ ਘਰ 'ਚ ਪਈ ਨਕਦੀ ਲੁੱਟ ਕੇ ਲੈ ਗਏ ਹਨ। ਉਸ ਤੋਂ ਇਕ ਹਫਤੇ ਬਾਅਦ ਇਨ੍ਹਾਂ ਲੁਟੇਰਿਆਂ ਨੇ ਕੈਨਰਾ ਬੈਂਕ ਤੇ ਨੇੜੇ ਇਕ ਮਹਿਲਾ ਦੇ ਘਰ 'ਚ ਦਾਖਲ ਹੋ ਕੇ ਸਾਢੇ 4 ਲੱਖ ਰੁਪਏ ਦੀ ਲੁੱਟ ਕਰ ਕੇ ਫਰਾਰ ਹੋ ਗਏ ਸਨ। ਉਸ ਵਕਤ ਵੀ ਸੋ ਲੁਟੇਰੇ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋਏ ਪੰਜਾਂ ਨੇ ਸਾਰੇ ਨਿੱਕਰ ਪਾਈ ਹੋਈ ਸੀ। ਥਾਣਾ ਮੁਖੀ ਭੂਸ਼ਣ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਮੁਕੱਦਮਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ, ਜਲਦ ਹੀ ਇਨ੍ਹਾਂ ਲੁਟੇਰਿਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਮਜੀਠਾ ਨਾਲ ਸਬੰਧਿਤ ਗੁਰਜੰਟ ਦੇ ਬਜ਼ੁਰਗ ਮਾਪਿਆਂ ਦੇ ਸੁਪਨੇ ਹੋਏ ਚੂਰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 3 ਜਨਵਰੀ। ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬਾ ਮਜੀਠਾ ਨੇੜਲੇ ਪਿੰਡ ਭੰਗਵਾਂ ਨਾਲ ਸਬੰਧਿਤ 30 ਸਾਲਾ ਨੌਜਵਾਨ ਗੁਰਜੰਟ ਸਿੰਘ ਪੁੱਤਰ ਪਿਆਰਾ ਸਿੰਘ ਦਾ ਮ੍ਰਿਤਕ ਸਰੀਰ ਬੀਤੀ ਦੇਰ ਰਾਤ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪੁੱਜਣ ਉਪਰੰਤ ਸਰਬੱਤ ਦਾ ਭਲਾ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਗੁਰਜੰਟ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਕਰੀਬ ਪਿਛਲੇ 6 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਦੱਸਣ ਮੁਤਾਬਿਕ ਸਿਹਤ ਖਰਾਬ ਹੋਣ ਤੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿੱਥੇ ਦਿਮਾਗ ਦੀ ਨਾੜੀ ਫ਼ਟਣ ਕਾਰਨ ਬੀਤੀ 24 ਜੁਲਾਈ ਨੂੰ ਉਸਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਬੀਤੀ ਦੇਰ ਰਾਤ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜ੍ਹਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਜਿੰਦਰ ਸਿੰਘ ਹੇਰ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ 'ਮੁਫ਼ਤ ਐਂਬੂਲੈਂਸ ਸੇਵਾ' ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਦਾ ਮ੍ਰਿਤਕ ਸਰੀਰ ਭਾਰਤ ਭੇਜਣ 'ਤੇ ਆਇਆ ਖਰਚ ਆਦਿ ਉਸ ਦੀ ਬੀਮਾ ਕੰਪਨੀ ਵੱਲੋਂ ਕੀਤਾ ਗਿਆ ਹੈ। ਡਾ.ਉਬਰਾਏ ਨੇ ਇਹ ਵੀ ਦੱਸਿਆ ਕਿ ਗੁਰਜੰਟ ਆਪਣੇ ਪਿੱਛੇ ਬਜ਼ੁਰਗ ਮਾਪਿਆਂ ਤੋਂ ਇਲਾਵਾ ਆਪਣੀ ਪਤਨੀ, ਦੋ ਸਾਲਾ ਪੁੱਤਰ ਅਤੇ ਆਪਣੀਆਂ ਤਿੰਨ ਭੈਣਾਂ ਨੂੰ ਰੋਂਦਿਆਂ ਕੁਰਲਾਂਦਿਆਂ ਛੱਡ ਗਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਦੀ ਅੰਮ੍ਰਿਤਸਰ ਜ਼ਿਲ੍ਹਾ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂ ਕਰਵਾਉਣ ਉਪਰੰਤ ਗੁਰਜੰਟ ਦੇ ਪਰਿਵਾਰ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਵੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਡਾ.ਉਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 420 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮਿਤ੍ਰਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ। ਇਸ ਦੌਰਾਨ ਹਵਾਈ ਅੱਡੇ ਤੇ ਮੌਜੂਦ ਮ੍ਰਿਤਕ ਦੇ ਜੀਜਾ ਜਗਦੀਪ ਸਿੰਘ, ਸੁਖਵਿੰਦਰ ਸਿੰਘ ਤੇ ਜੁਗਰਾਜ ਸਿੰਘ, ਚਾਚਾ ਮਨਜੀਤ ਸਿੰਘ, ਮਾਮਾ ਗੁਰਜੀਤ ਸਿੰਘ, ਚਚੇਰੇ ਭਰਾ ਅਜਮੇਰ ਸਿੰਘ, ਬਲਜਿੰਦਰ ਸਿੰਘ, ਨਿਸ਼ਾਨ ਸਿੰਘ ਤੇ ਬਲਵਿੰਦਰ ਸਿੰਘ ਆਦਿ ਨੇ ਡਾ.ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

## ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿੱਚ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਬਰਸੀ 30 ਜੁਲਾਈ ਨੂੰ ਤਲਵੰਡੀ ਸਾਬੋ ਵਿਖੇ ਮਨਾਈ ਜਾਵੇਗੀ

ਤਲਵੰਡੀ ਸਾਬੋ 3 ਜਨਵਰੀ। ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 11ਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਲਾਨਾ ਬਰਸੀ ਸ਼?ਰੋਮਣੀ ਸੇਵਾ ਰਤਨ, ਸ਼?ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਦੀ ਅਗਵਾਈ ਹੇਠ 29 ਜੁਲਾਈ ਤੋਂ 30 ਜੁਲਾਈ ਤੀਕ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਈ ਜਾਵੇਗੀ। ਇਸ ਸਬੰਧੀ ਦਲ ਦੇ ਸਕੱਤਰ ਸ੍ਰ. ਦਿਲਜੀਤ ਸਿੰਘ ਬੇਦੀ, ਬਾਬਾ ਦਲੇਰ ਸਿੰਘ ਖਾਲਸਾ ਨੇ ਸਾਂਝੇ ਤੌਰ ਤੇ ਦੱਸਿਆ ਬਾਬਾ ਜੀ ਦੇ ਆਦੇਸ਼ਾਂ ਅਨੁਸਾਰ ਬਰਸੀ ਸਮਾਗਮਾਂ ਨੂੰ ਚੜ੍ਹਦੀਕਲਾ 'ਚ ਮਨਾਉਣ ਲਈ ਛਾਉਣੀਆਂ ਦੇ ਵੱਖ-ਵੱਖ ਮਹੰਤਾਂ, ਵੱਖ-ਵੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ, ਧਾਰਮਿਕ ਸ਼ਖਸ਼ੀਅਤਾਂ ਅਤੇ ਇਲਾਕੇ ਦੇ ਪਤਵੰਤਿਆਂ ਨੂੰ ਸੱਦਾ ਪੱਤਰ ਪਹੁੰਚਾਉਣ, ਤਾਲਮੇਲ ਬਨਾਉਣ ਹਿਤ ਡਿਊਟੀਆਂ ਪਹਿਲਾਂ ਹੀ ਲਗਾਈਆਂ ਜਾ ਚੁਕੀਆਂ ਹਨ। 29 ਜੁਲਾਈ ਸੋਮਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ ਜਿਸ ਦੇ ਭੋਗ 15 ਸਾਵਣ 30 ਜੁਲਾਈ ਬੁੱਧਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਸਜੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸੰਤ ਮਨਮੋਹਣ ਸਿੰਘ ਬਾਰਨਵਾਲੇ, ਭਾਈ ਸੁਖਜੀਤ ਸਿੰਘ ਕਨੱਈਆ ਕਥਾਵਾਚਕ, ਪੰਥ ਦੇ ਪ੍ਰਸਿੱਧ ਢਾਡੀ, ਪ੍ਰਚਾਰਕ ਆਪਣੇ ਵਖਿਆਣਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਗੁਰ-ਇਤਿਹਾਸ ਨਾਲ ਜੋੜਨਗੇ। ਉਨਾਂ ਹੋਰ ਦੱਸਿਆ ਕਿ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਵਿੱਚ ਧਾਰਮਿਕ ਸਖ਼ਸ਼ੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨਗੀਆਂ ਉਨ੍ਹਾਂ ਦਸਿਆ ਕਿ ਇਸ ਮੌਕੇ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗਾ। ਗੁਰੂ ਦੇ ਜਹਾਜੇ ਚੜ੍ਹਨ ਵਾਲੇ ਪ੍ਰਾਣੀ ਸਮੇਂ ਸਿਰ ਪਹੁੰਚ ਕੇ ਗੁਰੂ ਦੀ ਬਖਸ਼ਿਸ਼ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ। ਉਨ੍ਹਾਂ ਨੇ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਤਿੰਨੇ ਦਿਨ ਧਾਰਮਿਕ ਦੀਵਾਨ ਸੱਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਨਿਹੰਗ ਸਿੰਘ ਫੌਜਾਂ ਦੇ ਲਾਇਸੈਂਸ ਵੀ ਨਵੇਂ ਬਣਾਏ ਜਾਣਗੇ।

## ਡੇਂਗੂ ਦੇ ਲਾਰਵੇ ਦੀ ਜਾਂਚ ਅਤੇ ਲੋਕਾਂ ਨੂੰ ਕੀਤਾ ਜਾ ਰਿਹਾ ਹੈ ਜਾਗਰੂਕ -ਡਾ.ਸੰਜੇ ਕਾਮਰਾ

ਸੰਗਰੂਰ, 3 ਜਨਵਰੀ। ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ ਅਤੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਵਿੱਚ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਧਾਰਮਿਕ ਸਥਾਨ, ਇਤਿਹਾਸਿਕ ਸਥਾਨ, ਜਨਤਕ ਸਥਾਨ ਅਤੇ ਸਮਾਜਿਕ ਕੇਂਦਰਾਂ ਵਿੱਚ ਡੇਂਗੂ ਦੀ ਰੋਕਥਾਮ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ। ਜਾਣਕਾਰੀ ਦਿੰਦਿਆਂ ਡਾ. ਸੰਜੇ ਕਾਮਰਾ ਨੇ ਕਿਹਾ ਕਿ ਬਰਸਾਤੀ ਮੌਸਮ ਨੂੰ ਧਿਆਨ ਚ ਰੱਖਦਿਆਂ ਆਪਣੇ ਆਲੇ-ਦੁਆਲੇ ਪਾਣੀ ਖੜ੍ਹਨ ਦੇਣਾ ਚਾਹੀਂਦਾ ਕਿਉਂਕਿ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਖੜ੍ਹੇ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਇਸ ਲਈ ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਕੂਲਰਾਂ ਅਤੇ ਫ਼ਰਿੱਜਾਂ ਦੀਆਂ ਟਰੇਆਂ ਨੂੰ ਖ਼ਾਲੀ ਕਰ ਕੇ ਸੁਕਾਓ। ਉਨ੍ਹਾਂ ਇਹ ਵੀ ਦੱਸਿਆ ਕਿ ਹਰ ਸ਼ੁਕਰਵਾਰ ਨੂੰ ਪੇਂਡੂ ਸਿਹਤ ਸਫ਼ਾਈ ਅਤੇ ਖੁਰਾਕ ਕਮੇਟੀਆਂ, ਨਰਸਿੰਗ ਸਿੱਖਿਆਰਥਣਾ ਅਤੇ ਸਮਾਜ ਸੇਵੀ ਕਲੱਬਾਂ ਦੇ ਸਹਿਯੋਗ ਨਾਲ ਪਾਣੀ ਖੜ੍ਹਨ ਦੇ ਸੋਮਿਆਂ ਵਿੱਚ ਲਾਰਵੇ ਦੀ ਜਾਂਚ ਦੇ ਨਾਲ-ਨਾਲ ਲੋਕਾਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ, ਇਸ ਲਈ ਅਜਿਹੇ ਕੱਪੜੇ ਪਾਓ, ਜਿਨ੍ਹਾਂ ਨਾਲ ਪੂਰਾ ਸਰੀਰ ਢਕਿਆ ਰਹੇ। ਤੇਜ਼ ਬੁਖ਼ਾਰ ਹੋਣ ਦੀ ਹਾਲਤ ਵਿਚ ਤੁਰਤ ਨੇੜਲੇ ਹਸਪਤਾਲ ਜਾਂ ਡਿਸਪੈਂਸਰੀ ਆਦਿ ਵਿਚ ਜਾ ਕੇ ਮੁਆਇਨਾ ਕਰਵਾਓ। ਜ਼ਿਲਾ ਐਪੀਡਿਮੋਲੋਜਿਸਟ ਡਾ. ਰਮਨਦੀਪ ਕੌਰ ਨੇ ਦੱਸਿਆ ਕਿ ਤੇਜ਼ ਸਿਰਦਰਦ, ਤੇਜ਼ ਬੁਖ਼ਾਰ, ਮਾਸਪੇਸ਼ੀਆਂ, ਜੋੜਾਂ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਡੇਂਗੂ ਬੁਖ਼ਾਰ ਦੇ ਆਮ ਲੱਛਣ ਹੋ ਸਕਦੇ ਹਨ। ਅਜਿਹੇ ਲੱਛਣ ਹੋਣ ਤੇ ਤੁਰੰਤ ਸਰਕਾਰੀ ਹਸਪਤਾਲ ਵਿਚ ਜਾ ਕੇ ਡਾਕਟਰ ਕੋਲੋਂ ਜਾਂਚ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖ਼ਾਰ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਬਿਲਕੁਲ ਮੁਫ਼ਤ ਹੁੰਦਾ ਹੈ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ, ਹਰਦੀਪ ਜਿੰਦਲ ਬਲਾਕ ਐਜੂਕੇਟਰ, ਐਸ ਆਈ ਰਾਮ ਲਾਲ ਸਿੰਘ, ਮ.ਪ.ਹ.ਵ. (ਮ) ਯਾਦਵਿੰਦਰ ਸਿੰਘ, ਮ.ਪ.ਹ.ਵ.(ਫੀ), ਅਮਨਦੀਪ ਸਿੰਘ, ਅਕਰਮ, ਬਲਜਿੰਦਰ ਸਿੰਘ, ਐਂਟੀ ਲਾਰਵਾ ਸਟਾਫ, ਆਸ਼ਾ,ਨਰਸਿੰਗ ਸਿੱਖਿਆਰਥਣਾ ਅਤੇ ਬਰੀਡ ਚੈੱਕਰ ਹਾਜ਼ਰ ਸਨ।

## ਜ਼ਿਲ੍ਹਾ ਪਰਿਵਾਦ ਅਤੇ ਦੁੱਖ ਨਿਵਾਰਣ ਕਮੇਟੀ ਦੀ ਮਹੀਨੇਵਾਰ ਮੀਟਿੰਗ ਵਿੱਚ 24 ਵਿੱਚੋਂ 14 ਸ਼ਿਕਾਇਤਾਂ ਦਾ ਮੌਕੇ 'ਤੇ ਕੀਤਾ ਸਮਾਧਾਨ

ਚੰਡੀਗੜ੍ਹ, 3 ਜਨਵਰੀ। ਹਰਿਆਣਾ ਦੇ ਖੇਡ, ਯੁਵਾ ਸਸ਼ਕਤੀਕਾਰਣ ਅਤੇ ਉਦਮੀਤਾ ਅਤੇ ਕਾਨੂੰਨ ਰਾਜਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਅਧਿਕਾਰੀਗਣ ਜਨਸਮੱਸਿਆਵਾਂ ਦੇ ਸਮਾਧਾਨ ਵਿੱਚ ਨਿਯਮਾਂ ਦੀ ਪਾਲਨਾ ਨਾਲ ਆਪਣੇ ਵਿਵੇਕ ਦਾ ਵੀ ਪ੍ਰਯੋਗ ਕਰਨ, ਤਾਂ ਜੋ ਸਮੇ ਸਿਰ ਅਤੇ ਪ੍ਰਭਾਵੀ ਸਮਾਧਾਨ ਯਕੀਨੀ ਕੀਤਾ ਜਾ ਸਕੇ। ਉਨ੍ਹਾਂ ਨੇ ਸਪਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਗਏ ਕਿ ਸ਼ਿਕਾਇਤਾਂ ਦੇ ਸਮਾਧਾਨ ਵਿੱਚ ਕਿਸੇ ਵੀ ਤਰਾਂ ਦੀ ਲਾਪਰਵਾਈ ਸਵੀਕਾਰ ਨਹੀਂ ਕੀਤੀ ਜਾਵੇਗੀ। ਇਹ ਗੱਲ ਉਨ੍ਹਾਂ ਨੇ ਅੱਜ ਸੋਨੀਪਤ ਦੇ ਲਘੂ ਸਕੱਤਰੇਤ ਵਿੱਚ ਆਯੋਜਿਤ ਜ਼ਿਲ੍ਹਾ ਪਰਿਵਾਦ ਅਤੇ ਦੁੱਖ ਨਿਵਾਰਣ ਕਮੇਟੀ ਦੀ ਮਹੀਨੇਵਾਰ ਮੀਟਿੰਗ ਦੀ ਅਗਵਾਈ ਕਰਦੇ ਹੋਏ ਕਹੀ। ਮੀਟਿੰਗ ਵਿੱਚ ਕੁੱਲ੍ਹ 24 ਸ਼ਿਕਾਇਤਾਂ ਦੀ ਸੁਣਵਾਈ ਕੀਤੀ ਗਈ ਜਿਨ੍ਹਾਂ ਵਿੱਚੋਂ 14 ਦਾ ਮੌਕੇ 'ਤੇ ਹੀ ਸਮਾਧਾਨ ਕੀਤਾ ਗਿਆ। ਇੱਕ ਸ਼ਿਕਾਇਤ ਨੂੰ ਦੋ ਮਹੀਨੇ ਬਾਅਦ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਪਿੰਡ ਨੂਰਨਖੇੜਾ ਦੇ ਵਸਨੀਕਾਂ ਵੱਲੋਂ ਸ਼ਰਾਬ ਦੇ ਠੇਕੇ ਨੂੰ ਹਟਾਉਣ ਦੀ ਮੰਗ 'ਤੇ ਤੁਰੰਤ ਐਕਸ਼ਨ ਲੈਂਦੇ ਹੋਏ ਖੇਡ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਤਿੰਨ ਦਿਨਾਂ ਅੰਦਰ ਸ਼ਰਾਬ ਦਾ ਠੇਕਾ ਪਿੰਡ ਤੋਂ ਹਟਾਇਆ ਜਾਵੇ। ਇਸ ਮੌਕੇ 'ਤੇ ਵਿਧਾਹਿਕ ਨਿਖਿਲ ਮਦਾਨ, ਜ਼ਿਲ੍ਹਾ ਪਰਿਸ਼ਦ ਚੇਅਰਪਰਸਨ ਮੋਨਿਕਾ ਦਹਿਯਾ, ਪੁਲਿਸ ਕਮੀਸ਼ਨਰ ਮਮਤਾ ਸਿੰਘ, ਡਿਪਟੀ ਕਮੀਸ਼ਨਰ ਸੁਸ਼ੀਲ ਸਾਰਵਾਨ, ਵਧੀਕ ਡਿਪਟੀ ਕਮੀਸ਼ਨਰ ਲੱਸ਼ਿਤ ਸਰੀਨ ਅਤੇ ਹੋਰ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ।

## ਸਿਹਤ ਵਿਭਾਗ ਵੱਲੋਂ ਵਿਸ਼ਵ ਹੈਪਾਟਾਈਟਸ ਦਿਵਸ ਮੌਕੇ ਜਾਗਰੂਕਤਾ ਪੋਸਟਰ ਰਿਲੀਜ਼ ਕੀਤੇ ਗਏ।

ਅੰਮ੍ਰਿਤਸਰ 3 ਜਨਵਰੀ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵੱਲੋਂ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਤੋਂ ਜਾਗਰੂਕਤਾ ਪੋਸਟਰ ਰਿਲੀਜ਼ ਕਰਕੇ ਵਿਸ਼ਵ ਹੈਪਾਟਾਈਟਸ ਦਿਵਸ ਮੌਕੇ ਆਮ ਜਨਤਾ ਨੂੰ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ। ਜਿਸ ਦੌਰਾਨ ਉਨਾਂ ਨੇ ਆਖਿਆ ਕਿ ਹੈਪਾਟਾਈਟਸ ਇਲਾਜ ਯੋਗ ਹੈ ਅਤੇ ਜੇਕਰ ਇਸਦਾ ਜਲਦੀ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਆਸਾਨੀ ਨਾਲ ਸੰਭਵ ਹੋ ਸਕਦਾ ਹੈ। ਉਹਨਾਂ ਆਖਿਆ ਕਿ ਹੈਪਾਟਾਈਟਸ ਦੀਆਂ ਪੰਜ ਕਿਸਮਾਂ ਹਨ, ਜਿਨਾਂ ਦਾ ਦਵਾਈਆਂ ਰਾਹੀਂ ਇਲਾਜ ਕੀਤਾ ਜਾ ਸਕਦਾ ਹੈ ਅਤੇ ਇਸਦੀ ਜਲਦ ਪਹਿਚਾਣ ਹੀ ਇਸਦੇ ਇਲਾਜ ਵਿੱਚ ਮਦਦਗਾਰ ਸਾਬਤ ਹੁੰਦੀ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਹੈਪਾਟਾਈਟਸ ਤੋਂ ਬਚਣ ਲਈ ਟੀਕੇ ਦੀਆਂ ਸੂਈਆਂ ਦੀ ਸਾਂਝੀ ਵਰਤੋਂ ਨਾ ਕੀਤੀ ਜਾਵੇ, ਬਲੇਡ ਤੇ ਰੇਜ਼ਰ ਦਾ ਸਾਂਝਾ ਇਸਤੇਮਾਲ ਨਾ ਕੀਤਾ ਜਾਵੇ, ਸਰੀਰ ਤੇ ਟੈਟੂ ਬਣਾਉਣ ਤੋਂ ਗੁਰੇਜ ਕੀਤਾ ਜਾਵੇ, ਟੂਥ ਬੁਰਸ਼ ਸਾਂਝੇ ਨਾ ਕੀਤੇ ਜਾਣ, ਸੁਰੱਖਿਅਤ ਸੰਭੋਗ ਲਈ ਕੋਂਡਮ ਦੀ ਵਰਤੋਂ ਕੀਤੀ ਜਾਵੇ, ਤਾਂ ਜੋ ਇਨਸਾਨੀ ਜ਼ਿੰਦਗੀਆਂ ਨੂੰ ਇਹਨਾਂ ਖਤਰਨਾਕ ਬਿਮਾਰੀਆਂ ਤੋਂ ਰੱਖੀਆ ਜਾ ਸਕੇ। ਇਸ ਮੌਕੇ ਤੇ ਜਿਲਾ ਐਪੀਡਮੋਨਲਜਿਸਟ (ਆਈਡੀਐਸਪੀ) ਡਾ ਨਵਦੀਪ ਕੌਰ ਨੇ ਦੱਸਿਆ ਵਿਸ਼ਵ ਹੈਪਾਟਾਈਟਸ ਦਿਵਸ ਪੂਰੇ ਜਿਲ੍ਹੇ ਭਰ ਵਿੱਚ ਮਨਾਇਆ ਜਾ ਰਿਹਾ ਹੈ ਅਤੇ ਜਿਲੇ ਭਰ ਵਿੱਚ ਪੋਸਟਰਾਂ, ਬੈਨਰਾਂ ਅਤੇ ਪੈਂਫਲੇਟ ਰਾਹੀਂ ਆਮ ਜਨਤਾ ਨੂੰ ਇਸ ਬਿਮਾਰੀ ਪ੍ਰਤੀ ਸੁਚੇਤ ਕੀਤਾ ਜਾ ਰਿਹਾ ਹੈ। ਇਸ ਅਵਸਰ ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਏ.ਐਮ.ਓ. ਬਲਜੀਤ ਸਿੰਘ, ਰੋਸ਼ਨ ਸਿੰਘ, ਪਰਮਜੀਤ ਸਿੰਘ, ਰਜਿੰਦਰ ਸਿੰਘ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਸਿੱਖਿਆ ਵਿਭਾਗ ਨੇ ਮੁਅੱਤਲ ਕਰ'ਤੇ ਪ੍ਰਿੰਸੀਪਲ ਸਣੇ 4 ਅਧਿਆਪਕ, ਜਾਣੋਂ ਕਿਉਂ ਹੋਈ ਕਾਰਵਾਈ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 3 ਜਨਵਰੀ। ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਨੂੰ ਵਾਪਰੇ ਸਕੂਲ ਹਾਦਸੇ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਕੂਲ ਦੀ ਕੰਧ ਅਤੇ ਛੱਤ ਡਿੱਗਣ ਕਾਰਨ 7 ਮਾਸੂਮ ਬੱਚਿਆਂ ਦੀ ਜਾਨ ਚਲੀ ਗਈ ਜਦੋਂ ਕਿ 27 ਵਿਦਿਆਰਥੀ ਜ਼ਖਮੀ ਹੋ ਗਏ। ਇਹ ਹਾਦਸਾ ਝਾਲਾਵਾੜ ਦੇ ਪਿਪਲੋਡੀ ਪਿੰਡ ਦੇ ਇੱਕ ਸਰਕਾਰੀ ਸਕੂਲ ਵਿੱਚ ਵਾਪਰਿਆ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਸਕੂਲ ਦੀ ਖਸਤਾ ਹਾਲਤ ਬਾਰੇ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਪਰ ਸਕੂਲ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਦੋਵਾਂ ਨੇ ਅੱਖਾਂ ਮੀਟ ਲਈਆਂ। ਹਾਦਸੇ ਤੋਂ ਬਾਅਦ, ਸਿੱਖਿਆ ਵਿਭਾਗ ਨੇ ਤੁਰੰਤ ਕਾਰਵਾਈ ਕਰਦਿਆਂ ਸਕੂਲ ਦੀ ਮਹਿਲਾ ਪ੍ਰਿੰਸੀਪਲ, ਤਿੰਨ ਅਧਿਆਪਕਾਂ ਅਤੇ ਇੱਕ ਪ੍ਰਬੰਧਕ ਨੂੰ ਮੁਅੱਤਲ ਕਰ ਦਿੱਤਾ। ਹਾਲਾਂਕਿ, ਸਵਾਲ ਇਹ ਉੱਠਦਾ ਹੈ ਕਿ ਜੇਕਰ ਪਹਿਲਾਂ ਨੋਟਿਸ ਲਿਆ ਜਾਂਦਾ, ਤਾਂ ਕੀ ਇਨ੍ਹਾਂ ਮਾਸੂਮ ਜਾਨਾਂ ਬਚਾਈਆਂ ਜਾ ਸਕਦੀਆਂ ਸਨ? ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਸਕੂਲ ਦੀ ਕੰਧ



ਤੋਂ ਪੱਥਰ ਡਿੱਗਣ ਦੀਆਂ ਘਟਨਾਵਾਂ ਪਹਿਲਾਂ ਵੀ ਵਾਪਰੀਆਂ ਹਨ, ਜਿਨ੍ਹਾਂ ਦੀਆਂ ਸ਼ਿਕਾਇਤਾਂ ਸਰਪੰਚ ਅਤੇ ਅਧਿਕਾਰੀਆਂ ਨੂੰ ਦਿੱਤੀਆਂ ਗਈਆਂ ਸਨ। ਇਸ ਦੇ ਬਾਵਜੂਦ, ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਸਾਲ 2023 ਵਿੱਚ, ਇਸ ਸਕੂਲ ਨੂੰ ਡਾਂਗ ਏਰੀਆ ਵਿਕਾਸ ਯੋਜਨਾ ਤਹਿਤ ਮੁਰੰਮਤ ਲਈ 1.80 ਲੱਖ ਰੁਪਏ ਮਿਲੇ ਸਨ, ਪਰ ਅਜਿਹਾ ਲਗਦਾ ਹੈ ਕਿ ਪੈਸੇ ਕਿਤੇ ਵੀ ਵਰਤੇ ਨਹੀਂ ਗਏ ਸਨ। ਇੱਕ ਵਿਦਿਆਰਥੀ ਨੇ ਦੱਸਿਆ ਕਿ ਹਾਦਸੇ ਤੋਂ ਠੀਕ ਪਹਿਲਾਂ, ਬੱਚਿਆਂ ਨੇ ਅਧਿਆਪਕ ਨੂੰ ਦੱਸਿਆ ਸੀ ਕਿ ਛੱਤ ਤੋਂ ਕੰਕਰ ਡਿੱਗ ਰਹੇ ਹਨ, ਪਰ ਇਸ ਵੱਲ ਦੇਖਣ ਦੀ ਬਜਾਏ, ਅਧਿਆਪਕ ਨੇ ਉਨ੍ਹਾਂ ਨੂੰ ਝਿੜਕਿਆ ਅਤੇ ਅੰਦਰ ਭੇਜ ਦਿੱਤਾ। ਕੁਝ ਮਿੰਟਾਂ ਵਿੱਚ ਹੀ ਛੱਤ ਡਿੱਗ ਗਈ ਅਤੇ ਪੂਰਾ ਸਕੂਲ ਕੈਂਪਸ ਸੋਗ ਵਿੱਚ ਬਦਲ ਗਿਆ। ਹੁਣ ਸਿੱਖਿਆ ਵਿਭਾਗ ਨੇ ਜਾਂਚ ਦਾ ਐਲਾਨ ਕੀਤਾ ਹੈ, ਪਰ ਲੋਕ ਪੁੱਛ ਰਹੇ ਹਨ - ਕੀ ਇਹ ਜਾਂਚ ਉਨ੍ਹਾਂ 7 ਮਾਸੂਮ ਬੱਚਿਆਂ ਦੀਆਂ ਜਾਨਾਂ ਵਾਪਸ ਲਿਆ ਸਕੇਗੀ?

## ਪੰਚਾਇਤ ਵਿਭਾਗ ਨੇ ਕੜਿਆਲ ਪਿੰਡ ਦੀ 25 ਏਕੜ ਜ਼ਮੀਨ ਤੋਂ ਛੁਡਵਾਏ ਨਾਜਾਇਜ਼ ਕਬਜ਼ੇ

ਅੰਮ੍ਰਿਤਸਰ, 3 ਜਨਵਰੀ। ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੱਜ ਜਿਲ੍ਹੇ ਦੇ ਪਿੰਡ ਕੜਿਆਲ ਵਿੱਚ 25 ਏਕੜ ਜਮੀਨ ਨਾਜਾਇਜ਼ ਕਾਬਜ਼ਕਾਰਾਂ ਦੇ ਕਬਜ਼ੇ ਵਿੱਚੋਂ ਛੁਡਾ ਕੇ ਪੰਚਾਇਤ ਨੂੰ ਸੌਂਪ ਦਿੱਤੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬੀਡੀਪੀਓ ਹਰਸ਼ਾ ਛੀਨਾ ਪ੍ਰਗਟ ਸਿੰਘ ਨੇ ਦੱਸਿਆ ਕਿ ਉਕਤ ਜਮੀਨ ਉੱਤੇ ਵੱਖ ਵੱਖ ਲੋਕਾਂ ਨੇ ਨਾਜਾਇਜ਼ ਕਬਜ਼ੇ ਬੀਤੇ ਲੰਮੇ ਸਮੇਂ ਤੋਂ ਕੀਤੇ ਸਨ ਅਤੇ ਇਸ ਸਬੰਧੀ ਡੀਡੀਪੀਓ ਦੀ ਅਦਾਲਤ ਨੇ ਧਾਰਾ ਸੱਤ ਅਧੀਨ ਫੈਸਲਾ ਪੰਚਾਇਤ ਦੇ ਹੱਕ ਵਿੱਚ ਕਰ ਦਿੱਤਾ ਸੀ। ਉਹਨਾਂ ਦੱਸਿਆ ਕਿ ਅੱਜ ਕਾਨੂੰਨੀ ਤੌਰ ਉੱਤੇ ਦਖਲ ਵਰੰਟ ਲੈ ਕੇ ਮਹਿਕਮਾ ਮਾਲ ਅਤੇ ਪੁਲਿਸ ਦੀ ਸਹਾਇਤਾ ਨਾਲ ਸ਼ਾਂਤਮਈ ਤਰੀਕੇ ਨਾਲ ਇਹ ਜਮੀਨ ਨਾਜਾਇਜ਼ ਕਬਜ਼ੇ ਵਿੱਚੋਂ ਛਡਾ ਕੇ ਪੰਚਾਇਤ ਦੇ ਹਵਾਲੇ ਕਰ ਦਿੱਤੀ ਗਈ। ਉਹਨਾਂ ਦੱਸਿਆ ਕਿ ਅੱਜ ਇਸ ਮੌਕੇ ਡਿਊਟੀ ਮਜਿਸਟਰੇਟ ਤਹਿਸੀਲਦਾਰ ਅਜਨਾਲਾ ਗੁਰਮੁਖ ਸਿੰਘ ਦੀ ਅਗਵਾਈ ਹੇਠ ਟੀਮ ਨੇ ਥਾਣਾ ਮੁਖੀ ਭਿੰਡੀ ਸੈਦਾਂ ਸਤਨਾਮ ਸਿੰਘ, ਕਾਨੂੰਗੋ ਹਰਵਿੰਦਰ ਕੁਮਾਰ, ਪੰਚਾਇਤ ਅਫਸਰ ਕੁਲਵਿੰਦਰ ਸਿੰਘ, ਸੰਮਤੀ ਪਟਵਾਰੀ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਸਾਰੇ ਕਬਜ਼ਕਾਰਾਂ ਕੋਲੋਂ ਜ਼ਮੀਨ ਖਾਲੀ ਕਰਵਾਈ ਅਤੇ ਪੰਚਾਇਤ ਦੇ ਸਪੁਰਦ ਕਰ ਦਿੱਤੀ ਹੈ।

## ਗਰਮ ਰੁੱਤ ਮੂੰਗੀ, ਮਾਂਹ, ਮੋਠਾ ਦੀ ਬੀਜਾਈ ਦਾ ਢੁਕਵਾਂ ਸਮਾਂ-ਬਰਾੜ

ਲੁਧਿਆਣਾ 3 ਜਨਵਰੀ। ਪੰਜਾਬ ਵਿੱਚ 2023-24 ਵਰ੍ਹੇ ਦੌਰਾਨ ਮੂੰਗੀ ਦੀ ਕਾਸ਼ਤ 3.8 ਹਜ਼ਾਰ ਹੈਕਟੇਅਰ ਰਕਬੇ ਵਿੱਚ ਕੀਤੀ ਗਈ ਇਸ ਦੀ ਕੁੱਲ ਉਪਜ 30 ਹਜ਼ਾਰ ਟਨ ਹੋਈ ਇਸਦਾ ਔਸਤਨ ਝਾੜ 7.80 ਕੁਇੰਟਲ ਪ੍ਰਤੀ ਏਕੜ ਰਿਹਾ । ਇਸ ਫਸਲ ਲਈ ਗਰਮ ਜਲਵਾਯੂ ਦੀ ਲੋੜ ਹੁੰਦੀ ਹੈ। ਮੂੰਗੀ ਦੀ ਬੀਜਾਈ ਲਈ ਚੰਗੇ ਜਲ ਨਿਕਾਸ ਵਾਲੀ ਭਲ ਤੋਂ ਰੇਤਲੀ ਭਾਲ ਵਾਲੀ ਜ਼ਮੀਨ ਚੰਗੀ ਹੁੰਦੀ ਹੈ ਕਲਰਾਠੀ ਜਾਂ ਸੇਮ ਵਾਲੀ ਜ਼ਮੀਨ ਮੂੰਗੀ ਲਈ ਢੁੱਕਵੀਂ ਨਹੀਂ ਹੁੰਦੀ ਹੈ। ਇਹ ਪ੍ਰਗਟਾਵਾ ਫਿਰੋਜ਼ਪੁਰ ਰੋਡ ਸਥਿਤ ਬਰਾੜ ਐਗਰੀਕਲਚਰ ਫਾਰਮ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਕੀਤਾ। ਉਨ੍ਹਾਂ ਦੱਸਿਆ ਕਿ ਐਮ.ਐਲ. 2056 ਮੂੰਗੀ ਦੀ ਫਸਲ ਵਧੇਰੇ ਲਾਹੇਵੰਦ ਹੈ, ਇਸ ਕਿਸਮ ਦੇ ਬੂਟੇ ਸਿੱਧੇ ਤੇ ਦਰਮਿਆਨੀ ਉੱਚਾਈ 78 ਸੈਂ. ਮੀ ਦੇ ਹੁੰਦੇ ਹਨ। ਇਸ ਕਿਸਮ ਦਾ ਝਾੜ 5 ਕੁਇੰਟਲ ਤੋਂ ਲੈਂ ਕੇ 8 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ। ਇਸਦਾ ਬੀਜ 8 ਕਿਲੋ ਪ੍ਰਤੀ ਏਕੜ ਵਿੱਚ ਪਾਉਣਾ ਚਾਹੀਦਾ ਹੈ। ਮੂੰਗੀ ਦੀ ਕਾਸ਼ਤ ਕਰਨ ਤੋਂ ਪਹਿਲਾਂ ਖੇਤ ਨੂੰ ਪੱਧਰਾ ਤੇ ਘਾਹ ਫੂਸ ਤੋਂ ਰਹਿਤ ਹੋਣਾ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਇਸ ਮੌਸਮ ਵਿੱਚ ਮਾਂਹ ਦੀ ਫਸਲ ਵੀ ਲਗਭਗ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਹੋ ਸਕਦੀ ਹੈ। ਉਨ੍ਹਾਂ ਦੱਸਿਆ ਮਾਂਹ ਟੀ- 9 ਕਿਸਮ ਦਾ ਬੀਜ ਵਧੇਰੇ ਲਾਹੇਵੰਦ ਹੈ। ਉਹਨਾਂ ਦੱਸਿਆ ਕਿ ਮੋਠਾਂ ਦੀ ਫਸਲ ਦੀ ਬੀਜਾਈ ਵੀ ਮੂੰਗੀ ਦੀ ਤਰ੍ਹਾਂ ਹੀ ਕੀਤੀ ਜਾ ਸਕਦੀ ਹੈ ਅਤੇ ਇਸ ਦਾ ਬੀਜ ਇੱਕ ਏਕੜ ਵਿੱਚ ਅੱਠ ਕਿੱਲੋ ਪਾਉਣਾ ਚਾਹੀਦਾ ਹੈ ਇਹਨਾਂ ਕਿਸਮਾਂ ਦੀ ਬੀਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ। ਇਹਨਾਂ ਫਸਲਾਂ ਦੀ ਕਾਸ਼ਤ ਕਰਨ ਨਾਲ ਜਮੀਨ ਦੀ ਉਪਜਾਊ ਸ਼ਕਤੀ ਵੱਧਦੀ ਹੈ । ਇਹਨਾਂ ਕਿਸਮਾਂ ਦੀ ਬੀਜਾਈ 15 ਅਗਸਤ ਤੱਕ ਕੀਤੀ ਜਾ ਸਕਦੀ ਹੈ।

# ਹਰਿਆਣਾ ਦੇ ਅਧਿਆਤਮ ਸੈਰ-ਸਪਾਟੇ ਨੂੰ ਰ.ਫਤਾਰ ਦੇਣਗੇ ਸਿੱਖ ਅਜਾਇਬਘਰ ਅਤੇ ਗੁਰੂ ਰਵਿਦਾਸ ਅਜਾਇਬਘਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 3 ਜਨਵਰੀ। ਦੁਨਿਆ ਦੇ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਣ ਵਾਲੇ ਕੁਰੂਕਸ਼ੇਤਰ ਵਿੱਚ ਸੈਰ-ਸਪਾਟੇ ਦੇ ਨਜਰਇਏ ਨਾਲ ਹਰਿਆਣਾ ਦੇ ਅਧਿਆਤਮ ਸੈਰ-ਸਪਾਟੇ ਨੂੰ ਰਫ਼ਤਾਰ ਮਿਲੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਦੇ ਉਮਰੀ ਵਿੱਚ 5 ਏਕੜ ਵਿੱਚ ਸਥਾਪਿਤ ਹੋਣ ਵਾਲੇ ਗੁਰੂ ਰਵਿਦਾਸ ਭਵਨ ਅਤੇ ਅਜਾਇਬਘਰ ਅਤੇ 3 ਏਕੜ ਵਿੱਚ ਸਥਾਪਿਤ ਹੋਣ ਵਾਲੇ ਸਿੱਖ ਅਜਾਇਬਘਰ ਲਈ ਉੱਚ ਪੱਧਰ 'ਤੇ ਨਿਗਰਾਨੀ ਕਮੇਟੀ ਦੇ ਗਠਨ ਨੂੰ ਮੰਜ਼ੂਰੀ ਪ੍ਰਦਾਨ ਕੀਤੀ ਹੈ। ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਦੱਸਿਆ ਕਿ ਕੁਰੂਕਸ਼ੇਤਰ ਦੇ ਉਮੀਰ ਵਿੱਚ ਪੁਰਾਤੱਤ ਅਤੇ ਅਜਾਇਬਘਰ ਵਿਭਾਗ ਅਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਸਾਂਝੇ ਸਹਿਯੋਗ ਹੇਠ ਕੁਰੂਕਸ਼ੇਤਰ ਵਿੱਚ ਗੁਰੂ ਰਵਿਦਾਸ ਭਵਨ ਅਤੇ ਅਜਾਇਬਘਰ ਅਤੇ ਸਿੱਖ ਅਜਾਇਬਘਰ ਲਈ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਦੋਹਾਂ ਅਜਾਇਬਘਰਾਂ ਨੂੰ ਸ਼ਾਨਦਾਰ ਢੰਗ ਨਾਲ ਸਥਾਪਿਤ ਕਰਨ ਅਤੇ ਗਲੋਬਲ ਪਛਾਣ ਦਾ ਕੇਂਦਰ ਬਨਾਉਣ ਦੇ ਟੀਚੇ ਨਾਲ ਗਠਿਤ ਕਮੇਟੀ ਦੀ ਪ੍ਰਧਾਨਗੀ ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਪ੍ਰਧਾਨ ਸਕੱਤਰ ਵੱਲੋਂ ਕੀਤੀ ਜਾਵੇਗੀ ਜਦੋਂਕਿ ਕਮੇਟੀ ਵਿੱਚ ਪੁਰਾਤੱਤ ਅਤੇ ਅਜਾਇਬਘਰ ਵਿਭਾਗ ਦੇ ਨਿਦੇਸ਼ਕ, ਡਿਪਟੀ ਕਮੀਸ਼ਨਰ ਕੁਰੂਥਸ਼ੇਤਰ, ਮੁੱਖ ਮੰਤਰੀ ਹਰਿਆਣਾ ਦੇ ਵਿਸ਼ੇਸ਼ ਕਾਰਜ ਅਧਿਕਾਰੀ ਪ੍ਰਭਲੀਨ, ਪੁਰਾਤੱਤ ਅਤੇ ਅਜਾਇਬਘਰ ਵਿਭਾਗ ਦੀ ਉਪਨਿਦੇਸ਼ਕ ਬਨਾਨੀ ਭੱਟਾਚਾਰੀਆ, ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਅੰਬਾਲਾ ਦੇ ਕਾਰਜਕਾਰੀ ਇੰਜੀਨਿਅਰ, ਵਿਸ਼ਾ ਮਾਹਿਰ, ਡਾਇਰੈਕਟਰ ਜਨਰਲ, ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਪ੍ਰਤੀਨਿਧੀ ਨੂੰ ਸ਼ਾਮਲ ਕੀਤਾ ਗਿਆ ਹੈ। ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕੁਰੂਕਸ਼ੇਤਰ ਵਿੱਚ ਗੁਰੂ ਰਵਿਦਾਸ ਦੀ ਸਮਾਵੇਸ਼ੀ ਅਤੇ ਸਮਤਾਵਾਦੀ ਸ਼ਿਖਿਆਵਾਂ 'ਤੇ ਅਧਾਰਿਤ ਦੇਸ਼ ਦਾ ਪਹਿਲਾ ਇਮਰਸਿਵ ਸੈਰ-ਸਪਾਟਾ ਅਤੇ ਅਧਿਆਤਮਿਕ ਸਥਲ ਬਣਾਇਆ ਜਾਵੇਗਾ। ਇਹ ਸਥਲ ਸਮਾਜਿਕ ਸਦਭਾਵ, ਚਿੰਤਨ,ਸਿੱਖਿਆ ਅਤੇ ਬਦਲਾਓ ਦਾ ਪ੍ਰਤੀਕ ਹੋਵੇਗਾ, ਜਿੱਥੇ ਦੁਨਿਆ ਭਰ ਤੋਂ ਤੀਰਥ ਯਾਤਰੀਆਂ, ਸੈਰ-ਸਪਾਟੇ ਦਾ ਆਗਮਨ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਅਜਾਇਬਘਰ ਵਿੱਚ ਗੁਰੂ ਰਵਿਦਾਸ ਦੀ ਸ਼ਾਨਦਾਰ ਮੂਰਤੀ ਸਥਾਪਿਤ ਹੋਵੇਗੀ ਜਿਸ ਦੇ ਚਾਰੇ ਪਾਸੇ ਪ੍ਰਵਚਨ, ਪ੍ਰਦਰਸ਼ਨੀ ਅਤੇ ਸਾਮੁਦਾਇਕ ਪ੍ਰੋਗਰਾਮਾਂ ਲਈ ਓਪਨ-ਏਅਰ ਥਇਏਟਰ ਬਣਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਬੇਗਮਪੁਰਾ ਦੇ ਆਦਰਸ਼ਵਾਦੀ ਦ੍ਰਿਸ਼ਟਕੋਣ ਨੂੰ ਦੁਬਾਰਾ ਜਿੰਦਾ ਕਰਦੇ ਹੋਏ ਇੱਕ ਦੁੱਖ ਮੁਕਤ ਸ਼ਹਿਰ ਦੀ ਪ੍ਰਸਤਾਵਨਾ ਤਿਆਰ ਕੀਤੀ ਗਈ ਹੈ। ਆਗੰਤੁਕਾਂ ਲਈ ਪ੍ਰੇਮ ਅਤੇ ਸ਼ਾਂਤੀ ਦੀ ਸਿੱਖਿਆ 'ਤੇ ਧਿਆਨ ਅਤੇ ਚਿੰਤਨ ਕਰਨ ਲਈ ਇੱਕ ਸ਼ਾਂਤ ਧਿਆਨ ਕੇਂਦਰ, ਗੁਰੂ ਰਵਿਦਾਸ ਲਾਇਬ੍ਰੇਰੀ ਅਤੇ ਸੋਧ ਕੇਂਦਰ, ਗੁਰਬਾਣੀ ਖੋਲ ਹਾਲ, ਅਜਾਇਬਘਰ ਅਤੇ ਡਿਜਿਟਲ ਗੈਲਰੀ ਦਾ ਨਿਰਮਾਣ ਕੀਤਾ ਜਾਵੇਗਾ। ਕੈਬੀਨੇਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਇਸੇ ਤਰ੍ਹਾਂ ਸਿੱਖ ਅਜਾਇਬਘਰ ਦਾ ਵਿਕਾਸ, ਜੋ ਸਿੱਖ ਗੁਰੂਆਂ ਦੇ ਦ੍ਰਿਸ਼ਟੀਕੋਣ, ਸਿੱਖਿਆਵਾਂ ਅਤੇ ਯੋਗਦਾਨ ਨੂੰ ਪ੍ਰਤੀਬਿੰਬਿਤ ਕਰੇਗਾ। ਇਹ ਅਜਾਇਬਘਰ ਸਿੱਖ ਵਿਰਾਸਤ ਦਾ ਜਸ਼ਨ ਮਨਾਉਣ, ਸਿੱਖਿਆ, ਸੋਧ ਅਤੇ ਸੈਰ-ਸਪਾਟੇ ਨੂੰ ਵਧਾਵਾ ਦੇਣ ਵਾਲਾ ਇੱਕ ਕੌਮੀ ਅਤੇ ਕੌਮਾਂਤਰੀ ਸਭਿਆਚਾਰ ਸਥਲ ਹੋਵੇਗਾ। ਇਸ ਵਿੱਚ ਗੁਰੂ ਨਾਨਕ ਦੇਵ ਤੋਂ ਲੈਅ ਕੇ ਗੁਰੂ ਗੋਬਿੰਦ ਸਿੰਘ ਅਤੇ ਉਸ ਤੋਂ ਬਾਅਦ ਦੇ ਸਮੇ ਦੀ ਪ੍ਰਮਾਣਿਕ ਅਤੇ ਇਤਿਹਾਸਕ ਜਾਣਕਾਰੀ ਦਾ ਸਾਵਧਾਨੀ ਦਸਤਾਵੇਜ ਅਤੇ ਪ੍ਰਸਤੂਤੀਕਰਨ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਇਤਿਹਾਸਕ ਕਥਾਵਾਂ ਨੂੰ ਪ੍ਰਭਾਵੀ ਢੰਗ ਨਾਲ ਸੈਰ-ਸਪਾਟੇ ਅਤੇ ਸ਼ਰਧਾਲੂਆਂ ਨੂੰ ਮਹਿਸੂਸ ਕਰਾਉਣ ਲਈ ਪਾਰੰਪਰਿਕ ਅਤੇ ਸਮਕਾਲੀਨ ਮੀਡੀਅਮ ਜਿਵੇ ਭਿਤਿ ਚਿੱਤਰ, ਡਾਯੋਰਮਾ, ਡਿਜਿਟਲ ਕਲਾ, ਹੋਲੋਗ੍ਰਾਫੀ, ਲੇਜ਼ਰ ਸ਼ੋ ਅਤੇ ਇੰਟਰੈਕਟਿਵ ਇੰਸਟਾਲੇਸ਼ਨ ਨੂੰ ਵਾਧਾ ਦਿੱਤਾ ਜਾਵੇਗਾ।

# ਪਤਨੀ ਨਾਲ ਸਬੰਧਾਂ ਦੇ ਸ਼ੱਕ 'ਚ ਵੱਡੀ ਵਾਰਦਾਤ ! ਝਗੜਾ ਛੁਡਵਾਉਣ ਵਾਲੇ ਦਾ ਹੀ ਕਰ'ਤਾ ਕਤਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 3 ਜਨਵਰੀ। ਅੰਮ੍ਰਿਤਸਰ ਦੇ ਇਸਲਾਮਾਬਾਦ ਇਲਾਕੇ 'ਚ ਇੱਕ ਕਤਲ ਦੀ ਵੱਡੀ ਘਟਨਾ ਸਾਹਮਣੇ ਆਈ ਹੈ। ਪੁਲਸ ਨੂੰ ਮਿਲੀ ਜਾਣਕਾਰੀ ਮੁਤਾਬਕ, ਰਾਤ ਦੇ ਸਮੇਂ ਕ੍ਰਿਸ਼ਨ ਨਾਂ ਦੇ ਇਕ ਨੌਜਵਾਨ ਦੀ ਦਾਤਰ ਨਾਲ ਹੱਤਿਆ ਕਰ ਦਿੱਤੀ ਗਈ। ਜਿਵੇਂ ਹੀ ਪੁਲਸ ਨੂੰ ਜਾਣਕਾਰੀ ਮਿਲੀ, ਏਡੀਸੀਪੀ ਵਿਸ਼ਲਜੀਤ ਸਿੰਘ, ਏਸੀਪੀ ਜਸਪਾਲ ਸਿੰਘ ਅਤੇ ਐੱਸਐੱਚਓ ਸਮੇਤ ਸਾਰੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ। ਇਸ ਦੇ ਅੱਗੇ ਜਾਣਕਾਰੀ ਦਿੰਦੇ ਹੋਏ ਡੀਸੀਪੀ ਜੇਐੱਸ ਵਾਲੀਆ ਨੇ ਦੱਸਿਆ ਮ੍ਰਿਤਕ ਦੀ ਪਹਿਚਾਣ ਕ੍ਰਿਸ਼ਨ ਵਜੋਂ ਹੋਈ ਹੈ, ਜੋ ਕਿ ਕਰਿਆਨੇ ਦੀ ਦੁਕਾਨ ਚਲਾਉਂਦਾ ਸੀ। ਘਟਨਾ ਵਾਲੇ ਦਿਨ ਸ਼ਾਮ ਨੂੰ ਇਲਾਕੇ 'ਚ ਇੱਕ ਝਗੜਾ ਹੋਇਆ ਸੀ, ਜਿਸ ਨੂੰ ਕ੍ਰਿਸ਼ਨ ਨੇ ਹੀ ਛੁਡਵਾਇਆ ਸੀ ਅਤੇ ਦੋਵਾਂ ਧਿਰਾਂ ਵਿਚ ਰਾਜੀਨਾਮਾ ਕਰਾਇਆ ਸੀ। ਪਰ ਰਾਤ ਨੂੰ ਇਹੀ ਗੱਲ ਵਾਪਸ ਚਰਚਾ ਦਾ ਵਿਸ਼ਾ ਬਣੀ ਅਤੇ ਮੁੱਖ ਦੋਸ਼ੀ ਮੰਨਾ, ਜਿਸਦਾ ਘਰ ਕ੍ਰਿਸ਼ਨ ਦੀ ਦੁਕਾਨ ਦੇ ਸਾਹਮਣੇ ਹੈ, ਨੇ ਗੁੱਸੇ ਵਿਚ ਆ ਕੇ ਉਸ 'ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਕਤਲ ਦੀ ਵਜ?ਹਾ ਮੰਨੇ ਦੇ ਮਨ ਵਿਚ ਪੈਦਾ ਹੋਇਆ ਸ਼ੱਕ ਸੀ। ਉਸਨੂੰ ਲਗਦਾ ਸੀ ਕਿ ਕ੍ਰਿਸ਼ਨ ਦੀ ਦੁਕਾਨ ਤੇ ਬੈਠਣ ਵਾਲੇ ਕੁਝ ਲੋਕ ਉਸ ਦੀ ਪਤਨੀ 'ਤੇ ਮਾੜੀ ਨਿਗਾਹ ਰੱਖਦੇ ਹਨ। ਮੰਨੇ ਨੇ ਪੁਲਸ ਨੂੰ ਦੱਸਿਆ ਕਿ ਇਲਾਕੇ ਦੇ ਕੁਝ ਨੌਜਵਾਨ ਕ੍ਰਿਸ਼ਨ ਦੀ ਦੁਕਾਨ 'ਤੇ ਬੈਠਦੇ ਸਨ ਅਤੇ ਉਹਨੂੰ ਸ਼ੱਕ ਸੀ ਕਿ ਇਨ੍ਹਾਂ ਦਾ ਉਸਦੀ ਪਤਨੀ ਨਾਲ ਕੋਈ ਗਲਤ ਰਿਸ਼ਤਾ ਹੋ ਸਕਦਾ ਹੈ। ਇਹੀ ਗੱਲ ਸ਼ੱਕ ਦੀ ਜੜ੍ਹ ਬਣੀ ਅਤੇ ਆਖਰਕਾਰ ਕਤਲ ਦੀ



ਵਾਰਦਾਤ ਵਾਪਰ ਗਈ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੁੱਖ ਦੋਸ਼ੀ ਮੰਨਾ ਨੂੰ ਗ੍ਰਿਫਤਾਰ ਕਰ ਲਿਆ। ਉਸਦੇ ਨਾਲ ਕ੍ਰਿਸ਼ ਨਾਮਕ ਇਕ ਹੋਰ ਨੌਜਵਾਨ ਨੂੰ ਵੀ ਫੜਿਆ ਗਿਆ, ਜੋ ਕਿ 18 ਸਾਲਾਂ ਦਾ ਹੈ ਇਨ੍ਹਾਂ ਦੋਸ਼ੀਆਂ ਤੋਂ ਪੁੱਛਗਿੱਛ ਜਾਰੀ ਹੈ। ਉਥੇ ਹੀ ਹੋਰ ਦੋਸ਼ੀਆਂ—ਜਿਵੇਂ ਕਿ ਡੀਪੂ, ਜਸਵਾਲ ਅਤੇ ਟਿੱਕੀ—ਦੇ ਨਾਮ ਵੀ ਪਰਚੇ ਵਿੱਚ ਦਰਜ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਵੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸਿੱਟੀ ਪੁਲਸ ਕਮਿਸ਼ਨਰ ਨੇ ਖਾਸ ਟੀਮਾਂ ਬਣਾਈਆਂ ਹਨ। ਮੌਕੇ ਦੀ ਜਾਂਚ, ਗਵਾਹਾਂ ਦੇ ਬਿਆਨ ਅਤੇ ਸੀਸੀਟਿਵੀ ਫੁਟੇਜ ਦੇ ਆਧਾਰ 'ਤੇ ਪੂਰਾ ਕੱਸ ਬਣਾਇਆ ਜਾ ਰਿਹਾ ਹੈ। ਪੁਲਸ ਨੇ ਦਾਅਵਾ ਕੀਤਾ ਹੈ ਕਿ ਬਾਕੀ ਦੋਸ਼ੀ ਵੀ ਜਲਦੀ ਗ੍ਰਿਫਤਾਰ ਕਰ ਲਏ ਜਾਣਗੇ। ਇਸ ਘਟਨਾ ਨੇ ਇਲਾਕੇ ਵਿੱਚ ਖੌਫ ਦਾ ਮਾਹੌਲ ਬਣਾਇਆ ਹੈ। ਲੋਕ ਪੁਲਸ ਵਲੋਂ ਕੀਤੀ ਕਾਰਵਾਈ ਨੂੰ ਸਹੀ ਦਿਸ਼ਾ ਵਿੱਚ ਕਦਮ ਮੰਨ ਰਹੇ ਹਨ। ਅਗਲੇ ਕੁਝ ਦਿਨਾਂ 'ਚ ਪੂਰੀ ਤਫਤੀਸ਼ ਦੀ ਰਿਪੋਰਟ ਵੀ ਸਾਹਮਣੇ ਆਉਣ ਦੀ ਸੰਭਾਵਨਾ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਤਲੁਜ ਦਰਿਆ ’ਚ ਆਰਜ਼ੀ ਰਸਤਾ ਬਣਾਉਣ ’ਤੇ ਜ਼ਮੀਨ ਮਾਲਕਾਂ ਖ਼ਿਲਾ.ਫ ਪਰਚਾ ਦਰਜ

**ਕੌਮੀ ਪਤ੍ਰਿਕਾ**

ਨੂਰਪੁਰਬੇਦੀ 3 ਜਨਵਰੀ। ਗੈਰ-ਕਾਨੂੰਨੀ ਮਾਈਨਿੰਗ ਖ਼?ਲਾਫ਼ ਪ੍ਰਸ਼ਾਸਨ ਵੱਲੋਂ ਆਰੰਭ ਕੀਤੀ ਗਈ ਕਾਰਵਾਈ ਨੂੰ ਦੇਰ ਸ਼ਾਮ ਉਸ ਸਮੇਂ ਕਾਮਯਾਬੀ ਮਿਲੀ, ਜਦੋਂ ਮਾਈਨਿੰਗ ਵਿਭਾਗ ਦੀ ਸ਼ਿਕਾਇਤ ਦੇ ਆਧਾਰ ’ਤੇ ਪੁਲਸ ਨੇ ਸਤਲੁਜ ਦਰਿਆ ’ਚ ਬਣਾਏ ਗਏ ਆਰਜ਼ੀ ਰਸਤੇ ਨੂੰ ਲੈ ਕੇ ਜ਼ਮੀਨ ਮਾਲਕਾਂ ਖ਼?ਲਾਫ਼ ਆਖ਼?ਰਕਾਰ ਮਾਮਲਾ ਦਰਜ ਕਰ ਲਿਆ। ਉਕਤ ਕਾਰਵਾਈ ਨੂੰ ਇਲਾਕੇ ’ਚ ਮਾਈਨਿੰਗ ਮਾਫ਼ੀਆ ਦੀਆਂ ਗਤੀਵਿਧੀਆਂ ਖ਼?ਲਾਫ਼ ਸਖ਼ਤ ਸੁਨੇਹਾ ਮੰਨਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਬਲਾਕ ਨੂਰਪੁਰਬੇਦੀ ਦੇ ਪਿੰਡਾਂ ਗੋਬਿੰਦਪੁਰ ਬੇਲਾ ਅਤੇ ਅਮਰਪੁਰ ਬੇਲਾ ਦੇ ਵਸਨੀਕਾਂ ਵੱਲੋਂ ਉਨ੍ਹਾਂ ਦੀਆਂ ਜ਼ਮੀਨਾਂ ਦੇ ਨਾਲ ਲੱਗਦੇ ਸ੍ਰੀ ਅਨੰਦਪੁਰ ਸਾਹਿਬ ਖੇਤਰ ’ਚ ਹੋ ਰਹੀ ਗੈਰ-ਕਾਨੂੰਨੀ ਮਾਈਨਿੰਗ ਖ਼?ਲਾਫ਼ ਜ਼ੋਰਦਾਰ ਆਵਾਜ਼ ਉਠਾਈ ਗਈ ਸੀ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਮਾਈਨਿੰਗ ਕਾਰਨ ਜਿੱਥੇ ਉਨ੍ਹਾਂ ਦੀ ਉਪਜਾਊ ਜ਼ਮੀਨ ਨੂੰ ਸਿੱਧਾ ਖ਼ਤਰਾ ਪੈਦਾ ਹੋ ਰਿਹਾ ਹੈ, ਉੱਥੇ ਹੀ ਨੇੜਲੇ ਕਈ ਪਿੰਡ ਡਰ ਦੇ ਸਾਏ ਹੇਠ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਦਰਿਆ ਦੇ ਕਿਨਾਰਿਆਂ ’ਤੇ ਦਰਿਆ ’ਚ ਕੀਤੀ ਜਾ ਰਹੀ ਖੁਦਾਈ ਅਤੇ ਭਾਰੀ ਮਸ਼ੀਨਰੀ ਦੀ ਆਵਾਜਾਈ ਨਾਲ ਹੜ੍ਹਾਂ ਅਤੇ ਜ਼ਮੀਨ ਧਸਣ ਸਮੇਤ ਉਨ੍ਹਾਂ ਦੇ ਜਾਨ-ਮਾਲ ਦੇ ਨੁਕਸਾਨ ਦਾ ਖਤਰਾ ਵਧ ਰਿਹਾ ਸੀ। ਉਕਤ ਮਾਮਲਾ ਧਿਆਨ ’ਚ ਆਉਣ ’ਤੇ ਸੰਮਤੀ ਮੈਂਬਰ ਸਤਨਾਮ ਸਿੰਘ ਨਾਗਰਾ ਅਤੇ ਸੰਮਤੀ ਮੈਂਬਰ ਤਿਲਕ ਰਾਜ ਪੰਮਾ ਨੇ ਬੀਤੇ ਦਿਨ ਸਖ਼ਤ ਰੁਖ ਅਖਤਿਆਰ ਕਰਦਿਆਂ ਆਪਣੇ ਸਮਰਥਕਾਂ ਸਮੇਤ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਮਾਈਨਿੰਗ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਦੀਆਂ ਟੀਮਾਂ ਸਮੇਤ ਸਥਿਤੀ ਦਾ ਜਾਇਜ਼ਾ ਲਿਆ। ਜਾਂਚ ਦੌਰਾਨ ਵੱਡੇ ਪੱਧਰ ’ਤੇ ਗੈਰ-ਕਾਨੂੰਨੀ ਮਾਈਨਿੰਗ ਸਾਹਮਣੇ ਆਉਣ ’ਤੇ ਅਧਿਕਾਰੀਆਂ ਦੀ ਹਾਜ਼ਰੀ ’ਚ ਦਰਿਆ ’ਚ ਬਣਿਆ ਉਕਤ ਆਰਜ਼ੀ ਪੁਲ ਤੋੜ ਦਿੱਤਾ ਗਿਆ। ਇਸ ਤੋਂ ਬਾਅਦ ਵੀ ਉਕਤ ਟੀਮ ਵੱਲੋਂ ਮਾਮਲੇ ਦੀ ਲਗਾਤਾਰ ਪੈਰਵੀ ਜਾਰੀ ਰੱਖੀ ਗਈ। ਇਸ ਉਪਰੰਤ ਮਾਈਨਿੰਗ ਵਿਭਾਗ ਵੱਲੋਂ ਪੁਲਸ ਨੂੰ ਸੌਂਪੀ ਗਈ ਸ਼ਿਕਾਇਤ ’ਚ ਦੱਸਿਆ ਗਿਆ ਕਿ ਅਗੰਮਪੁਰ ਹੱਦ ’ਚ ਹੋਈ ਮਾਈਨਿੰਗ ਸਬੰਧੀ ਨੂਰਪੁਰਬੇਦੀ ਖੇਤਰ ਦੇ ਪਿੰਡਾਂ ਅਮਰਪੁਰ ਬੇਲਾ ਅਤੇ ਗੋਬਿੰਦਪੁਰ ਬੇਲਾ ਦੇ ਲੋਕਾਂ ਦੀ ਸ਼ਿਕਾਇਤ ਹਾਸਲ ਹੋਈ ਸੀ। ਇਸ ਦੌਰਾਨ ਮਾਈਨਿੰਗ ਵਿਭਾਗ ਦੇ ਜੇ. ਈ. ਯੋਗਰਾਜ ਨੇ ਸ਼ਿਕਾਇਤ ’ਚ ਦੱਸਿਆ ਕਿ ਜਾਂਚ ਕਰਨ ’ਤੇ ਪਾਇਆ ਗਿਆ ਕਿ ਦਰਿਆ ’ਚ ਗਰੈਵਲ ਦੀ ਖੁਦਾਈ ਕਰ ਕੇ ਕੰਕਰੀਟ ਦੀਆਂ ਪਾਈਪਾਂ ਪਾ ਕੇ ਆਰਜ਼ੀ ਪੁਲ ਬਣਾਇਆ ਗਿਆ ਜੋ ਗੈਰ ਕਾਨੂੰਨੀ ਹੈ। ਇਸ ਦੌਰਾਨ 30 ਹਜ਼ਾਰ ਕਿਊਬਿਕ ਫੁੱਟ ਗਰੈਵਲ ਦੀ ਵੀ ਨਿਕਾਸੀ ਪਾਈ ਗਈ। ਇਸ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਦੀ ਪੁਲਸ ਨੇ ਆਰਜ਼ੀ ਪੁਲ ਵਾਲੇ ਸਥਾਨ ਦੀ ਜ਼ਮੀਨ ਦੇ ਅਣਪਛਾਤੇ ਮਾਲਕਾਂ ਖਿਲਾਫ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕਰ ਲਿਆ। ਪੁਲਸ ਅਧਿਕਾਰੀਆਂ ਅਨੁਸਾਰ ਮਾਲ ਵਿਭਾਗ ਦੀ ਮਦਦ ਨਾਲ ਜਲਦ ਹੀ ਜ਼ਮੀਨ ਦੇ ਅਸਲ ਮਾਲਕਾਂ ਦੀ ਪਛਾਣ ਕਰਕੇ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ।

## 25 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਵਿਅਕਤੀਆਂ ਵਿਰੁੱਧ ਕੇਸ ਦਰਜ

ਬਟਾਲਾ 3 ਜਨਵਰੀ। ਥਾਣਾ ਘੁਮਾਣ ਦੀ ਪੁਲਸ ਨੇ 25 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ 2 ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਏ.ਐੱਸ.ਆਈ ਪੰਜਾਬ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ’ਚ ਗੁਰਨਾਮ ਸਿੰਘ ਖਹਿਰਾ ਪੁੱਤਰ ਦਲਜੀਤ ਸਿੰਘ ਖਹਿਰਾ ਵਾਸੀ ਹਰਪੁਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਵਿਅਕਤੀ ਨੇ ਵਿਦੇਸ਼ੀ ਨੰਬਰ ਤੋਂ ਵ?ਟਸਐਪ ’ਤੇ ਫੋਨ ਕਰ ਕੇ ਉਨ੍ਹਾਂ ਤੋਂ 25 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਪੁਲਸ ਅਧਿਕਾਰੀ ਨੇ ਕਿਹਾ ਕਿ ਪੁਲਸ ਨੇ ਗੁਰਨਾਮ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਸੰਬੰਧਤ 2 ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ।

## ਦਰਦਨਾਕ ! ਪੇਟ ’ਚ ਗੋਲੀ ਲੱਗਣ ਨਾਲ ਹੋਈ ਨੌਜਵਾਨ ਦੀ ਮੌਤ

ਅਬੋਹਰ, 3 ਜਨਵਰੀ। ਅਬੋਹਰ ਨੇੜੇ ਢਾਣੀ ਸੁੱਚਾ ਸਿੰਘ ਦੇ ਰਹਿਣ ਵਾਲੇ ਦਰਸ਼ਨ ਸਿੰਘ (ਬਲਾਕ ਕਮੇਟੀ ਮੈਂਬਰ) ਦੇ ਪੁੱਤਰ ਹਰਪਿੰਦਰ ਸਿੰਘ ਉਰਫ ਸੋਨੂੰ ਦੇ ਪੇਟ ਵਿੱਚ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ। ਜ਼ਖਮੀ ਹਰਪਿੰਦਰ ਨੂੰ ਅਬੋਹਰ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸਦੀ ਹਾਲਤ ਨਾਜ਼ੁਕ ਹੋਣ ਕਾਰਨ ਉਸਨੂੰ ਰੈਫਰ ਕਰ ਦਿੱਤਾ ਗਿਆ। ਬਠਿੰਡਾ ਵਿੱਚ ਇਲਾਜ ਦੌਰਾਨ ਹਰਪਿੰਦਰ ਸਿੰਘ ਦੀ ਮੌਤ ਹੋ ਗਈ। ਮੁੱਢਲੀ ਜਾਣਕਾਰੀ ਅਨੁਸਾਰ, ਲਗਭਗ 27 ਸਾਲ ਦਾ ਹਰਪਿੰਦਰ ਸਿੰਘ ਬਿਸਤਰੇ ’ਤੇ ਪਿਆ ਸੀ ਅਤੇ ਜਿਵੇਂ ਹੀ ਉਹ ਮੁੜਿਆ ਨੇੜੇ ਪਈ ਪਿਸਤੌਲ ਵਿੱਚੋਂ ਗੋਲੀ ਚੱਲੀ, ਜੋ ਉਸਦੇ ਪੇਟ ਵਿੱਚ ਲੱਗੀ। ਐਨਆਰਆਈ ਹਰਪਿੰਦਰ ਸਿੰਘ ਕੁਝ ਮਹੀਨੇ ਪਹਿਲਾਂ ਵਿਦੇਸ਼ ਤੋਂ ਵਾਪਸ ਆਇਆ ਸੀ। ਸਦਰ ਥਾਣਾ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਜੇਲ੍ਹ ਹਵਾਲਾਤੀ ਤੋਂ ਨਸ਼ਾ ਤੇ ਮੋਬਾਈਲ ਬਰਾਮਦ

ਲੁਧਿਆਣਾ 3 ਜਨਵਰੀ। ਜੇਲ੍ਹ ਵਿਚ ਚਲਾਈ ਗਈ ਚੈਕਿੰਗ ਮੁਹਿੰਮ ਦੌਰਾਨ ਜੇਲ੍ਹ ਹਵਾਲਾਤੀ ਤੋਂ ਨਸ਼ਾ ਤੇ ਮੋਬਾਈਲ ਫ਼ੋਨ ਬਰਾਮਦ ਹੋਇਆ ਹੈ। ਇਸ ਮਗਰੋਂ ਜੇਲ੍ਹ ਪ੍ਰਸ਼ਾਸਨ ਦੀ ਸ਼ਿਕਾਇਤ ’ਤੇ ਮੁਲਜ਼ਮ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਮੁਤਾਬਕ ਜੇਲ੍ਹ ਵਿਚ ਸਪੈਸ਼ਲ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਇਕ ਹਵਾਲਾਤੀ ਤੋਂ ਚੈਕਿੰਗ ਦੌਰਾਨ ਨਸ਼ਾ ਤੇ ਮੋਬਾਈਲ ਬਰਾਮਦ ਹੋਇਆ। ਸਹਾਇਕ ਸੁਪਰੀਡੰਟ ਵਿਜੇ ਕੁਮਾਰ ਦੀ ਸ਼ਿਕਾਇਤ ’ਤੇ ਪੁਲਸ ਨੇ ਮੁਲਜ਼ਮ ਵਿਰੁੱਧ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਜਾਂਚ ਅਧਿਕਾਰੀ ਦਿਨੇਸ਼ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਜੈ ਪ੍ਰਕਾਸ਼ ਪੁੱਤਰ ਰੌਸ਼ਨ ਵਜੋਂ ਹੋਈ ਹੈ

# ਅੰਮ੍ਰਿਤਸਰ ’ਚ ਧੁੰਦ ਦੇ ਕਹਿਰ ਨੇ ਵਿਛਾਏ ਸੱਥਰ, ਪਰਿਵਾਰ ਦੇ ਇਕਲੌਤੇ ਪੁੱਤ ਦੀ ਮੌਤ, ਤਬਾਹ ਹੋ ਗਿਆ ਪੂਰਾ ਘਰ

ਅੰਮ੍ਰਿਤਸਰ 3 ਜਨਵਰੀ। ਅੰਮ੍ਰਿਤਸਰ ਦੇ ਅਧੀਨ ਆਉਂਦੇ ਮਜੀਠਾ ਰੋਡ ’ਤੇ ਤੜਕਸਾਰ ਪਈ ਸੰਘਣੀ ਧੁੰਦ ਕਾਰਨ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ 18 ਸਾਲਾ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਰੋਜ਼ਾਨਾ ਦੀ ਤਰ੍ਹਾਂ ਮੋਟਰਸਾਈਕਲ ’ਤੇ ਆਪਣੇ ਘਰੋਂ ਕੰਮ ਲਈ ਨਿਕਲਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ, ਜਦੋਂ ਨੌਜਵਾਨ ਮਜੀਠਾ ਰੋਡ ’ਤੇ ਅੱਗੇ ਵੱਧ ਰਿਹਾ ਸੀ ਤਾਂ ਸਾਹਮਣੇ ਤੋਂ ਆ ਰਹੇ ਵੇਰਕਾ ਦੁੱਧ ਪਲਾਂਟ ਦੇ ਇੱਕ ਆਟੋ ਨਾਲ ਟੱਕਰ ਹੋ ਗਈ। ਹਾਲਾਂਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਧੁੰਦ ਇੰਨੀ ਜ਼ਿਆਦਾ ਸੀ ਕਿ ਟੱਕਰ ਤੋਂ ਪਹਿਲਾਂ ਹੀ ਮੋਟਰਸਾਈਕਲ ਦਾ ਹੈਂਡਲ ਡੋਲ ਗਿਆ, ਜਿਸ ਕਾਰਨ ਨੌਜਵਾਨ ਸੜਕ ’ਤੇ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ। ਇਹ ਸਾਰਾ ਮਾਮਲਾ ਫਿਲਹਾਲ ਜਾਂਚ ਅਧੀਨ ਦੱਸਿਆ ਜਾ ਰਿਹਾ ਹੈ। ਦੂਜੇ ਪਾਸੇ, ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਇਸ ਘਟਨਾ ਨੂੰ ਲੈ ਕੇ ਗੰਭੀਰ ਦੋਸ਼ ਲਗਾਏ ਹਨ। ਪਰਿਵਾਰ ਦਾ ਕਹਿਣਾ ਹੈ ਕਿ ਮ੍ਰਿਤਕ ਉਨ੍ਹਾਂ ਦੇ ਘਰ ਦਾ ਇਕਲੌਤਾ ਪੁੱਤ ਸੀ, ਜਿਸ ਦੀ ਮੌਤ ਨਾਲ ਪੂਰਾ ਪਰਿਵਾਰ ਟੁੱਟ ਕੇ ਰਹਿ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਪ੍ਰਸ਼ਾਸਨ ਅੱਗੇ ਰੋ-ਰੋ ਕੇ ਇਨਸਾਫ ਦੀ ਮੰਗ ਕਰਦੇ ਹੋਏ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਬੰਧੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਘਟਨਾ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼?ਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਪੁਲਸ ਵੱਲੋਂ ਹਾਦਸੇ ਦੇ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਜਾਂਚ ਅੱਗੇ ਵਧਾਈ ਜਾ ਰਹੀ ਹੈ।

### NAME CHANGE

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### PUBLIC NOTICE

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### NAME CHANGE

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

## ਉੱਤਰ ਰੇਲਵੇ

**ਨਿਵਿਦਾ ਸੂਚਨਾ – ਮੁੜ: ਈ – ਟੈਂਡਰਿੰਗ ਦੁਆਰਾ ਨਿਵਿਦਾ ਮੰਗ (ਈ– ਪ੍ਰੋਕਯੋਰਮੇਂਟ ਪ੍ਰਣਾਲੀ)**

| ਲ. | ਨਿਵਿਦਾ ਸੂਚਨਾ ਨੰਬਰ | ਕੰਮ ਦਾ ਨਾਮ ਤੇ ਸਥਾਨ | ਕੰਮ ਦੀ ਅੰਦਾਜਨ ਲਾਗਤ | | ਕੰਮ ਪੂਰਾ ਕਰਨ ਦਾ ਸਮਾਂ | ਨਿਵਿਦਾ ਜਮ੍ਹਾ ਕਰਨ ਤੇ ਖੁਲਣ ਦਾ ਸਮਾਂ |
|---|---|---|---|---|---|---|
| 1 | 32-W-BR-36-44-MB DATE 03.01.2026 | ਮੁਰਾਦਾਬਾਦ ਡਵੀਜਨ ਦੇ ਮੁਰਾਦਾਬਾਦ-ਗਾਜੀਆਬਾਦ ਸੇਕਸ਼ਨ ਦੇ ਪੁਲ ਨੰਬਰ 19 DN (8X12.2), 22 DN (6X12.2), 36DN (4x12.2m), 44DN (2x6.1m+1x12.2m), 58A UP (9x12.2m) (ਕੇਵਲ ਟਾਪ ਫਲੈਂਜ ਪ੍ਰਤੀਸਥਾਪਨ) ਪੁਲ ਨੰਬਰ 77 UP (2x12.2m), 116 UP (1x27.14m+1x12.2m) ਦੇ ਜੰਗਾਲ ਲਗੇ ਸਾਈਡ ਬ੍ਰੇਸਿੰਗ ਐਕਸ-ਬ੍ਰੇਸਿੰਗ, ਗਸੇਟ ਅਤੇ ਟਾਪ ਫਲੈਂ ਪਲੇਟਾਂ ਬਦਲਣ ਦਾ ਕੰਮ। | ₹ 7131594.58 | ₹ 142600/- | 08 (ਅੱਠ) ਮਹੀਨੇ | ਮਿਤੀ : 28.01.2026 ਨੂੰ 15:00 ਵਜੇ ਤਕ ਅਤੇ ਇਸੇ ਮਿਤੀ ਵਿਚ ਨਿਵਿਦਾ ਖੁਲਣ ਦਾ ਸਮਾਂ 15:00 ਵਜੇ ਦੇ ਬਾਅਦ। |

ਨੋਟ: ਉਪਰੋਕਤ ਨਿਵਿਦਾ ਫਾਰਮ ਵੈਬਸਾਈਟ www.ireps.gov.in’ਤੇ ਉਪਲਬਧ ਹੈ ਜਿਥੋਂ ਵੇਰਵਾ ਨਿਵਿਦਾ ਵਿਆਖਿਆ ਨੂੰ ਦੇਖ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ। 36/2026

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

# ਕਾਵਿ ਕਿਆਰੀ

## ਕੈਸਾ ਹੈ ਧੀਆਂ ਦਾ ਸੰਸਾਰ

ਪਹਿਲਾਂ ਬਾਬਲ ਦਾ ਦਰ
ਫੇਰ ਪਤੀ ਦਾ ਦਰਬਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਧੀਆਂ ਕੋਲ ਘਰ ਨਹੀਂ ਟਿਕਾਣਾ ਹੁੰਦਾ
ਚਾਹਤ ਨਹੀਂ ਭਾਣਾ ਹੁੰਦਾ
ਘਰ ਤੋਂ ਦਫ਼ਤਰ
ਤੇ ਦਫ਼ਤਰ ਤੋਂ ਘਰ ਜਿੱਡੀ ਪਰਵਾਜ਼ ਹੁੰਦੀ
ਨਿਮਰ ਤੇ ਨੀਵੀਂ ਆਵਾਜ਼ ਹੁੰਦੀ
ਬੋਲਣ ਤਾਂ ਡੋਲਦੀ ਹੈ ਧਰਤੀ
ਤ੍ਰਭਕਦਾ ਹੈ ਆਸਮਾਨ
ਕੁਤਰ ਦਿੱਤੀ ਜਾਂਦੀ ਹੈ ਜ਼ੁਬਾਨ
ਤੋਏ ਤੋਏ ਕਰਦੇ ਨੇ ਦੁਨੀਆਦਾਰ
ਅਤੇ ਖ਼ਾਮੋਸ਼ ਵੇਖਦਾ ਰਹਿੰਦਾ ਹੈ
ਪਾਕ ਪਰਵਦਗਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਫ਼ਰਜ਼ਾਂ ਤੇ ਫ਼ਿਕਰਾਂ 'ਚ ਕੱਟ ਦਿੰਦੀਆਂ ਨੇ ਜੂਨ
ਰਹਿਣ ਸੁਕਾਉਂਦੀਆਂ ਆਪਣਾ ਹੀ ਖ਼ੂਨ
ਕਦੇ ਪਤੀ ਦੇ ਜਾਣ ਦਾ ਫ਼ਿਕਰ
ਕਦੇ ਬੱਚਿਆਂ ਦੇ ਆਉਣ ਦੀ ਉਡੀਕ
ਸੱਸ ਸਹੁਰੇ ਦੀ ਬੀਮਾਰੀ
ਆਏ ਗਏ ਦੀ ਤੀਮਾਰਦਾਰੀ
ਦਿਲ ਦੇ ਚਾਵਾਂ ਨੂੰ ਅੱਗੇ ਪਾਉਂਦੇ ਪਾਉਂਦੇ
ਮਰ ਮੁੱਕ ਜਾਂਦੇ ਨੇ ਸੁਪਨੇ
ਤੇ ਲੰਘ ਜਾਂਦੇ ਨੇ ਤਿੱਥਾਂ ਤੇ ਤਿਉਹਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਤਨਖ਼ਾਹ ਵੀ ਲਿਆਉਂਦੀਆਂ
ਜ਼ਿੰਮੇਵਾਰੀਆਂ ਵੀ ਨਿਭਾਉਂਦੀਆਂ
ਭਾਰ ਵੀ ਵੰਡਾਉਂਦੀਆਂ
ਐਪਰ ਫਿਰ ਵੀ
ਪਰਾਈਆਂ ਅਖਵਾਉਂਦੀਆਂ
ਕਦੇ ਦਾਜ ਲਈ ਮਰਦੀਆਂ
ਕਦੇ ਲਾਜ ਲਈ ਮਰਦੀਆਂ
ਅੜਨ ਤਾਂ ਟੁੱਟਦਾ ਹੈ ਘਰ
ਲੜਨ ਤਾਂ ਡਰਾਉਂਦੀਆਂ ਨੇ ਕਚਹਿਰੀਆਂ
ਬਾਬਲ ਘਬਰਾਉਂਦਾ ਹੈ
ਦਿਨ ਕਟੀ ਲਈ ਦਬਕਾਉਂਦਾ ਹੈ
ਇਕੱਲੀਆਂ ਦੇਖ ਦੇਖ
ਲਲਚਾਉਂਦਾ ਹੈ ਜ਼ਮਾਨਾ
ਤੇ ਘੂਰਦਾ ਹੈ ਬਾਜ਼ਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਸਿਰਾਂ 'ਤੇ ਚੁੱਕੀ ਫਿਰਨ
ਖ਼ੌਰੇ ਕਿੰਨੀਆਂ ਕੁ ਧਰਤੀਆਂ ਦਾ ਭਾਰ ?
ਕੈਸਾ ਹੈ ਧੀਆਂ ਦਾ ਸੰਸਾਰ ?



- ਪ੍ਰੋ. ਕੁਲਵੰਤ ਔਜਲਾ
ਸੰਪਰਕ: 01822-235343

## ਗ਼ਜ਼ਲ

ਜੰਗਲ ਬੀਆਬਾਨ ਘਣਾ ਸੀ, ਛਾਇਆ ਘੁੱਪ ਹਨੇਰਾ,
ਚਾਰੇ ਪਾਸੇ ਭਾਂਅ ਭਾਂਅ ਪਸਰੀ, ਚੁੱਪੀ ਪਾਇਆ ਘੇਰਾ।
ਘੂਕ ਨੀਂਦਰੇ ਪਸ਼ੂ ਤੇ ਪੰਛੀ, ਰਾਤ ਸੀ ਕਾਲ਼ੀ ਬੋਲੀ,
ਕਿਸੇ ਪਿੱਪਲ ਦੀ ਟਾਹਣੀ ਬੈਠੀ, ਇੱਕ ਭੂਤਾਂ ਦੀ ਟੋਲੀ।
ਡਰਦੇ-ਡਰਦੇ ਓਸੇ ਰੁੱਖ ਦੇ, ਥੱਲਿਓਂ 'ਬੰਦੇ' ਲੰਘੇ,
ਏਧਰ-ਓਧਰ ਬਿਟ-ਬਿਟ ਝਾਕਣ, ਨਾ ਕੂਏ ਨਾ ਖੰਘੇ।
ਦੇਖ ਕੇ 'ਬੰਦੇ' ਤ੍ਰਭਕ ਕੇ ਉਠਿਆ, ਇੱਕ ਭੂਤਾਂ ਦਾ ਬੱਚਾ,
ਦੇਖ ਕੇ ਟੋਲੀ ਇਨਸਾਨਾਂ ਦੀ, ਰਹਿ ਗਿਆ ਹੱਕਾ ਬੱਕਾ।
ਹੱਥਾਂ ਦੇ ਵਿੱਚ ਬਰਛੇ ਟਕੂਏ, ਤੇ ਨੰਗੀਆਂ ਤਲਵਾਰਾਂ,
ਲੱਥ ਪੱਥ ਕੱਪੜੇ ਲਹੂ 'ਚ ਰੰਗੇ, ਇਹ ਡਾਰਾਂ ਦੀਆਂ ਡਾਰਾਂ।
ਝੱਟ ਭੂਤਣੀ ਪੁੱਛਣ ਲੱਗੀ, 'ਕਿਸ ਗੱਲੋਂ ਪ੍ਰੇਸ਼ਾਨ ?
ਕਿਹੜੀ ਗੱਲੋਂ ਸਹਿਮਿਆ ਫਿਰਦੈਂ, ਸੌਂ ਜਾ ਲੰਮੀਆਂ ਤਾਣ।'
ਥੱਲੇ ਸਾਰਾ ਦੇਖ ਨਜ਼ਾਰਾ, ਰੋਂਦਿਆਂ ਨਿੱਕਲੀ ਕੂਕ,
'ਡਰ ਲੱਗਦੈ, ਇਨਸਾਨ ਨੇ ਫਿਰਦੇ,' ਬੋਲਿਆ ਨਿੱਕਾ ਭੂਤ।
ਮਾਂ ਭੂਤਣੀ ਹਿੱਕ ਨਾਲ ਲਾ ਕੇ, ਹੱਸ ਕੇ ਆਖਣ ਲੱਗੀ,
'ਚੱਲ ਉੱਠ ਮਿਰਚਾਂ ਵਾਰਾਂ ਤੈਥੋਂ, ਹਵਾ ਓਪਰੀ ਲੱਗੀ।
ਕੁਝ ਨਹੀਂ ਹੋਇਆ, ਡਰ ਨਾ ਐਵੇਂ, ਸੁਪਨੇ ਨੀਂਦ 'ਚ ਦੇਖੇ,
ਬੰਦੇ ਬੁੰਦੇ ਕੁਝ ਨਹੀਂ ਹੁੰਦੇ, ਇਹ ਸਭ ਭਰਮ ਭੁਲੇਖੇ।'

ਜਸਵਿੰਦਰ ਜਲੰਧਰੀ
ਸੰਪਰਕ: 98768-07218

## ਗ਼ਜ਼ਲ

ਮੁੜ ਕੇ ਦੁਰਕਾਰਿਆ ਜਾਂਦਾ ਨਹੀਂ,
ਇੱਕ ਵਾਰ ਜੀਹਨੂੰ ਅਪਣਾ ਲਈਏ।
ਸੋਚਣ ਦੀ ਕਾਈ ਥਾਂ ਨਾ ਰਹੇ,
ਪਿਆਰ ਜਦੋਂ ਵੀ ਪਾ ਲਈਏ।
ਸਭ ਦੁਨੀਆਂ ਮਤਲਬਖ਼ੋਰੀ ਏ,
ਖ਼ੁਦਗਰਜ਼ੀ ਹੈ ਕਿਰਦਾਰ ਇਹਦਾ,
ਚੰਗਾ ਹੈ ਆਪਣੇ ਮਨ ਤਾਈਂ,
ਇਹ ਰਮਜ਼ ਅਸੀਂ ਸਮਝਾ ਲਈਏ।
ਹੁਸਨ ਇਸ਼ਕ ਦਾ ਚੱਕਰ ਇਹ,
ਚੱਲਦਾ ਹੈ ਮੁੱਢ ਕਦੀਮਾਂ ਤੋਂ,
ਅੱਖ ਲੱਗਣੀ ਔਖੀ ਹੋ ਜਾਂਦੀ,
ਜਦ ਅੱਖੀਆਂ ਕਿਧਰੇ ਲਾ ਲਈਏ।
ਤੁਸੀਂ ਭਲਾ ਸੋਚਦੇ ਲੋਕਾਂ ਦਾ,
ਪਰ ਉਹ ਵੀ ਹਨ ਜੋ ਬੁਰਾ ਚਾਹੁਣ,
ਵੱਖੋ ਵੱਖ ਕਿਰਦਾਰ ਜੋ ਹਨ,
ਅਸੀਂ ਮਨ ਤਾਈਂ ਸਮਝਾ ਲਈਏ।
ਖੁੱਲ੍ਹਦਿਲੀਆਂ ਦੀ ਕਾਈ ਕਦਰ ਨਹੀਂ,
ਤੰਗਦਿਲ ਜਿਹੀ ਫ਼ਿਜ਼ਾ ਅੰਦਰ,
ਬਿਹਤਰ ਹੈ ਗੱਲ ਸਮਝ ਲਵੋ,
ਚੁੱਪ ਕਰ ਕੇ ਵਕਤ ਲੰਘਾ ਲਈਏ।
ਅਮਨ ਮਨੁੱਖ ਦਾ ਖ਼ਾਸਾ ਹੈ,
ਤੇ ਜੰਗ ਸ਼ੈਤਾਨੀ ਫ਼ਿਤਰਤ ਹੈ,
ਇਸ ਤੱਤ ਨੂੰ ਪੱਕਾ ਕਰ ਲਈਏ,
ਤਨ ਮਨ ਵਿੱਚ ਰਚਾ ਲਈਏ।
ਖਾ ਖਾ ਕੇ ਠੇਡੇ ਸੰਭਲ ਗਏ,
ਹੁਣ ਮੰਜ਼ਿਲ ਨੇੜੇ ਆ ਗਈ ਏ,
'ਨਵਰਾਹੀ' ਬੜੀ ਤਸੱਲੀ ਏ,
ਸੋ ਗੀਤ ਖ਼ੁਸ਼ੀ ਦੇ ਗਾ ਲਈਏ।





ਨਵਰਾਹੀ ਘੁਗਿਆਣਵੀ
ਸੰਪਰਕ: 98150-02302

## ਕਹਾਣੀ: ਮੇਰੇ ਮਰਨ ਪਿੱਛੋਂ

ਮੂਲ ਲੇਖਕ: ਲਤੀਫ਼ ਘੋਂਗ
ਪੰਜਾਬੀ ਅਨੁਵਾਦ: ਕਾਂਤਾ ਸ਼ਰਮਾ

ਇਹ ਮੇਰੀ ਬਦਕਿਸਮਤੀ ਸੀ ਕਿ ਮੈਂ ਮਰਿਆ ਵੀ ਤਾਂ ਐਤਵਾਰ ਦੇ ਦਿਨ। ਬੇਕਾਰ ਹੀ ਇੱਕ ਛੁੱਟੀ ਖਰਾਬ ਹੋ ਗਈ। ਮੁਹੱਲੇ ਦੀਆਂ ਔਰਤਾਂ ਜਮ੍ਹਾਂ ਹੋ ਗਈਆਂ। ਮੈਨੂੰ ਬੜਾ ਦੁੱਖ ਹੋਇਆ ਜਿਉਂਦੇ ਜੀਅ ਜਿਨ੍ਹਾਂ ਔਰਤਾਂ ਦੇ ਦਰਸ਼ਨ ਨਹੀਂ ਸੀ ਕਰ ਸਕਿਆ, ਅੱਜ ਉਹ ਬੇਪਰਦਾ ਮੇਰੇ ਸਾਹਮਣੇ ਖੜ੍ਹੀਆਂ ਸਨ। ਮੇਰੀ ਪਤਨੀ ਜਨਾਜ਼ਾ ਦੇਖ ਕੇ ਰੋਣ ਲੱਗੀ। ਮੁਹੱਲੇ ਦੀਆਂ ਜਵਾਨ ਔਰਤਾਂ ਨੇ ਸਮਝਾਇਆ, ਪਾਗਲ ਹੋ ਗਈ ਏ। ਮਰਨ ਵਾਲੇ ਦੇ ਪਿਛੇ ਰੋਈਦਾ ਨਹੀਂ। ਹਾਲੇ ਤੇਰੀ ਉਮਰ ਹੀ ਕੀ ਹੈ।' ਮੇਰੀ ਪਤਨੀ ਨੇ ਪਾਣੀ ਪੀਤਾ ਫ਼ਿਰ ਆਦਤ ਅਨੁਸਾਰ ਮੇਰੀਆਂ ਜੇਬਾਂ ਫ਼ਰੋਲਣ ਲੱਗੀ। ਕਮੀਜ਼ ਦੇ ਜੇਬ 'ਚੋਂ ਤੀਹ ਪੈਸੇ ਨਿਕਲੇ। ਫ਼ੁਲ ਪੈਂਟ ਦੀ ਜੇਬ ਟੋਹ ਕੇ ਉਸ ਨੇ ਪਾਸ ਬੁਕ ਕੱਢੀ ਬੈਂਕ ਦਾ ਵਿਆਜ ਜੋੜ ਕੇ ਕੁਲ ਪੰਜ ਰੁਪਏ ਬਿਆਲੀ ਪੈਸੇ ਜਮ੍ਹਾਂ ਸਨ। ਉਹ ਧਾਹ ਮਾਰ ਕੇ ਬੇਹੋਸ਼ ਹੋ ਗਈ। ਇੱਕ ਅਧਖੜ ਔਰਤ ਨੇ ਕਿਹਾ, 'ਵਿੱਚਾਰੀ ਤੋਂ ਪਤੀ ਦੀ ਮੌਤ ਦਾ ਸਦਮਾ ਬਰਦਾਸ਼ਤ ਨਹੀਂ ਹੋ ਰਿਹਾ।' ਮੇਰੀ ਮੌਤ ਦਾ ਸਭ ਤੋਂ ਬਹੁਤਾ ਦੁੱਖ ਮੌਲਾਨਾ ਸੈਫ਼ੁਦੀਨ ਦੀ ਲੜਕੀ ਨੂੰ ਹੋਇਆ। ਜਿਸ ਨੂੰ ਮੈਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਾਉਂਦਾ ਸੀ। ਉਹ ਮੈਨੂੰ ਅਕਸਰ ਪੁੱਛਦੀ,'ਸਰ ਕੀ ਮੈਂ ਮੋਟੀ ਹੋ ਗਈ ਹਾਂ ? ਮੈਂ ਬੇਵਕੂਫ਼ ਮਾਸਟਰ ਦੀ ਤਰ੍ਹਾਂ ਉਸ ਨੂੰ 'ਜੂਲੀਅਸ ਸੀਜ਼ਰ' ਪੜ੍ਹਾਉਣ ਲੱਗਦਾ। ਮੇਰੀ ਮੌਤ ਦੀ ਖ਼ਬਰ ਸੁਣ ਕੇ ਸਭ ਤੋਂ ਪਹਿਲਾਂ ਮੇਰੇ ਘਰ ਪਹੁੰਚਣ ਵਾਲਾ ਵਿਅਕਤੀ ਮੇਰਾ ਹੈਡ ਮਾਸਟਰ ਸੀ। ਉਹ ਖ਼ੂਬ ਰੋਇਆ। ਮੈਂ ਉਸ ਤੋਂ ਸੌ ਰੁਪਏ ਉਧਾਰ ਲੈ ਰੱਖੇ ਸਨ। ਗਵਾਂਢੀਆਂ ਨੇ ਬੜਾ ਸਮਝਾਇਆ ਪਰ ਉਹ ਅਖੀਰ ਤਕ ਮੇਰੀ ਲਾਸ਼ ਨਾਲ ਲਿਪਟ ਲਿਪਟ ਕੇ ਰੋਂਦਾ ਰਿਹਾ। ਲੋਕ ਕਹਿ ਰਹੇ ਸਨ, 'ਹੈਡਮਾਸਟਰ ਹੋਵੇ ਤਾਂ ਇਹੋ ਜਿਹਾ ਆਪਣੇ ਮਤਾਹਿਤ ਲਈ ਕਿੰਨੀ ਹਮਦਰਦੀ ਹੈ ਇਸ ਦੇ ਦਿਲ 'ਚ। ਸ਼ਾਇਦ ਇਸ ਤੋਂ ਜ਼ਿਆਦਾ ਸਦਮਾ ਤਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਵੀ ਨਹੀਂ ਹੋਇਆ ਹੋਣਾ। ਇਸ ਤੋਂ ਬਾਅਦ ਧਾਹਾਂ ਮਾਰ ਰੋਣ ਵਾਲਿਆਂ 'ਚ ਮੇਰਾ ਮਕਾਨ ਮਾਲਕ ਤੇ ਉਹ ਦੁਕਾਨਦਾਰ ਸੀ ਜਿਸ ਤੋਂ ਮੈਂ ਕਣਕ ਤੇ ਚੌਲ ਖਰੀਦਦਾ ਸਾਂ। ਮੇਰੇ ਲਈ ਸਵਾ ਰੁਪਏ ਦਾ ਕਫ਼ਨ ਖਰੀਦਿਆ ਗਿਆ। ਪਤਨੀ ਨੇ ਰੋਂਦੇ ਹੋਏ ਕਿਹਾ, 'ਮੇਰੇ ਪਤੀ ਦੀ ਆਖਰੀ ਖਾਹਸ਼ ਸੀ ਕਿ ਉਸ ਨੂੰ ਸਾਦਗੀ ਨਾਲ ਦਫ਼ਨਾਇਆ ਜਾਵੇ।' ਉਹਨੇ ਇਧਰੋਂ ਉਧਰੋਂ ਇੱਕਠੇ ਕੀਤੇ ਪੈਸਿਆਂ ਨਾਲ ਕਫ਼ਨ ਦਾ ਬਿੱਲ ਚੁਕਾਇਆ। ਲੋਕਾਂ ਨੇ ਬੜਾ ਸਮਝਾਇਆ ਪਰ ਉਹ ਵਾਲ ਖੋਂਹਦੀ ਤੇ ਰੋਂਦੀ ਰਹੀ। ਕਫ਼ਨ ਦੇ ਬਿੱਲ ਨਾਲ ਉਸ ਦੀ ਹਿੰਮਤ ਟੁੱਟ ਗਈ ਸੀ। ਉਹ ਰੋਂਦੀ ਵਿਲਕਦੀ ਰਹੀ ਤੇ ਮੇਰਾ ਜਨਾਜ਼ਾ ਵਿਹੜੇ 'ਚੋਂ ਬਾਹਰ ਲਿਆ ਕੇ ਸੜਕ 'ਤੇ ਰੱਖ ਦਿੱਤਾ ਗਿਆ। ਜਨਾਜ਼ੇ ਨੂੰ ਮੋਢਾ ਦੇਣ ਵਾਲਿਆਂ 'ਚ ਸਭ ਤੋਂ ਪਹਿਲਾ ਆਦਮੀ ਮੇਰਾ ਧੋਬੀ ਸੀ। ਕਹਿਣ ਲੱਗਾ, 'ਭਾਈ ਹੋਣੀ ਨੂੰ ਕੌਣ ਟਾਲ ਸਕਦਾ ਹੈ। ਮਰਨ ਵਾਲਾ ਤਾਂ ਮਰ ਗਿਆ ਪਰ ਮੈਨੂੰ ਹਮੇਸ਼ਾਂ ਯਾਦ ਰਹੇਗਾ। ਇਸ ਦੀ ਕਮੀਜ਼ ਨੂੰ ਪੂਰੀ ਇੱਕ ਚਾਕੀ ਸਾਬਣ ਲੱਗਦਾ ਸੀ। ਹੁਣ ਇਹ ਸਫ਼ੈਦ ਚਕਾਚਕ ਕਫ਼ਨ ਦੇਖਕੇ ਮੈਨੂੰ ਰੋਣਾ ਆ ਰਿਹਾ ਹੈ।' ਮੋਢਾ ਦੇਣ ਵਾਲਾ ਦੂਸਰਾ ਵਿਅਕਤੀ ਮੇਰੇ ਹੀ ਸਕੂਲ ਦਾ ਮਾਸਟਰ ਸੀ ਜੋ ਦਿਲੋਂ ਮੈਨੂੰ ਗਾਲਾਂ ਦੇ ਰਿਹਾ ਸੀ,'ਸਾਲੇ ਨੇ ਐਤਵਾਰ ਨੂੰ ਈ ਮਰਨਾ ਸੀ। ਐ ਖ਼ੁਦਾ ਹੋਰ ਜੋ ਮਰਜ਼ੀ ਕਰੀਂ, ਕਿਸੇ ਨੂੰ ਐਤਵਾਰ ਦੀ ਮੌਤ ਨਾ ਦੇਵੀਂ।' ਤੀਜੇ ਮੋਢੇ 'ਤੇ ਮੌਲਾਨਾ ਸੈਫ਼ੁਦੀਨ ਸੀ ਜੋ ਬੀੜੀ ਦਾ ਤੰਬਾਕੂ ਮੂੰਹ 'ਚ ਦਬਾਈ ਜਨਾਜ਼ਾ ਢੋ ਰਹੇ ਸਨ। ਉਹ ਉਤੋਂ ਦੁਖੀ ਪਰ ਅੰਦਰੋਂ ਬਹੁਤ ਖੁਸ਼ ਸਨ। ਮੈਂ ਉਨ੍ਹਾਂ ਤੋਂ ਹਾਲੇ ਇੱਕ ਮਹੀਨੇ ਦੀ ਟਿਊਸ਼ਨ ਦੇ ਪੈਸੇ ਲੈਣੇ ਸਨ। ਚੌਥੇ ਮੋਢੇ ਹੇਠਾਂ ਮੇਰਾ ਇੱਕ ਵਿਦਿਆਰਥੀ ਸੀ। ਉਸ ਨੂੰ ਮੇਰੀ ਮੌਤ



ਦਾ ਕੋਈ ਦੁੱਖ ਨਹੀਂ ਸੀ। ਕਿਉਂਕਿ ਹੋਰ ਕੋਈ ਚੌਥਾ ਹੱਟਾ ਕੱਟਾ ਆਦਮੀ ਮਿਲਿਆ ਨਹੀਂ। ਇਸ ਲਈ ਲੋਕਾਂ ਨੇ ਚੌਥਾ ਮੋਢਾ ਉਸ 'ਤੇ ਟਿਕਾ ਦਿੱਤਾ ਸੀ। ਰੇਲਵੇ ਫ਼ਾਟਕ ਬੰਦ ਸੀ ਇਸ ਲਈ ਜਨਾਜ਼ਾ ਥੋੜ੍ਹੀ ਦੇਰ ਲਈ ਹੇਠਾਂ ਉਤਾਰ ਲਿਆ ਗਿਆ। ਜਨਾਜ਼ੇ 'ਚ ਸ਼ਾਮਲ ਲੋਕਾਂ 'ਚੋਂ ਇੱਕ ਨੇ ਕਿਹਾ,'ਖ਼ੁਦਾ ਦੀ ਕੁਦਰਤ ਹੈ, ਮਰਨ ਤੋਂ ਬਾਅਦ ਆਦਮੀ ਕਿੰਨਾ ਭਾਰਾ ਹੋ ਜਾਂਦਾ ਹੈ।' ਫ਼ਿਰ ਉਸ ਨੇ ਰੁਮਾਲ ਲੈ ਕੇ ਪਸੀਨਾ ਪੂੰਝਿਆ ਤੇ ਬੋਲਿਆ,' ਯਾ ਪਰਵਰਦਿਗ਼ਾਰ ਮਰਨ ਤੋਂ ਬਾਦ ਕਿਸੇ ਨੂੰ ਐਨਾ ਭਾਰਾ ਵੀ ਨਾ ਕਰ ਦੇਣਾ ਕਿ ਦੂਸਰਿਆਂ ਨੂੰ ਤਕਲੀਫ਼ ਹੋਵੇ।' ਅਰਥੀ ਪਿਛੇ ਇੱਕ ਛੋਟਾ ਜਿਹਾ ਜਲੂਸ ਸੀ ਜਿਸ 'ਚ ਸੌ ਡੇਢ ਸੌ ਸਕੂਲੀ ਵਿਦਿਆਰਥੀ ਸਨ ਜਿਨ੍ਹਾਂ ਨੂੰ ਹੈਡਮਾਸਟਰ ਸਾਬ੍ਹ ਨੇ ਐਕਸਟਰਾ ਕਲਾਸ ਲਈ ਬੁਲਾਇਆ ਸੀ। ਹੁਣ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਸਿਖਿਆ ਵਿਭਾਗ ਦਾ ਜਨਾਜ਼ਾ ਕਿਸੇ ਰਾਜਨੀਤਕ ਜਨਾਜ਼ੇ ਤੋਂ ਘੱਟ ਨਹੀਂ ਹੁੰਦਾ। ਆਪਣੇ ਪਿੱਛੇ ਆਉਂਦਾ ਹੋਇਆ ਜਲੂਸ ਦੇਖਕੇ ਮੈਨੂੰ ਖੁਸ਼ੀ ਹੋਈ। ਇੰਨਾ ਲੰਬਾ ਜਲੂਸ ਤਾਂ ਵੱਡੇ ਵੱਡੇ ਨੇਤਾਵਾਂ ਪਿਛੇ ਵੀ ਨਹੀਂ ਹੁੰਦਾ। ਪੂਰਾ ਕਬਰਸਤਾਨ ਰੇਲ ਦੇ 'ਥਰੀ ਟਾਇਰ' ਡੱਬੇ ਵਾਂਗੂੰ ਖਚਾਖਚ ਭਰਿਆ ਹੋਇਆ ਸੀ। ਕਾਫ਼ੀ ਖੋਜ ਤੋਂ ਬਾਅਦ ਜਿਹੜੀ ਜਗ੍ਹਾ ਪਸੰਦ ਕੀਤੀ ਗਈ ਉਸ ਦੇ ਸੱਜੇ ਹੱਥ ਜਨਾਬ ਇਨਾਇਤ ਅਲੀ ਜ਼ਖ਼ਮੀ ਦੀ ਕਬਰ ਸੀ। 'ਜ਼ਖ਼ਮੀ' ਹਿੰਦੀ ਦੇ ਕਵੀ ਸਨ ਜਿਨ੍ਹਾਂ ਦੀਆਂ ਕਵਿਤਾਵਾਂ ਤੋਂ ਡਰਦਾ ਮੈਂ ਘਰ ਦੇ ਸਭ ਤੋਂ ਪਿਛਲੇ ਕਮਰੇ 'ਚ ਛੁਪ ਜਾਇਆ ਕਰਦਾ ਸੀ। ਪਰ ਲੱਗਦਾ ਹੈ ਹੁਣ ਉਨ੍ਹਾਂ ਦੀਆਂ ਜ਼ੋਰਦਾਰ ਸ਼ੋਰਦਾਰ ਰਚਨਾਵਾਂ ਜਿਨ੍ਹਾਂ ਨੂੰ ਜੀਉਂਦੇ ਜੀਅ ਸੁਣਨ ਦਾ ਸੁਭਾਗ ਮੈਨੂੰ ਨਹੀਂ ਸੀ ਮਿਲਿਆ ਹੁਣ ਵਿਆਖਿਆ ਸਹਿਤ ਸੁਣਨੀਆਂ ਪੈਣਗੀਆਂ। ਉਨ੍ਹਾਂ ਦੀਆਂ ਕਵਿਤਾਵਾਂ ਤਾਂ ਮੈਂ ਮਰਨ ਤੋਂ ਬਾਦ ਵੀ ਸੁਣ ਲੈਂਦਾ ਪਰ ਅਫ਼ਸੋਸ ਸੀ ਕਿ ਮੇਰੀ ਕਬਰ ਦੇ ਖੱਬੇ ਪਾਸੇ ਡਾ. ਜ਼ਾਫ਼ਰ ਅਲੀ ਹੈਦਰੀ ਜੋ ਹਿੰਦੀ ਦੇ ਬੜੇ ਆਲੋਚਕ ਤੇ ਪ੍ਰਗਤੀਸ਼ੀਲ ਸਪਤਾਹਿਕ ਦੇ ਸੰਪਾਦਕ ਸਨ। ਉਹ ਜਦੋਂ ਤਕ ਪਤ੍ਰਿਕਾ ਦੇ ਸੰਪਾਦਕ ਰਹੇ, ਜ਼ਖ਼ਮੀ ਸਾਹਬ ਦੀਆਂ ਰਚਨਾਵਾਂ 'ਧੰਨਵਾਦ ਸਹਿਤ' ਵਾਪਸ ਭੇਜਦੇ ਰਹੇ। ਮੈਨੂੰ ਕੀ ਪਤਾ ਸੀ ਕਿ ਮਰਨ ਤੋਂ ਬਾਦ ਮੈਂ ਦੋ ਉਘੇ ਸਾਹਿਤਕਾਰਾਂ ਵਿੱਚਕਾਰ ਫ਼ਸ ਜਾਵਾਂਗਾ ਜਿਹੜੇ ਮੇਰੀ ਰਾਤਾਂ ਦੀ ਨੀਂਦ ਹਰਾਮ ਕਰਨਗੇ। ਇਸ ਤੋਂ ਇਲਾਵਾ ਮੈਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਸੀ ਕਿ ਮੇਰੀ ਕਬਰ 'ਤੇ 'ਫ਼ਾਤਿਹਾ' ਪੜ੍ਹਨ ਵਾਲੇ ਸਾਹਿਤਕਾਰ ਪੂਰੇ ਸ਼ਹਿਰ 'ਚ ਇਹ ਕਹਿੰਦੇ ਫ਼ਿਰਨ ਕਿ ਦੋ ਮੰਨੇ ਪ੍ਰਮੰਨੇ ਵਿਦਵਾਨਾਂ ਵਿੱਚਕਾਰ ਇਹ ਬੇਵਕੂਫ਼ ਮਾਸਟਰ ਕਿਧਰੋਂ ਘੁਸੜ ਗਿਆ। ਕਬਰ ਖੁਦਾਈ ਸਮੇਂ ਉਥੋਂ ਛੋਟਾ ਜਿਹਾ ਹੱਡੀ ਦਾ ਟੁਕੜਾ ਮਿਲਿਆ। ਮੌਲਾਨਾ ਸਾਹਬ ਬੋਲੇ,'ਬੰਦ ਕਰੋ। ਲੱਗਦਾ ਹੈ ਇਥੇ ਪਹਿਲਾਂ ਹੀ ਕਿਸੇ ਦੀ ਕਬਰ ਹੈ।' ਖੁਦਾ ਨੇ ਮੇਰੀ ਸੁਣ ਲਈ ਤੇ ਮੈਨੂੰ ਸਾਹਿਤਕ ਗੋਸ਼ਟੀਆਂ ਤੋਂ ਬਚਾ ਲਿਆ। ਲੋਕਾਂ ਕੋਈ ਦੂਜੀ ਜਗ੍ਹਾ ਲੱਭ ਕੇ ਕਬਰ ਪੁਟੀ। ਲੋਕ ਜਨਾਜ਼ੇ ਦੀ ਨਮਾਜ਼ ਲਈ ਕਤਾਰ 'ਚ ਖੜ੍ਹੇ ਹੋ ਗਏ। ਜਲਦੀ ਜਲਦੀ ਨਮਾਜ਼ ਪੜ੍ਹੀ ਗਈ ਤੇ ਮੈਨੂੰ ਕਬਰ 'ਚ ਉਤਾਰਿਆ ਜਾਣ ਲੱਗਾ। ਲੋਕ ਇੰਨੇ ਥੱਕ ਗਏ ਸਨ ਕਿ ਉਨ੍ਹਾਂ ਹੱਥੋਂ ਮੇਰਾ ਮੁਰਦਾ ਹੀ ਛੁੱਟ ਗਿਆ ਤੇ ਮੈਨੂੰ ਤਿੰਨ ਫ਼ੁੱਟ ਉਪਰੋਂ ਕਬਰ ਵਿੱਚ ਅਮੋਨੀਅਮ ਸਲਫ਼ੇਟ ਦੇ ਬੋਰੇ ਵਾਂਗ ਸੁੱਟ ਦਿੱਤਾ ਗਿਆ। ਮੌਲਾਨਾ ਬੜੇ ਨਾਰਾਜ਼ ਹੋਏ ਕਹਿਣ ਲੱਗੇ ,'ਇਸਲਾਮ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੇ ਮੁਰਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਏ। ਖੁਦਾ ਸਾਨੂੰ ਸਭ ਨੂੰ ਮੁਆਫ਼ ਕਰੇ।' ਕਫ਼ਨ ਖੋਲ੍ਹ ਕੇ ਮੇਰਾ ਮੂੰਹ ਬਾਹਰ ਕੱਢਿਆ ਗਿਆ। ਮੌਲਾਨਾ ਨੇ ਐਲਾਨ ਕੀਤਾ ਕਿ ਜੋ ਮੇਰਾ ਮੂੰਹ ਆਖਰੀ ਵਾਰੀ ਦੇਖਣਾ ਚਾਹੁੰਦਾ ਹੈ,ਉਹ ਕਬਰ ਦੇ ਨੇੜੇ ਆ ਜਾਏ। ਕੋਈ ਨਹੀਂ ਆਇਆ ਇੱਕ ਬੱਚਾ ਜਿਸ ਨੂੰ ਮੈਂ ਅੰਗਰੇਜ਼ੀ 'ਚੋਂ ਫ਼ੇਲ ਕਰ ਦਿੱਤਾ ਸੀ ਦੌੜਦਾ ਹੋਇਆ ਆਇਆ ਤੇ ਮੈਨੂੰ ਦੇਖ ਕੇ ਖ਼ੂਬ ਰੋਇਆ।

ਆਪਣੀਆਂ ਨਿੱਕੀਆਂ ਨਿੱਕੀਆਂ ਹਥੇਲੀਆਂ ਨਾਲ ਹੰਝੂ ਪੂੰਝਦਾ ਰਿਹਾ ਅਤੇ ਫ਼ਿਰ ਮੇਰੀ ਕਬਰ 'ਤੇ ਮਿੱਟੀ ਪਾ ਦਿੱਤੀ ਗਈ। ਇੱਕ ਰੋਜ਼ਾਨਾ ਅਖਬਾਰ 'ਚ ਮੇਰੀ ਮੌਤ ਦੀ ਖ਼ਬਰ ਕੁਝ ਇਸ ਤਰ੍ਹਾਂ ਛਪੀ। ਪਿਛਲੇ ਐਤਵਾਰ ਦਿਲ ਦੀ ਧੜਕਣ ਬੰਦ ਹੋ ਜਾਣ ਕਾਰਨ ਸ੍ਰੀ ਲਤੀਫ਼ ਘੋਂਗੀ ਦਾ ਦੇਹਾਂਤ ਹੋ ਗਿਆ। ਉਹ ਇੰਨੇ ਹਰਮਨ ਪਿਆਰੇ ਸਨ ਕਿ ਜਿਨ੍ਹਾਂ ਕੁੜੀਆਂ ਨੂੰ ਉਹ ਟਿਊਸ਼ਨ ਪੜ੍ਹਾਉਂਦੇ ਸਨ ਉਨ੍ਹਾਂ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਵੱਡੀ ਗਿਣਤੀ 'ਚ ਵਿਦਿਆਰਥੀ ਉਨ੍ਹਾਂ ਦੀ ਅਰਥੀ ਨਾਲ ਗਏ। ਉਹ ਆਪਣੇ ਪਿਛੇ ਪੰਜ ਰੁਪਏ ਪ੍ਰਾਵੀਡੈਂਟ ਫ਼ੰਡ ਅਤੇ ਇੱਕ ਖ਼ੂਬਸੂਰਤ ਬੀਵੀ ਛੱਡ ਗਏ ਹਨ।

## ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ

ਗੁਰਦੇਵ ਸਿੰਘ ਜੌਹਲ

ਪਿੰਡ ਸਾਡੇ ਪਰਿਵਾਰ ਨਾਲ ਇਕ ਕਹਾਣੀ ਜੁੜੀ ਹੋਈ ਸੁਣਦੇ ਆਏ ਹਾਂ। ਸਾਡੇ ਪੜਦਾਦੇ ਦੀ ਇਕ ਕੁੜੀ ਦਾ ਰਿਸ਼ਤਾ ਕਿਸੇ ਪਿੰਡ ਹੋਇਆ ਸੀ। ਵਿਆਹ ਤੋਂ ਪਹਿਲਾਂ ਮੁੰਡੇ ਵਾਲਿਆਂ ਦਾ ਲਾਗੀ ਪੁੱਛਣ ਆਇਆ ਕਿ ਬਰਾਤ 'ਚ ਕਿੰਨੇ ਕੁ ਬੰਦੇ ਆਉਣ ਤਾਂ ਸਾਡੇ ਬਜ਼ੁਰਗ ਨੇ ਸਰ੍ਹੋਂ ਦੇ ਬੀਜਾਂ ਦੀ ਮੁੱਠ ਭਰ ਕੇ ਦੇ ਦਿੱਤੀ। ਵਿਆਹ ਵੇਲੇ ਸੱਚੀਂ ਬਰਾਤ ਬਹੁਤ ਆ ਗਈ। ਗਰਮੀਆਂ ਦੇ ਦਿਨ ਸਨ। ਸ਼ਾਮ ਦਾ ਵੇਲਾ ਸੀ। ਬਰਾਤ ਨੂੰ ਠੰਢਾ-ਮਿੱਠਾ ਪਾਣੀ ਪਿਆਉਣਾ ਸੀ। ਕਹਿੰਦੇ ਨੇ ਕਿ ਸਾਡੇ ਬਜ਼ੁਰਗਾਂ ਨੇ ਪਾਣੀ ਨੂੰ ਮਿੱਠਾ ਕਰਨ ਲਈ ਖ਼ੂਹ 'ਚ ਖੰਡ ਦੀਆਂ ਬੋਰੀਆਂ ਸੁੱਟ ਦਿੱਤੀਆਂ। ਉਸ ਦਿਨ ਤੋਂ ਸਾਡੇ ਟੱਬਰ ਦਾ ਨਾਂਅ 'ਮਿੱਠੇ ਕਿਆਂ ਦਾ' ਟੱਬਰ ਪੈ ਗਿਆ।

ਸਾਡੇ ਘਰ ਕੋਈ ਪਾਣੀ ਦਾ ਨਲਕਾ ਨਹੀਂ ਸੀ। ਜੁਆਲਾ ਝਿਊਰ ਪਾਣੀ ਦੇ ਦੋ ਘੜੇ ਸਵੇਰੇ ਤੇ ਇਕ ਘੜਾ ਤਿਰਕਾਲ਼ਾਂ ਨੂੰ ਦੇ ਜਾਂਦਾ ਸੀ। ਪਤਾ ਨਹੀਂ ਏਨੇ ਪਾਣੀ ਨਾਲ ਸਾਰੇ ਟੱਬਰ ਦਾ ਕਿਵੇਂ ਸਰਦਾ ਸੀ। ਗਰਮੀਆਂ ਵਿਚ ਤਾਂ ਹੋਰ ਵੀ ਪ੍ਰਬੰਧ ਕਰਨਾ ਪੈਂਦਾ ਸੀ। ਸਾਡੇ ਬਿਲਕੁਲ ਗੁਆਂਢ ਲੰਬੜਾਂ ਦਾ ਘਰ ਹੁੰਦਾ ਸੀ। ਉਨ੍ਹਾਂ ਦੇ ਨਲਕਾ ਲੱਗਾ ਹੋਇਆ ਸੀ, ਪਰ ਸੀ ਗੁਸਲਖਾਨੇ ਵਿਚ। ਜਦੋਂ ਕੋਈ ਨਹਾ ਰਿਹਾ ਹੁੰਦਾ ਤਾਂ ਪਾਣੀ ਲੈਣਾ ਮੁਸ਼ਕਿਲ ਹੋ ਜਾਂਦਾ। ਜੇਕਰ ਉਨ੍ਹਾਂ ਦੇ ਘਰ ਦਾ ਮੁੱਖ ਦਰਵਾਜ਼ਾ ਖੁੱਲ੍ਹਾ ਹੋਵੇ ਤਾਂ ਜਾ ਕੇ ਨਲਕਾ ਗੇੜ ਕੇ ਪਾਣੀ ਭਰ ਲਈਦਾ ਸੀ। ਸਾਡੇ ਹੋਰ ਆਂਢੀ-ਗੁਆਂਢੀ ਵੀ ਉਥੋਂ ਪਾਣੀ ਲੈਂਦੇ ਸਨ। ਪਰ ਕਈ ਵਾਰ ਉਹ ਦਰਵਾਜ਼ਾ ਬੰਦ ਕਰ ਲੈਂਦੇ ਤੇ ਕੁੰਡਾ ਖੜਕਾਉਣ 'ਤੇ ਵੀ ਨਾ ਖੋਲ੍ਹਦੇ। ਫਿਰ ਪਾਣੀ ਲੈਣ ਲਈ ਮੁਸ਼ਕਿਲ ਆਉਂਦੀ। ਕਈ ਵਾਰ ਕਹਿ ਦੇਣਾ ਕਿ ਲੰਬੜਦਾਰ ਸੌਂ ਰਿਹਾ ਹੈ, ਠਹਿਰ ਕੇ ਲੈ ਜਾਇਓ। ਸੋ, ਅਸੀਂ ਸਾਰੇ ਲੰਬੜਦਾਰਨੀ ਦੇ ਰਹਿਮ 'ਤੇ ਹੁੰਦੇ। ਰਿਸ਼ਤੇ ਵਜੋਂ ਪੇਕਿਆਂ ਵੱਲੋਂ ਤਾਂ ਉਹ ਮੇਰੀ ਭੈਣ ਲਗਦੀ ਸੀ। ਸਾਡੇ ਬਾਪੂ ਦੇ ਮਾਮੇ ਦੀ ਪੋਤੀ। ਪਰ ਸ਼ਰੀਕੇ 'ਚੋਂ ਸਾਡੀ ਦਾਦੀ ਲਗਦੀ ਸੀ। ਕਈ ਵਾਰੀ ਜਦੋਂ ਨੂੰਹ-ਸੱਸ ਦੀ ਖੜਕੀ ਹੁੰਦੀ, ਉਦੋਂ ਵੀ ਮੁੱਖ ਦਰਵਾਜ਼ਾ ਬੰਦ ਹੁੰਦਾ। ਓਦਾਂ ਤਾਂ ਸੱਸ ਜਦੋਂ ਸੁਰਾਂ 'ਤੇ ਹੁੰਦੀ ਤਾਂ ਸਾਰਾ ਦਿਨ ਦਰਵਾਜ਼ਾ ਖੁੱਲ੍ਹਾ ਰੱਖਦੀ।

ਦੂਜਾ ਘਰ ਜਿਸ 'ਚ ਨਲਕਾ ਲੱਗਾ ਹੋਇਆ ਸੀ, ਉਹ ਸੀ ਭਾਈ ਕਾਬਲ ਸਿੰਘ ਦਾ ਘਰ। ਗਲੀ ਦੇ ਸ਼ੁਰੂ 'ਚ ਹੀ। ਨੀਲੀ ਪੱਗ ਵਾਲਾ ਭਾਈ ਪੱਕਾ ਅਕਾਲੀ ਸੀ। ਉਸ ਦੀਆਂ ਦੋ ਤੀਵੀਆਂ ਸਨ। ਵੱਡੀ ਬਿਸ਼ਨੋ ਤੇ ਛੋਟੀ



ਕਰਤਾਰ ਕੌਰ। ਸੌਂਕਣਾਂ। ਬਿਸ਼ਨੋ ਦੇ ਬੱਚਾ ਨਹੀਂ ਸੀ। ਕਰਤਾਰ ਕੌਰ ਮਾਲਵੇ ਤੋਂ ਸੀ, ਉਹਦੇ ਇਕ ਮੁੰਡਾ ਸੀ। ਸੌਂਕਣਾਂ ਦੀ ਲੜਾਈ, ਤੌਬਾ-ਤੌਬਾ। ਪਤਾ ਨਹੀਂ ਉਨ੍ਹੀਂ ਕੀ ਵੰਡਣਾ ਹੁੰਦਾ ਸੀ। ਬਹੁਤੀ ਵਾਰੀ ਤਾਂ ਉਨ੍ਹਾਂ ਦਾ ਬਾਹਰਲਾ ਬੂਹਾ ਬਾਹਰੋਂ ਹੀ ਖੋਲ੍ਹ ਲਈਦਾ ਸੀ। ਅੰਦਰ ਮੱਝਾਂ ਬੱਝੀਆਂ ਹੁੰਦੀਆਂ ਸਨ। ਕੁੱਕੜੀਆਂ ਵੀ ਅੰਦਰ ਚੁਗਦੀਆਂ ਫਿਰਦੀਆਂ ਹੁੰਦੀਆਂ। ਪਾਣੀ ਲੈਣ ਵਾਲਿਆਂ 'ਚੋਂ ਕੋਈ ਨਾ ਕੋਈ ਬਾਹਰਲਾ ਦਰਵਾਜ਼ਾ ਖੁੱਲ੍ਹਾ ਛੱਡ ਜਾਂਦਾ। ਮੁਰਗੀਆਂ ਬਾਹਰ ਨਿਕਲ ਜਾਂਦੀਆਂ। ਛੋਟੀ ਬੀਬੀ ਨੂੰ ਚੜ੍ਹ ਜਾਂਦਾ ਗੁੱਸਾ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੰਦੀ। ਓਦਾਂ ਤਾਂ ਉਹ ਦੁੱਧ ਤੇ ਆਂਡੇ ਵੀ ਵੇਚਦੀ ਸੀ। ਗਾਹਕ ਵੀ ਆਉਂਦੇ-ਜਾਂਦੇ ਰਹਿੰਦੇ। ਭਾਈ ਜੀ ਉਨ੍ਹਾਂ ਦੀ ਲੜਾਈ 'ਚ ਬਹੁਤਾ ਦਖ਼ਲ ਨਾ ਦਿੰਦੇ। ਅਖੀਰ ਥੱਕ-ਟੁੱਟ ਕੇ ਆਪੇ ਹੀ ਚੁੱਪ ਕਰ ਜਾਂਦੀਆਂ।

ਸਾਡੀ ਬੀਹੀ ਦੇ ਸਾਹਮਣੇ ਵਾਲੀ ਬੀਹੀ ਨੂੰ 'ਪੁਰਾਣੇ ਕਿਆਂ ਦੀ' ਬੀਹੀ ਕਹਿੰਦੇ ਸੀ। ਉਥੇ ਵੀ ਇਕ ਨਲਕਾ ਲੱਗਾ ਹੋਇਆ ਸੀ। ਮੈਂ ਤੇ ਮੇਰੀ ਭੈਣ ਨੇ ਉਥੋਂ ਵੀ ਹਨੇਰੇ ਸਵੇਰੇ ਪਾਣੀ ਦੀਆਂ ਬਾਲਟੀਆਂ ਲਿਆਉਣੀਆਂ, ਜਿਸ ਵਿਹੜੇ 'ਚ ਨਲਕਾ ਲੱਗਾ ਸੀ, ਉਹਦਾ ਦਰਵਾਜ਼ਾ ਤਾਂ ਹਰ ਵੇਲੇ ਖੁੱਲ੍ਹਾ ਹੀ ਰਹਿੰਦਾ ਸੀ। ਜਦੋਂ ਮਰਜ਼ੀ ਪਾਣੀ ਲੈ ਲਓ। ਮੁਸ਼ਕਿਲ ਸਿਰਫ਼ ਇਹ ਸੀ ਕਿ ਉਹ ਸਾਡੇ ਘਰੋਂ ਦੂਰ ਪੈਂਦਾ ਸੀ। ਰਾਹ 'ਚ ਪਾਣੀ ਦੀ ਭਰੀ ਬਾਲਟੀ ਰੱਖ ਕੇ ਸਾਹ ਲੈਣਾ ਪੈਂਦਾ ਸੀ। ਮੈਂ ਵੀ ਅਜੇ ਛੋਟਾ ਜਿਹਾ ਸੀ। ਮੇਰੀ ਭੈਣ ਮੈਥੋਂ ਵੱਡੀ ਸੀ। ਉਸ ਵਿਹੜੇ 'ਚ ਇਕ ਚਕੂੰਦਰ (ਘੀਸ) ਵੀ ਫਿਰਦੀ ਹੁੰਦੀ ਸੀ, ਜਿਸ ਤੋਂ ਮੈਨੂੰ ਬਹੁਤ ਡਰ ਲਗਦਾ ਸੀ। ਜਾਂ ਫਿਰ ਉਸ ਗਲੀ 'ਚ ਇਕ ਸ਼ਰਾਬੀ ਵੀ ਰਹਿੰਦਾ ਸੀ, ਜਿਹੜਾ ਸ਼ਾਮ ਵੇਲੇ ਅਵਾ-ਤਵਾ ਬੋਲਦਾ ਵੀ ਸੁਣਦਾ ਸੀ। ਚੌਥਾ ਘਰ ਜਿਥੋਂ ਅਸੀਂ ਪਾਣੀ ਲੈਂਦੇ ਸਾਂ ਜਾਂ ਲੋੜ ਵੇਲੇ ਲੈ ਸਕਦੇ ਸਾਂ, ਉਹ ਸਰਦਾਰ ਮਿਲਖਾ ਸਿੰਘ ਦਾ ਘਰ ਸੀ। ਉਨ੍ਹਾਂ ਦੇ ਘਰ ਪਾਣੀ ਦੀ ਖੂਹੀ ਸੀ। ਉਹ ਪਰਿਵਾਰ ਤਾਂ ਮਕਾਨ ਦੇ ਉਪਰਲੇ ਹਿੱਸੇ 'ਚ ਰਹਿੰਦਾ ਸੀ। ਪੂਰਨ ਝਿਊਰ ਜਾਂ ਉਹਦੀਆਂ ਕੁੜੀਆਂ ਉਸ ਖੂਹੀ ਤੋਂ ਡੋਲ ਰਾਹੀਂ ਪਾਣੀ ਕੱਢ ਕੇ ਉਨ੍ਹਾਂ ਦਾ ਦਿਨ ਭਰ ਦਾ ਪਾਣੀ ਭਰ ਜਾਂਦੀਆਂ। ਜੇ ਵੇਲੇ-ਕੁਵੇਲੇ ਸਾਨੂੰ ਪਾਣੀ ਦੀ ਲੋੜ ਹੁੰਦੀ ਤਾਂ ਅਸੀਂ ਵੀ ਖੂਹੀ ਤੋਂ ਪਾਣੀ ਭਰ ਲੈਂਦੇ। ਉਨ੍ਹਾਂ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਘਰ ਦੇ ਵਿਹੜੇ ਦੇ ਦੋ ਦਰਵਾਜ਼ੇ ਸਨ। ਇਕ ਸਾਡੀ ਬੀਹੀ 'ਚ ਖੁੱਲ੍ਹਦਾ ਸੀ ਤੇ ਦੂਜਾ ਸੜਕ ਵੱਲ। ਮਿਲਖਾ ਸਿੰਘ ਘਰਾਂ 'ਚੋਂ ਮੇਰਾ ਬਾਬਾ ਲਗਦਾ ਸੀ ਜਾਂ ਫਿਰ ਜਦੋਂ ਸਾਰੇ ਦਰਵਾਜ਼ੇ ਬੰਦ ਹੁੰਦੇ ਤਾਂ ਖਾਰੇ ਖੂਹ ਤੋਂ ਜਾਂ ਉੱਚੀ ਧਰਮਸ਼ਾਲਾ ਦੇ ਖੂਹ ਤੋਂ ਪਾਣੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ। ਸਵੇਰ ਵੇਲੇ ਤਾਂ ਖਾਰੇ ਖੂਹ ਤੋਂ ਜੁਆਲਾ ਅਤੇ ਝੰਡਿਆਂ ਵਾਲੇ ਚੌਕ ਤੋਂ ਸੇਮ ਤੇ ਸੋਹਣ ਪਾਣੀ ਭਰਦੇ ਤੇ ਲੋਕਾਂ ਦੇ ਘਰੀਂ ਦੇ ਆਉਂਦੇ।

ਕਿਉਂਕਿ ਮਕਾਨਾਂ ਦੀ, ਵੰਡ ਵੰਡਾਈ 'ਚ ਮੇਰੇ ਬਾਪ ਦੇ ਹਿੱਸੇ ਉੱਪਰ ਵਾਲਾ ਚੁਬਾਰਾ ਆਇਆ ਸੀ ਤੇ ਨਲਕਾ ਲਾਉਣ ਦੀ ਥਾਂ ਨਹੀਂ ਸੀ। ਜਦ ਅਸੀਂ ਨਾਲ ਵਾਲਾ ਘਰ ਮੁੱਲ ਲੈ ਲਿਆ ਤਾਂ ਫਿਰ ਉਸ ਦੀ ਡਿਉੜੀ 'ਚ ਨਲਕਾ ਲਾਇਆ। ਮੇਰੇ ਇੰਗਲੈਂਡ ਰਹਿੰਦੇ ਭਰਾ ਨੇ 1965 'ਚ ਆਉਣਾ ਸੀ। ਉਸ ਨੇ ਪਹਿਲਾਂ ਹੀ ਪੈਸੇ ਭੇਜ ਦਿੱਤੇ ਕਿ ਮੇਰੇ ਆਉਂਦੇ ਨੂੰ ਨਲਕਾ ਲੱਗਾ ਹੋਵੇ। ਇਕ ਵੱਡੇ ਸਾਰੇ ਲੋਹੇ ਦੇ ਟੱਬ ਦਾ ਵੀ ਪ੍ਰਬੰਧ ਕਰਿਓ। ਦਿਨ ਵੇਲੇ ਮੇਰੀ ਮਾਂ ਡਿਉੜੀ ਦਾ ਦਰਵਾਜ਼ਾ ਖੁੱਲ੍ਹਾ ਰੱਖਦੀ। ਉਸ ਨੇ ਕਹਿਣਾ ਕਿ ਅਸੀਂ ਪਾਣੀ ਲਈ ਦਰ-ਦਰ ਘੁੰਮੇ। ਸਾਨੂੰ ਉਹ ਦਿਨ ਭੁੱਲਣੇ ਨਹੀਂ ਚਾਹੀਦੇ। ਜਦੋਂ ਕੋਈ ਮਰਜ਼ੀ ਆਂਢੀ-ਗੁਆਂਢੀ ਪਾਣੀ ਲੈ ਲਵੇ। ਮਾਂ ਨੇ ਕਹਿਣਾ, 'ਬੜੀ ਤੰਗੀ ਦੇਖੀ ਪਾਣੀ ਦੀ, ਪਾਣੀ ਨੂੰ ਕਿਸੇ ਨੂੰ ਨਾਂਹ ਨਾ ਕਰਿਓ। ਲੋਕੀਂ ਤਾਂ ਰਾਹਾਂ 'ਚ, ਸਕੂਲਾਂ 'ਚ, ਸਿਵਿਆਂ 'ਚ ਨਲਕੇ ਲੁਆਉਂਦੇ ਹਨ। ਪਾਣੀ ਦੇ ਪੁੰਨ ਵਰਗਾ ਕੋਈ ਪੁੰਨ ਨਹੀਂ। ਅਸੀਂ ਸਿਰਫ਼ ਰਾਤ ਨੂੰ ਹੀ ਡਿਉੜੀ ਦਾ ਦਰਵਾਜ਼ਾ ਬੰਦ ਕਰਦੇ। ਫਿਰ ਤਾਂ ਹੌਲੀ-ਹੌਲੀ ਇਕ ਅੱਧਾ ਘਰ ਛੱਡ ਕੇ ਸਾਰਿਆਂ ਦੇ ਘਰੀਂ ਨਲਕੇ ਲੱਗ ਗਏ। ਜਦੋਂ ਸ਼ਹਿਰ ਰਹਿਣ ਲੱਗੇ ਤਾਂ ਗਰਮੀਆਂ ਨੂੰ ਪਾਣੀ ਦੀ ਬਹੁਤ ਸਮੱਸਿਆ ਆਉਂਦੀ। ਲੋਕਾਂ ਨੇ ਸਿੱਧੀਆਂ ਮੋਟਰਾਂ ਚਲਾ ਲੈਣੀਆਂ, ਪਾਣੀ ਦਾ ਦਬਾਅ ਘੱਟ ਜਾਣਾ। ਪਾਣੀ ਨੂੰ ਸੰਜਮ ਨਾਲ ਵਰਤਣਾ। ਪਾਣੀ ਦੀ ਮਹੱਤਤਾ ਦਾ ਪਤਾ ਲੱਗਾ, ਕਿਉਂਕਿ ਪਾਣੀ ਮੁਫ਼ਤ ਨਹੀਂ, ਮੁੱਲ ਮਿਲਦਾ ਸੀ। ਪਾਣੀ ਦਾ ਸੋਕਾ ਵੀ ਮਾੜਾ ਤੇ ਡੋਬਾ ਵੀ ਮਾੜਾ।

## ਵਿਅੰਗ: ਸੈਂਸਰ ਲੱਗਿਆ ਚਾਬੀਆਂ ਦਾ ਛੱਲਾ

ਰਮੇਸ਼ ਕੁਮਾਰ ਸ਼ਰਮਾ



"ਮਖਿਆ ਜੀ, ਸੁਣਦੇ ਨਹੀਂ," ਪਤਨੀ ਨੇ ਪਤੀ ਨੂੰ ਕਿਹਾ। "ਭਾਗਵਾਨ, ਕੁਝ ਬੋਲੇਂਗੀ ਤਾਂ ਫਿਰ ਹੀ ਸੁਣਾਂਗਾ।" "ਮੈਨੂੰ ਲੱਗਦਾ ਹੈ ਜਾਂ ਤਾਂ ਇਨਸਾਨ ਦੇ ਬੁੱਢਾ ਹੋਣ 'ਤੇ ਉਸ ਦੀ ਯਾਦ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ, ਜੋ ਇੱਕ ਕੁਦਰਤੀ ਵਰਤਾਰਾ ਹੈ ਜਾਂ ਫਿਰ ਨਸ਼ੇੜੀ ਆਦਮੀ ਭੁਲੱਕੜ ਹੋ ਸਕਦਾ ਹੈ। ਨਾ ਤਾਂ ਤੁਸੀਂ ਅਜੇ ਇੰਨੇ ਬਜ਼ੁਰਗ ਹੋਏ ਹੋ ਅਤੇ ਨਾ ਹੀ ਨਸ਼ੇੜੀ ਹੋ, ਫਿਰ ਪਤਾ ਨਹੀਂ ਕਿਉਂ ਹਰ ਰੋਜ਼ ਆਪਣੇ ਸਕੂਟਰ ਦੀਆਂ ਚਾਬੀਆਂ ਰੱਖ ਕੇ ਭੁੱਲ ਜਾਂਦੇ ਹੋ ? ਕੋਈ ਇੱਕ ਦਿਨ ਦੀ ਗੱਲ ਹੋਵੇ ਤਾਂ ਸਮਝ ਆਉਂਦੀ ਹੈ," ਪਤਨੀ ਨੇ ਕਿਹਾ। "ਅਰੇ ਓ ਬੀਵੀ, ਤੁਸੀਂ ਤਾਂ ਐਵੇਂ ਰਾਈ ਦਾ ਪਹਾੜ ਬਣਾ ਦਿੰਦੇ ਹੋ। ਇਕੱਲਾ ਮੈਂ ਹੀ ਨਹੀਂ ਹਾਂ ਜਿਸ ਨਾਲ ਇਸ ਤਰ੍ਹਾਂ ਹੁੰਦਾ ਹੋਵੇਗਾ। ਮੇਰੇ ਵਰਗੇ ਹੋਰ ਵੀ ਬਹੁਤ ਹੋਣਗੇ।" "ਮੈਂ ਹੋਰਾਂ ਤੋਂ ਕੀ ਲੈਣਾ ਹੈ, ਮੈਨੂੰ ਤਾਂ ਸਿਰਫ਼ ਤੁਹਾਡੇ ਨਾਲ ਮਤਲਬ ਹੈ। ਮੈਨੂੰ ਤਾਂ ਕਈ ਵਾਰ ਇਸ ਤਰ੍ਹਾਂ ਭਾਸਦਾ ਹੈ ਕਿ ਤੁਹਾਡੇ ਬਚਪਨ 'ਚ ਸਿਰ ਵਿੱਚ ਕੋਈ ਜ਼ਰੂਰ ਕੋਈ ਸੱਟ ਲੱਗੀ ਹੋਵੇਗੀ ਜਿਸ ਕਾਰਨ ਯਾਦਦਾਸ਼ਤ ਇਸ ਤਰ੍ਹਾਂ ਦੀ ਹੈ।" ਅਸਲ 'ਚ ਪਤਨੀ ਮੇਰਾ ਬਹੁਤ ਫ਼ਿਕਰ ਕਰਦੀ ਸੀ। ਉਹ ਕਈ ਵਾਰ ਬੱਚਿਆਂ ਨਾਲ ਸਲਾਹ ਕਰਦੀ ਕਿ ਕਿਉਂ ਨਾ ਤੁਹਾਡੇ ਪਾਪਾ ਨੂੰ ਕਿਸੇ ਮਨੋਵਿਗਿਆਨੀ ਕੋਲੋਂ ਚੈੱਕ ਕਰਵਾ ਲਿਆ ਜਾਵੇ, ਪਰ ਬੱਚੇ ਬੜੇ ਸਿਆਣੇ ਹੁੰਦੇ ਹਨ। ਉਨ੍ਹਾਂ ਕਿਹਾ, "ਮੰਮੀ, ਤੁਸੀਂ ਐਵੇਂ ਫ਼ਿਕਰ ਕਰ ਰਹੇ ਹੋ। ਇੰਨੀ ਵੱਡੀ ਗੱਲ ਨਹੀਂ ਜਿੰਨੀ ਤੁਸੀਂ ਸੋਚਦੇ ਹੋ। ਪਾਪਾ ਨੂੰ ਕੋਈ ਦਫ਼ਤਰੀ ਬੋਝ ਜਾਂ ਤਣਾਅ ਵੀ ਹੋ ਸਕਦਾ ਹੈ।"

ਪਰ ਪਤਨੀ ਦੀ ਸੰਤੁਸ਼ਟੀ ਨਾ ਹੋਈ। ਉਸ ਨੇ ਇਸ ਵਿਸ਼ੇ 'ਚ ਆਪਣੀਆਂ ਸਹੇਲੀਆਂ ਤੋਂ ਸਲਾਹ ਲੈਣੀ ਵੀ ਮੁਨਾਸਬ ਸਮਝੀ। ਜ਼ਿਆਦਾਤਰ ਔਰਤਾਂ ਦੀ ਮੱਤ ਇੱਕੋ ਜਿਹੀ ਹੁੰਦੀ ਹੈ। ਇੱਕ ਨੇ ਕਿਹਾ, "ਮੈਨੂੰ ਤੁਹਾਡੀ ਭਰਾ ਜੀ ਨੂੰ ਡਾਕਟਰ ਨੂੰ ਦਿਖਾਉਣ ਵਾਲੀ ਸਲਾਹ ਉੱਚਿਤ ਲੱਗਦੀ ਹੈ।" "ਮੈਨੂੰ ਲੱਗਦਾ ਹੈ ਭਰਾ ਜੀ ਨੂੰ ਕਿਸੇ ਨੇ ਕੁਝ ਕਰਾਇਆ ਹੋਇਆ ਵੀ ਹੋ ਸਕਦਾ ਹੈ। ਆਪਾਂ ਨੂੰ ਇਸ ਪਾਸੇ ਵੀ ਥੋੜ੍ਹਾ ਵਿਚਾਰ ਕਰ ਲੈਣਾ ਚਾਹੀਦਾ ਹੈ।"

ਉਨ੍ਹਾਂ ਵਿੱਚੋਂ ਇੱਕ ਔਰਤ ਬਹੁਤ ਸਿਆਣੀ ਅਤੇ ਸੁਲਝੀ ਹੋਈ ਸੀ। ਉਸ ਨੇ ਕਿਹਾ, "ਐਵੇਂ ਨਾ ਊਲ-ਜਲੂਲ ਗੱਲਾਂ ਕਰੋ। ਜੇ ਸਮੱਸਿਆ ਸਿਰਫ਼ ਇੰਨੀ ਕੁ ਹੈ ਕਿ ਉਹ ਚਾਬੀਆਂ ਦਾ ਛੱਲਾ ਰੱਖ ਕੇ ਭੁੱਲ ਜਾਂਦੇ ਹਨ ਤਾਂ ਇਹ ਕੋਈ ਵੱਡਾ ਮਾਮਲਾ ਨਹੀਂ। ਇਸ ਦਾ ਬਹੁਤ ਹੀ ਆਸਾਨ ਹੱਲ ਹੈ। ਤੁਹਾਨੂੰ ਪਤਾ ਹੈ ਕਿ ਸਾਡਾ ਜਨਰਲ ਸਟੋਰ ਹੈ, ਮੈਂ ਆਪਣੇ ਪਤੀ ਨੂੰ ਕਹਿ ਕੇ ਉਨ੍ਹਾਂ ਲਈ ਇੱਕ ਸੈਂਸਰ ਲੱਗਿਆ ਚਾਬੀਆਂ ਦਾ ਛੱਲਾ ਮੰਗਵਾ ਦੇਵਾਂਗੀ। ਉਸ ਨੂੰ ਤੁਸੀਂ ਕਿਤੇ ਵੀ ਰੱਖ ਕੇ ਭੁੱਲ ਜਾਵੋ ਤਾਂ ਜ਼ਰਾ ਮੂੰਹ ਨਾਲ ਵਿਸਲ (ਸੀਟੀ) ਮਾਰ ਦੇਣਾ। ਛੱਲਾ 30-40 ਫੁੱਟ ਦੇ ਖੇਤਰ 'ਚ ਕਿਤੇ ਵੀ ਹੋਵੇਗਾ ਤਾਂ ਉੱਥੋਂ ਸੰਗੀਤ ਦੀ ਆਵਾਜ਼ ਆਉਣੀ ਸ਼ੁਰੂ ਹੋ ਜਾਵੇਗੀ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਛੱਲਾ ਕਿੱਥੇ ਹੈ।" ਅਗਲੇ ਦਿਨ ਮੇਰੇ ਲਈ ਚਾਬੀਆਂ ਦਾ ਖ਼ਾਸ ਛੱਲਾ ਆ ਗਿਆ।

ਹੁਣ ਤਾਂ ਮੌਜਾਂ ਲੱਗ ਗਈਆਂ। ਜੇ ਛੱਲਾ ਏਧਰ-ਓਧਰ ਹੋ ਜਾਂਦਾ ਤਾਂ ਮੇਰਾ ਬੇਟਾ ਸੀਟੀ ਮਾਰਦਾ ਅਤੇ ਛੱਲਾ ਲੱਭ ਜਾਂਦਾ। ਪਤਨੀ ਨੇ ਮਨ ਹੀ ਮਨ 'ਚ ਆਪਣੀ ਸਹੇਲੀ ਦਾ ਧੰਨਵਾਦ ਕੀਤਾ।

ਮੈਨੂੰ ਆਪ ਤਾਂ ਸੀਟੀ ਮਾਰਨੀ ਨਹੀਂ ਆਉਂਦੀ ਸੀ। ਚਾਬੀਆਂ ਦੇ ਛੱਲੇ ਕਾਰਨ ਸਾਰਾ ਟੱਬਰ ਸੀਟੀਆਂ ਮਾਰਨਾ ਸਿੱਖ ਗਿਆ। ਪਤਨੀ ਤਾਂ ਜੀਭ ਹੇਠਾਂ ਦੋ ਉਂਗਲਾਂ ਰੱਖ ਕੇ ਇੰਨੀ ਤੇਜ਼ ਅਤੇ ਕਰਾਰੀ ਸੀਟੀ ਮਾਰਿਆ ਕਰੇ ਕਿ ਕਈ ਵਾਰ ਤਾਂ ਰਾਹ ਜਾਂਦੇ ਰਾਹੀ ਰੁਕ ਰੁਕ ਕੇ ਦੇਖਣ ਲੱਗ ਜਾਂਦੇ ਸਨ। ਮੈਂ ਕਿਹਾ, "ਮੈਡਮ ਜੀ, ਤੁਹਾਡੀ ਸੀਟੀ ਸਭ ਤੋਂ ਤਿੱਖੀ ਅਤੇ ਤੇਜ਼ ਹੁੰਦੀ ਹੈ। ਕਿੱਥੋਂ ਸਿੱਖੀ ਹੈ ਤੁਸੀਂ ਇਹ ?" "ਅਭਿਆਸ, ਮੇਰੇ ਪ੍ਰਾਣਨਾਥ ਸਿਰਫ਼ ਦੋ ਦਿਨਾਂ ਦਾ ਅਭਿਆਸ।" ਕਈ ਵਾਰ ਉਹ ਕੋਠੇ 'ਤੇ ਹੁੰਦੀ, ਉੱਥੋਂ ਸੀਟੀ ਮਾਰਦੀ ਤੇ ਮੈਂ ਹੇਠਾਂ ਛੱਲਾ ਲੱਭ ਲੈਂਦਾ। ਗੱਲ ਕੀ ਅਸੀਂ ਸਾਰੇ ਛੱਲੇ ਨਾਲ ਲੁਕਣਮੀਟੀ ਖੇਡਦੇ ਰਹਿੰਦੇ। ਕੁਝ ਦਿਨ ਤਾਂ ਇਹ ਸਭ ਕੁਝ ਸੁਹਾਵਣਾ ਲੱਗਿਆ, ਪਰ ਹੱਦ ਤਾਂ ਉਸ ਦਿਨ ਹੋ ਗਈ ਜਦੋਂ ਦੋ ਅਜਨਬੀ ਆਦਮੀਆਂ ਨੇ ਮੇਰੇ ਤੋਂ ਹੀ ਪੁੱਛਿਆ, "ਭਾਈ ਸਾਹਿਬ, ਇੱਥੇ ਜਵਾਨ ਜਿਹੀ ਔਰਤ ਰਹਿੰਦੀ ਹੈ ਜੋ ਆਪ ਸੀਟੀਆਂ ਮਾਰ ਮਾਰ ਕੇ ਬੁਲਾਉਂਦੀ ਹੈ।" ਮੈਂ ਕਿਹਾ, "ਜੀ, ਮੈਨੂੰ ਨਹੀਂ ਪਤਾ। ਮੈਂ ਇਸ ਜਗ੍ਹਾ ਨਵਾਂ ਆਇਆ ਹਾਂ।" "ਚੰਗਾ ਬੰਦਾ ਹੈਂ ਯਾਰ, ਇਹੋ ਜਿਹੀ ਚੀਜ਼ ਦੀ ਬਿੜਕ ਰੱਖੀਦੀ ਹੈ।"

ਮੇਰੀ ਪਤਨੀ ਦੀ ਸੀਟੀਆਂ ਮਾਰਨ ਦੀ ਆਦਤ ਇੰਨੀ ਵਧ ਗਈ ਕਿ ਬੱਚਿਆਂ ਨੂੰ ਵੀ ਸੀਟੀਆਂ ਮਾਰ ਕੇ ਬੁਲਾਉਣ ਲੱਗ ਪਈ। ਫਿਰ ਸਾਹਮਣੇ ਵਾਲੀ ਲਾਈਨ ਤੋਂ ਕੁਝ ਸਟਾਫ ਮੈਂਬਰ ਵੀ ਆ ਗਏ ਅਤੇ ਉਨ੍ਹਾਂ ਨੇ ਕਿਹਾ, "ਸ਼ਰਮਾ ਜੀ, ਮੈਡਮ ਨੂੰ ਕੋਈ ਪ੍ਰੌਬਲਮ ਹੈ ? ਵੇਖੋ ਜੀ, ਸਭ ਤੋਂ ਪਹਿਲਾਂ ਗੁਆਂਢੀ ਹੀ ਕੰਮ ਆਉਂਦੇ ਹਨ। ਜੇ ਕਿਸੇ ਤਰ੍ਹਾਂ ਦੇ ਸਹਿਯੋਗ ਦੀ ਜ਼ਰੂਰਤ ਹੋਵੇ ਤਾਂ ਬਿਨਾਂ ਸੰਕੋਚ ਸਾਨੂੰ ਕਹਿ ਸਕਦੇ ਹੋ।" ਇੱਕ ਹੋਰ ਨੇ ਕਿਹਾ, "ਇੱਕ ਮਨੋਵਿਗਿਆਨੀ ਡਾਕਟਰ ਮੇਰਾ ਬੜਾ ਅੱਛਾ ਦੋਸਤ ਹੈ, ਜਦੋਂ ਹੁਕਮ ਕਰੋਗੇ ਚੱਲ ਪਵਾਂਗੇ।"

ਮੈਂ ਉਨ੍ਹਾਂ ਦੇ ਜਾਣ ਤੋਂ ਬਾਅਦ ਆਪਣਾ ਸਿਰ ਫੜ ਕੇ ਬੈਠ ਗਿਆ ਅਤੇ ਸੋਚਾਂ ਦੇ ਸਾਗਰ 'ਚ ਡੁੱਬ ਗਿਆ ਕਿ ਅੱਜਕੱਲ੍ਹ ਇਲੈਕਟ੍ਰੋਨਿਕ ਚੀਜ਼ਾਂ ਦੇ ਜੇ ਫ਼ਾਇਦੇ ਹਨ ਤਾਂ ਨਾਲ ਨਾਲ ਕੁਝ ਨੁਕਸਾਨ ਵੀ ਬਹੁਤ ਹਨ। ਅਗਲੀ ਸਵੇਰ ਸਭ ਤੋਂ ਪਹਿਲਾਂ ਮੈਂ ਛੱਲੇ ਨੂੰ ਘਰ ਤੋਂ ਬਾਹਰ ਸੁੱਟਿਆ ਜੋ ਇਸ ਸਾਰੇ ਫਸਾਦ ਦੀ ਜੜ੍ਹ ਸੀ।

*ਅੱਜ ਰੁਜ਼ਗਾਰ ਪ੍ਰਾਪਤ ਕਰਨ ਨਾਲੋਂ ਵੀ ਵੱਡੀ ਚੁਣੌਤੀ ਰੁਜ਼ਗਾਰ 'ਚ ਟਿਕੇ ਰਹਿਣ ਦੀ ਹੈ। ਇਸ ਚੁਣੌਤੀ ਤੋਂ ਪਾਰ ਪਾਉਣ ਦਾ ਇੱਕੋ ਤਰੀਕਾ ਹੈ-ਨਵੀਆਂ ਸਕਿੱਲਜ਼ ਨਾਲ ਆਪਣੇ ਆਪ ਨੂੰ ਲਗਾਤਾਰ ਅਪਡੇਟ ਕਰਦੇ ਰਹਿਣਾ। ਵਧਦੀ ਹੋਈ ਮੁਕਾਬਲੇਬਾਜ਼ੀ ਅਤੇ ਬਦਲ ਰਹੇ ਕੰਮ ਦੇ ਸੱਭਿਆਚਾਰ ਕਾਰਨ ਹਰ ਮੋਰਚੇ 'ਤੇ ਹੁਨਰਮੰਦ ਪੇਸ਼ੇਵਰਾਂ ਦੀ ਮੰਗ ਵਧ ਰਹੀ ਹੈ। ਮੌਜੂਦਾ ਸਮੇਂ ਆਟੋਮੇਸ਼ਨ ਕਾਰਨ ਵਧ ਰਹੇ ਰੁਜ਼ਗਾਰ ਸੰਕਟ ਨੂੰ ਦੂਰ ਕਰਨ 'ਚ ਨਵੀਆਂ ਤਕਨੀਕਾਂ ਨੂੰ ਵੱਡੀ ਉਮੀਦ ਦੇ ਤੌਰ 'ਤੇ ਵੇਖਿਆ ਜਾ ਰਿਹਾ ਹੈ। ਕੁਝ ਨਵੀਆਂ ਸਕਿੱਲਜ਼ ਨਵੇਂ ਵਰ੍ਹੇ ਦੌਰਾਨ ਤੁਹਾਡੇ ਲਈ ਨਵੀਆਂ ਸੰਭਾਵਨਾਵਾਂ ਦੇ ਰਾਹ ਖੋਲ੍ਹ ਸਕਦੀਆਂ ਹਨ...*



# ਹੁਨਰਮੰਦੀ ਨਾਲ ਆਸਾਨ ਬਣੇਗਾ ਤਰੱਕੀ ਦਾ ਰਾਹ

ਨਵੀਆਂ ਤਕਨੀਕਾਂ ਦੀ ਆਮਦ ਕਾਰਨ ਹਰ ਖੇਤਰ ਵਿਚ ਤੇਜੀ ਨਾਲ ਤਬਦੀਲੀਆਂ ਵੀ ਆ ਰਹੀਆਂ ਹਨ ਅਤੇ ਕੰਮ ਉੱਪਰ ਵੀ ਉਸ ਦਾ ਵੱਡੇ ਪੱਧਰ 'ਤੇ ਅਸਰ ਪੈ ਰਿਹਾ ਹੈ। ਜੌਬ ਮਾਰਕੀਟ ਵਿਚ ਕਿਵੇਂ ਆਪਣੇ ਆਪ ਨੂੰ ਅੱਗੇ ਰੱਖਿਆ ਜਾਵੇ ਅਤੇ ਕਿਹੜੀਆਂ ਸਕਿੱਲਜ਼ ਤੁਹਾਡੇ ਭਵਿੱਖ ਨੂੰ ਆਸਾਨ ਬਣਾ ਸਕਦੀਆਂ ਹਨ? ਅਜਿਹੇ ਤਮਾਮ ਸਵਾਲਾਂ ਦੇ ਹੱਲ ਲੱਭਣੇ ਬੇਹੱਦ ਜ਼ਰੂਰੀ ਹਨ। ਇਹ ਸਹੀ ਹੈ ਕਿ ਭਾਰਤ ਵਿਚ ਨੌਕਰੀਆਂ ਦੀ ਬਹੁਤ ਕਮੀ ਹੈ। ਇਸ ਦਾ ਇਕ ਹੀ ਕਾਰਨ ਹੈ ਕਿ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ 'ਚ ਹੁਨਰ ਅਤੇ ਅਨੁਭਵ ਵਾਲੇ ਲੋਕਾਂ ਦੀ ਕਮੀ ਅਤੇ ਵਧ ਰਹੀ ਮੁਕਾਬਲੇਬਾਜ਼ੀ ਹੈ। ਬੀਤੇ ਵਰ੍ਹੇ ਅਸੀਂ ਵੇਖਿਆ ਕਿ ਨਵੇਂ ਬਿਜ਼ਨਸ ਮਾਡਲ ਅਤੇ ਨਵੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰੋਬੋਟਿਕਸ ਵਰਗੀਆਂ ਆਟੋਮੇਸ਼ਨ ਤਕਨੀਕਾਂ ਨੇ ਪੇਸ਼ੇਵਰਾਂ ਦੇ ਸਾਹਮਣੇ ਨਵੇਂ ਸਿਰੇ ਤੋਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਦਾ ਇਕ ਪਹਿਲੂ ਇਹ ਵੀ ਹੈ ਕਿ ਉੱਭਰ ਰਹੀਆਂ ਤਕਨੀਕਾਂ ਨੇ ਮਾਹਿਰਾਂ ਦੀ ਮੰਗ ਵਿਚ ਤੇਜੀ ਨਾਲ ਵਾਧਾ ਕੀਤਾ ਹੈ।

### ਬਦਲਦੇ ਕਾਰੋਬਾਰੀ ਮਾਹੌਲ 'ਚ ਹੁਨਰਮੰਦੀ ਦੀ ਅਹਿਮੀਅਤ

ਪਿਛਲੇ ਕੁਝ ਸਾਲਾਂ ਤੋਂ ਜੌਬ ਮਾਰਕੀਟ ਕਈ ਨਵੀਆਂ ਚੁਣੌਤੀਆਂ ਨਾਲ ਜੂਝ ਰਹੀ ਹੈ। ਇਸ ਦਾ ਅਸਰ ਭਰਤੀ ਪ੍ਰਕਿਰਿਆ ਉੱਪਰ ਵੀ ਪਿਆ ਹੈ। ਇਕ ਪਾਸੇ ਜਿੱਥੇ ਰਵਾਇਤੀ ਤਰੀਕਿਆਂ ਨਾਲ ਕੰਮ ਕਰਨ ਵਾਲਿਆਂ ਸਾਹਮਣੇ ਕਈ ਖ਼ਤਰੇ ਆਣ ਖੜ੍ਹੇ ਹੋਏ ਹਨ, ਉੱਥੇ ਨਵੀਆਂ ਤਕਨੀਕਾਂ ਨਾਲ ਅਪਡੇਟ ਪੇਸ਼ੇਵਰਾਂ ਲਈ ਨਵੀਆਂ ਸੰਭਾਵਨਾਵਾਂ ਵੀ ਪੈਦਾ ਹੋਈਆਂ ਹਨ। ਡੈਟਾ ਸਾਇੰਸ ਅਤੇ ਡਿਜੀਟਲ ਸਕਿਲ ਦੀ ਅਹਿਮੀਅਤ ਬਿਜ਼ਨਸ ਦੇ ਸਾਰੇ ਖੇਤਰਾਂ ਵਿਚ ਮਹਿਸੂਸ ਕੀਤੀ ਜਾ ਰਹੀ ਹੈ, ਚਾਹੇ ਉਹ ਫਾਈਨੈਂਸ਼ੀਅਲ ਸਰਵਿਸਿਜ਼ ਹੋਣ ਜਾਂ ਰਿਟੇਲ ਹੋਵੇ, ਈ-ਕਾਮਰਸ ਹੋਵੇ ਜਾਂ ਮੀਡੀਆ ਤੇ ਐਂਟਰਟੇਨਮੈਂਟ ਦਾ ਖੇਤਰ ਹੋਵੇ, ਇਹ ਮੰਨਿਆ ਜਾ ਰਿਹਾ ਹੈ ਕਿ ਨਵੇਂ ਸਾਲ ਦੌਰਾਨ ਮੋਬਾਈਲ ਮਨੂਫੈਕਚਰਿੰਗ, ਫਿਨਟੈੱਕਸ ਸਟਾਰਟਅੱਪ ਵਰਗੇ ਖੇਤਰ ਬਿਹਤਰ ਪ੍ਰਦਰਸ਼ਨ ਕਰਨਗੇ। ਦੇਸ਼ ਵਿਚ ਫਲੈਕਸੀ-ਵਰਕਫੋਰਸ ਦੀ ਮੰਗ ਵਧ ਰਹੀ ਹੈ ਅਤੇ ਉਮੀਦ ਹੈ ਕਿ 2025 ਤਕ ਇਹ 90 ਲੱਖ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ। ਦੂਸਰੇ ਸ਼ਬਦਾਂ ਵਿਚ, ਕਾਂਟਰੈਕਟ ਸਰਵਿਸ ਦਾ ਉਭਾਰ ਹੁਨਰਮੰਦੀ ਉੱਪਰ ਹੀ ਨਿਰਭਰ ਕਰੇਗਾ। ਪਾਰਟ ਟਾਈਮ ਜੌਬ ਜਾਂ 'ਵਰਕ ਫਰਾਮ ਹੋਮ' ਵਰਗੀ ਤੇਜੀ ਨਾਲ ਪ੍ਰਚਲਿਤ ਹੋ ਰਹੀ ਕਾਰਜਪ੍ਰਣਾਲੀ ਕੁਸ਼ਲ ਪੇਸ਼ੇਵਰਾਂ ਅਤੇ ਨਵੇਂ ਹੁਨਰ ਨਾਲ ਅਪਡੇਟ ਲੋਕਾਂ ਲਈ ਸੰਭਾਵਨਾਵਾਂ 'ਚ ਵਾਧਾ ਕਰਨ ਦੇ ਨਾਲ-ਨਾਲ ਮੁਕਾਬਲੇਬਾਜ਼ੀ 'ਚ ਵੀ ਵਾਧਾ ਕਰੇਗੀ। ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਵਰ੍ਹਿਆਂ ਦੌਰਾਨ ਇਨਫਰਾਸਟ੍ਰਕਚਰ, ਟੈਲੀਕਾਮ, ਮਨੂਫੈਕਚਰਿੰਗ ਅਤੇ ਆਈਟੀ ਇੰਡਸਟਰੀ ਸਮੇਤ ਕਈ ਖੇਤਰਾਂ 'ਚ ਤੇਜੀ ਆਵੇਗੀ, ਜਿੱਥੇ ਨਵੇਂ ਹੁਨਰ ਨਾਲ ਲੈਸ ਪੇਸ਼ੇਵਰਾਂ ਲਈ ਬੇਸ਼ੁਮਾਰ ਮੌਕੇ ਹੋਣਗੇ।





### ਡਾਟਾ ਤੇ ਸਕਿਓਰਿਟੀ ਦਾ ਨਵਾਂ ਦੌਰ

ਮਾਡਰਨ ਵਰਕਫੋਰਸ ਨੂੰ ਤਿਆਰ ਕਰਨਾ ਅੱਜ ਕੰਪਨੀਆਂ ਦੀ ਪਹਿਲ 'ਚ ਸ਼ਾਮਲ ਹੈ। ਇਹੀ ਕਾਰਨ ਹੈ ਕਿ ਬਿਹਤਰ ਟੇਲੈਂਟ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਕੰਪਨੀਆਂ ਨਵੀਆਂ ਪ੍ਰਕਿਰਿਆਵਾਂ ਨੂੰ ਅਪਣਾ ਰਹੀਆਂ ਹਨ। ਹਰ ਤਰ੍ਹਾਂ ਦੇ ਬਿਜ਼ਨਸ ਨੂੰ ਆਈਟੀ ਦੀਆਂ ਤਬਦੀਲੀਆਂ ਆਪਣੇ ਪ੍ਰਭਾਵ ਹੇਠ ਲੈ ਰਹੀਆਂ ਹਨ। ਡਾਟਾ ਉੱਪਰ ਵਧ ਰਹੀ ਨਿਰਭਰਤਾਂ ਅਤੇ ਡਾਟਾ ਦੀ ਸੁਰੱਖਿਆ ਨੂੰ ਲੈ ਕੇ ਵਧ ਰਹੀ ਚੌਸੀ ਕਾਰੋਬਾਰ ਦੀ ਦੁਨੀਆ 'ਚ ਆਮ ਹੋ ਚੁੱਕੀ ਹੈ।

ਰਕਰਿਊਟਮੈਂਟ ਸਬੰਧੀ ਕਈ ਸਰਵੇਖਣਾਂ 'ਚ ਇਸ ਗੱਲ ਦਾ ਦਾਅਵਾ ਕੀਤਾ ਜਾ ਚੁੱਕਾ ਹੈ ਕਿ ਡਾਟਾ ਆਧਾਰਿਚ ਅਤੇ ਸਕਿਓਰਿਟੀ ਨਾਲ ਸਬੰਧਤ ਜੌਬ ਪ੍ਰੋਫਾਈਲ 'ਚ ਆਉਣ ਵਾਲੇ ਵਰ੍ਹਿਆਂ ਦੌਰਾਨ ਵਾਧਾ ਹੋਵੇਗਾ। ਨਵੇਂ ਵਰ੍ਹੇ ਵਿਚ ਹੁਨਰ ਅਤੇ ਤਜਰਬੇ ਦਾ ਪੱਧਰ ਵਧਣ ਨਾਲ ਕੰਮ 'ਚ ਦਾਅਵੇਦਾਰੀ ਮਜ਼ਬੂਤ ਕਰਨ ਲਈ ਡਾਟਾ ਐਨਾਲਿਸਟ, ਡਾਟਾਬੇਸ ਡਿਵੈਲਪਰ ਅਤੇ ਸਕਿਓਰਿਟੀ ਐਡਮਨਿਸਟ੍ਰੇਸ਼ਨ ਵਰਗੇ ਕਰੀਅਰ ਵੱਲ ਆਪਣਾ ਰੁਖ਼ ਕਰਨਾ ਤੁਹਾਡੇ ਲਈ ਵਧੇਰੇ ਫ਼ਾਇਦੇਮੰਦ ਸਿੱਧ ਹੋ ਸਕਦਾ ਹੈ। ਆਓ,



ਆਈਟੀ ਸੈਕਟਰ 'ਚ ਸੰਭਾਵਨਾਵਾਂ ਅਤੇ ਤੇਜੀ ਨਾਲ ਉੱਭਰ ਰਹੇ ਕੁਝ ਕਰੀਅਰ ਬਦਲਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ :

### ਸਪੋਰਟ ਡੈਸਕ ਟੈਕਨੀਸ਼ੀਅਨ

ਸਿੱਧੇ ਤੌਰ 'ਤੇ ਗਾਹਕ ਸੇਵਾਵਾਂ ਨਾਲ ਜੁੜੇ ਬਿਜ਼ਨਸ 'ਚ ਸਪੋਰਟ ਡੈਸਕ ਟੈਕਨੀਸ਼ੀਅਨ ਦੀ ਭੂਮਿਕਾ ਬਹੁਤ ਅਰਥ ਰੱਖਦੀ ਹੈ। ਤਕਨੀਕੀ ਰੱਖਿਆ ਕਰਮਚਾਰੀ ਦੇ ਤੌਰ 'ਤੇ ਸਪੋਰਟ ਡੈਸਕ ਟੈਕਨੀਸ਼ੀਅਨ ਗਾਹਕ ਸੇਵਾਵਾਂ ਅਤੇ ਟ੍ਰਬਲਸ਼ੂਟਰ ਨੂੰ ਪ੍ਰਭਾਵਸ਼ਾਲੀ ਬਣਾਉਣ 'ਚ ਆਪਣੀਆਂ ਤਕਨੀਕਾਂ ਅਤੇ ਸਾਫਟ ਸਕਿੱਲਜ਼ ਦੀ ਬਾਖ਼ੂਬੀ ਵਰਤੋਂ ਕਰਦੇ ਹਨ। ਇਸ ਕਿੱਤੇ ਵਿਚ ਧੀਰਜ ਨਾਲ ਤਕਨੀਕੀ ਸਮੱਸਿਆਵਾਂ ਨੂੰ ਹੱਲ ਕਰਨ ਅਤੇ



ਗਾਹਕ ਨੂੰ ਬਿਹਤਰੀਨ ਢੰਗ ਨਾਲ ਡੀਲ ਕਰਨ ਦੇ ਗੁਣਾਂ ਦਾ ਹੋਣਾ ਲਾਜ਼ਮੀ ਹੈ।

**ਜ਼ਰੂਰੀ ਹੁਨਰ** : ਇਨਫਰਮੇਸ਼ਨ ਸਿਸਟਮ ਦੀ ਜਾਣਕਾਰੀ, ਸਪਾਈਵੇਅਰ, ਨੈੱਟਵਰਕ ਫੰਡਾਮੈਂਟਲ, ਟ੍ਰਬਲਸ਼ੂਟਿੰਗ ਅਤੇ ਰਿਪੇਅਰ, ਕਮਿਊਨੀਕੇਸ਼ਨ ਦੇ ਪੱਧਰ 'ਤੇ ਬਿਹਤਰੀਨ ਜਾਣਕਾਰੀ ਦਾ ਹੋਣਾ ਲਾਜ਼ਮੀ ਹੈ। ਡਿਗਰੀ ਕੋਰਸ ਤੋਂ ਇਲਾਵਾ ਕੰਪਿਊਟਰ ਟ੍ਰਬਲਸ਼ੂਟਿੰਗ ਸਰਟੀਫਿਕੇਟ ਵਰਗੇ ਕੋਰਸ ਚੰਗੇ ਕਰੀਅਰ 'ਚ ਮਦਦਗਾਰ ਸਿੱਧ ਹੋ ਸਕਦੇ ਹਨ।

### ਬਿਜ਼ਨਸ ਇੰਟੈਲੀਜੈਂਸ ਐਨਾਲਿਸਟ

ਡਾਟਾ ਅਨੈਲੇਸਿਸ ਉੱਪਰ ਬਿਜ਼ਨਸ ਦੀ ਵਧਦੀ ਹੋਈ ਨਿਰਭਰਤਾ ਡਾਟਾਬੇਸ ਟੈਕਨਾਲੋਜੀ, ਐਨਾਲਿਟਿਕਸ ਅਤੇ ਰਿਪੋਰਟਿੰਗ ਟੂਲਜ਼ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਮੰਗ ਅੱਜ ਤੇਜੀ ਨਾਲ ਵਧ ਰਹੀ ਹੈ। ਜੇ ਤੁਹਾਡੀ ਰੁਟੀ ਕੰਪਿਊਟਰ ਸਾਇੰਸ, ਇਨਫਰਮੇਸ਼ਨ ਸਿਸਟਮ ਵਿਚ ਹੈ ਤਾਂ ਯਕੀਨਨ ਇਹ ਖੇਤਰ ਤੁਹਾਡੇ ਲਈ ਵੱਡੀਆਂ ਸੰਭਾਵਨਾਵਾਂ ਦੇ ਰਸਤੇ ਖੋਲ੍ਹ ਸਕਦਾ ਹੈ। ਬਿਜ਼ਨਸ ਡਾਟਾ ਦੀਆਂ ਜ਼ਰੂਰਤਾਂ ਨੂੰ ਪਰਖਣ ਅਤੇ ਕਮਿਊਨੀਕੇਸ਼ਨ ਦਾ ਗੁਣ ਬਿਜ਼ਨਸ ਇੰਟੈਲੀਜੈਂਸ ਐਨਾਲਿਸਟ ਦੇ ਤੌਰ 'ਤੇ ਬਿਹਤਰੀਨ ਕਰੀਅਰ ਦੀ ਬੁਨਿਆਦ ਬਣ ਸਕਦਾ ਹੈ।

**ਜ਼ਰੂਰੀ ਹੁਨਰ** : ਡਾਟਾ ਕਿਊਬ ਟੈਕਨਾਲੋਜੀ, ਰਿਟੇਨ ਅਤੇ ਵਰਬਲ ਸਕਿੱਲ, ਡਾਟਾਬੇਸ ਕਵੇਰੀ, ਆਨਲਾਈਨ ਐਨਾਲਿਟੀਕਲ ਪ੍ਰੋਸੈਸਿੰਗ (ਓਐੱਲਏਪੀ) ਆਦਿ।

### ਡਾਟਾਬੇਸ ਡਿਵੈੱਲਪਰ

ਇੰਟਰਪ੍ਰਾਈਜ਼ ਡਾਟਾਬੇਸ ਦੀ ਡਿਵੈੱਲਪਮੈਂਟ ਅਤੇ ਮੈਨੇਜਮੈਂਟ ਦੀ ਜ਼ਿੰਮੇਵਾਰੀ ਜਿਹੜੇ ਪ੍ਰੋਫੈਸ਼ਨਲਜ਼ ਉੱਪਰ ਹੁੰਦੀ ਹੈ, ਉਨ੍ਹਾਂ ਨੂੰ ਡਾਟਾਬੇ, ਡਿਵੈੱਲਪਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਖੇਤਰ ਨੂੰ ਚੁਣਨ ਤੋਂ ਪਹਿਲਾਂ ਵਿਸ਼ਲੇਸ਼ਣਾਤਮਿਕ (ਐਨਾਲਿਟੀਕਲ) ਅਤੇ ਸਮੱਸਿਆਵਾਂ ਦੇ ਬਾਰੀਕੀ ਨਾਲ ਹੱਲ ਲੱਭਣ ਦੀ ਸਮਰਥਾ (ਪ੍ਰਾਬਲਮ ਸਾਲਵਿੰਗ ਸਕਿੱਲ) ਆਦਿ ਗੁਣਾਂ ਦਾ ਹੋਣਾ ਬੇਹੱਦ ਲਾਜ਼ਮੀ ਹੈ।

**ਜ਼ਰੂਰੀ ਹੁਨਰ** : ਡਾਟਾਬੇਸ ਐਕਸਪੀਰੀਐਂਸ, ਮਾਈਕਰੋਸਾਫਟ ਐੱਸਕਿਊਐੱਲ ਸਰਵਰ, ਆਰੇਕਲ ਜਾਂ ਆਈਬੀਐੱਮ ਡੀਬੀ2, ਮਾਈਕਰੋਸਾਫਟ ਸਰਟੀਫਾਈਡ ਐਡਮਨਿਸਟ੍ਰੇਸ਼ਨ ਜਾਂ ਆਰਕਲ ਐਡਮਨਿਸਟ੍ਰੇਟਰ ਸਰਟੀਫਾਈਡ ਪ੍ਰੋਫੈਸ਼ਨਲ।

### ਡਾਟਾ ਸਕਿਓਰਿਟੀ ਐਡਮਨਿਸਟ੍ਰੇਟਰ

ਵੱਡੀ ਗਿਣਤੀ 'ਚ ਡਾਟਾ ਨੂੰ ਸੁਰੱਖਿਅਤ ਰੱਖਣ ਦੀ ਚੁਣੌਤੀ ਅੱਜ ਹਰ ਕਾਰੋਬਾਰ ਦੇ ਖੇਤਰ 'ਚ ਲਗਾਤਾਰ ਵਧ ਰਹੀ ਹੈ। ਬਿਜ਼ਨਸ, ਮੁਲਾਜ਼ਮਾਂ, ਗਾਹਕਾਂ ਆਦਿ ਨਾਲ ਸਬੰਧਤ ਡਾਟਾ ਨੂੰ ਸਾਈਬਰ ਅਪਰਾਧੀਆਂ ਸੰਨ੍ਹਮਾਰੀ ਤੋਂ ਬਚਾਉਣ ਦੀ ਜ਼ਿੰਮੇਵਾਰੀ ਡਾਟਾ ਸਕਿਓਰਿਟੀ ਐਡਮਨਿਸਟ੍ਰੇਟਰ ਦੀ ਹੁੰਦੀ ਹੈ। ਨੈੱਟਵਰ ਸਕਿਓਰਿਟੀ, ਅਪ ਟੂ ਡੇਟ ਮਾਨੀਟਰਿੰਗ ਵਰਗੇ ਕਈ ਮਹੱਤਵਪੂਰਨ ਕੰਮ ਇਸ ਪ੍ਰੋਫੈਸ਼ਨ ਦੇ ਤਹਿਤ ਆਉਂਦੇ ਹਨ।

**ਜ਼ਰੂਰੀ ਹੁਨਰ** : ਕੰਪਿਊਟਰ ਸਾਇੰਸ ਨਾਲ ਸਬੰਧਤ ਸਟ੍ਰੀਮ 'ਚ ਸਰਟੀਫਿਕੇਟ, ਨਵੇਂ ਹੁਨਰ ਨਾਲ ਆਪਣੇ ਆਪ ਨੂੰ ਅਪਡੇਟ ਕਰਨ ਦੀ ਲਗਨ, ਮੁਸ਼ਕਿਲਾਂ ਨੂੰ ਧੀਰਜ ਨਾਲ ਹੱਲ ਕਰਨ ਦੀ ਸਮਰਥਾ, ਮਜ਼ਬੂਤ ਪ੍ਰੋਗਰਾਮਿੰਗ, ਮੈਥਸ ਅਤੇ ਜਨਰਲ ਇੰਜੀਨੀਅਰਿੰਗ ਸਕਿੱਲ 'ਚ ਮੁਹਾਰਤ ਦਾ ਹੋਣਾ ਇਸ ਖੇਤਰ 'ਚ ਤਰੱਕੀ ਕਰਨ ਲਈ ਬੇਹੱਦ ਜ਼ਰੂਰੀ ਹੈ।

### ਡਾਟਾ ਸਾਇੰਟਿਸਟ

ਡਾਟਾ ਸਾਇੰਟਿਸਟ ਦੇ ਤੌਰ 'ਤੇ ਕਰੀਅਰ ਬਣਾਉਣ ਲਈ ਪ੍ਰੋਗਰਾਮਿੰਗ ਸਕਿੱਲਜ਼ ਉੱਪਰ ਤੁਹਾਡੀ ਮਜ਼ਬੂਤ ਪਕੜ ਹੋਣੀ ਚਾਹੀਦੀ ਹੈ। ਬਿਜ਼ਨਲ ਇੰਟੈਲੀਜੈਂਸ ਐਨਾਲਿਸਟ ਅਤੇ ਡਾਟਾ ਸਾਇੰਟਿਸਟ ਦੇ ਕੰਮ ਵਿਚ ਕਾਫੀ ਅੰਤਰ ਹੁੰਦਾ ਹੈ। ਬਿਜ਼ਨਸ ਇਨੰਟੈਲੀਜੈਂਸ ਐਨਾਲਿਸਟ ਦੇ ਤੌਰ 'ਤੇ ਬਿਜ਼ਨਸ ਦੇ ਨਰਜ਼ਰੀਏ ਤੋਂ ਡਾਟਾ ਪੈਟਰਨ ਨੂੰ ਸਮਝਣ ਅਤੇ ਕਮਿਊਨੀਕੇਟ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ, ਜਦਕਿ ਡਾਟਾ ਸਾਇੰਟਿਸਟ ਦਾ ਕੰਮ ਇਸ ਨਾਲੋਂ ਕਾਫੀ ਵਿਸ਼ਾਲ ਪੱਧਰ ਦਾ ਹੁੰਦਾ ਹੈ। ਡਾਟਾ ਇਕੱਤਰ ਕਰਨ, ਉਸ ਨੂੰ ਪ੍ਰਕਿਰਿਆ 'ਚ ਲਿਆਉਣਾ ਅਤੇ ਵਿਸ਼ਲੇਸ਼ਣ ਕਰਨ ਵਰਗੇ ਸਾਰੇ ਕੰਮ ਡਾਟਾ ਸਾਇੰਟਿਸਟ ਦੇ ਹੁੰਦੇ ਹਨ।

**ਜ਼ਰੂਰੀ ਹੁਨਰ** : ਪ੍ਰੋਗਰਾਮਿੰਗ ਲੈਂਗੁਏਜ (ਖ਼ਾਸ ਕਰਕੇ ਪਾਇਥਨ ਜਾਂ ਜਾਵਾ), ਐਨਾਲਿਟੀਕਲ ਅਤੇ ਮੈਥੇਮੈਟੀਕਲ ਸਕਿੱਲ ਆਦਿ ਦਾ ਹੋਣਾ ਬੇਹੱਦ ਲਾਜ਼ਮੀ ਹੈ। •



---

## ਨੌਕਰੀ/ਦਾਖ਼ਲਾ

# ਸੂਝ-ਬੂਝ ਨਾਲ ਕਰੋ ਅਪਲਾਈ

*ਅੱਜ ਦੇ ਦੌਰ ਵਿਚ ਚਾਹੇ ਕਿਸੇ ਚੰਗੀ ਸੰਸਥਾ ਵਿਚ ਦਾਖ਼ਲਾ ਲੈਣ ਦੀ ਗੱਲ ਹੋਵੇ ਤਾਂ ਚੰਗੀ ਨੌਕਰੀ ਹਾਸਲ ਕਰਨ ਦੀ, ਐਪਲੀਕੇਸ਼ਨ ਫਾਰਮ ਭਰਨਾ ਵੀ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ। ਸਰਕਾਰੀ ਨੌਕਰੀ ਤੋਂ ਲੈ ਕੇ ਪ੍ਰਾਈਵੇਟ ਨੌਕਰੀ ਵਿਚ ਵੀ ਹੁਣ ਆਨਲਾਈਨ ਅਰਜ਼ੀਆਂ ਮੰਗੀਆਂ ਜਾਣ ਲੱਗੀਆਂ ਹਨ। ਇਸ ਦੌਰਾਨ ਦੇ ਕੁਝ ਅਹਿਮ ਗੱਲਾਂ ਦਾ ਧਿਆਨ ਰੱਖਿਆ ਜਾਵੇ ਤਾਂ ਸ਼ਾਰਟਲਿਸਟ ਹੋਣ ਦੀਆਂ ਸੰਭਾਵਨਾਵਾਂ 'ਚ ਵਾਧਾ ਕੀਤਾ ਜਾ ਸਕਦਾ ਹੈ...*

• ਵਿਨੀਤ ਉਤਪਲ

ਮੁਕਾਬਲੇਬਾਜ਼ੀ ਦੇ ਨਾਲ-ਨਾਲ ਤਕਨੀਕੀ ਪੇਚੀਦਗੀਆਂ ਅਤੇ ਭਰਤੀ ਪ੍ਰਕਿਰਿਆ 'ਚ ਆ ਰਹੀਆਂ ਤਬਦੀਲੀਆਂ ਨੇ ਕਿਸੇ ਪ੍ਰੋਫੈਸ਼ਨ ਜਾਂ ਕੋਰਸ ਵਿਚ ਦਾਖ਼ਲਾ ਲੈਣ ਦੀ ਪ੍ਰਕਿਰਿਆ ਨੂੰ ਕਾਫੀ ਚੁਣੌਤੀਪੂਰਨ ਬਣਾ ਦਿੱਤਾ ਹੈ। ਅਸਲ ਵਿਚ ਇਸ ਪ੍ਰਕਿਰਿਆ ਵਿਚ ਪਹਿਲੀ ਸ਼ੁਰੂਆਤ ਵਰਚੁਅਲ ਪ੍ਰੈਜ਼ੈਂਟੇਸ਼ਨ ਨਾਲ ਹੁੰਦੀ ਹੈ ਯਾਨੀ ਆਨਲਾਈਨ ਜਾਂ ਆਫਲਾਈਨ ਫਾਰਮ ਭਰਨ ਦੇ ਦੌਰਾਨ ਹਾਸਲ ਕੀਤੀ ਗਈ ਆਪਣੀ ਯੋਗਤਾ ਅਤੇ ਤਜਰਬੇ ਨੂੰ ਬਿਹਤਰ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ, ਕਿਉਂਕਿ ਸਾਡੇ ਚੁਣੇ ਜਾਣ ਦੀਆਂ ਸੰਭਵਨਾਵਾਂ ਸਾਡੇ ਵੱਲੋਂ ਫਾਰਮ ਵਿਚ ਦਿੱਤੀ ਗਈ ਜਾਣਕਾਰੀ 'ਤੇ ਹੀ ਨਿਰਭਰ ਕਰਦੀ ਹੈ। ਕੋਈ ਸਮਾਂ ਸੀ, ਜਦੋਂ ਬਾਰ ਤੋਂ ਫਾਰਮ ਖ਼ਰੀਦ ਕੇ ਭਰਿਆ ਜਾਂਦਾ ਸੀ। ਉਸ ਦੇ ਨਾਲ ਬਹੁਤ ਸਾਰੇ ਸਰਟੀਫਿਕੇਟਸ ਦੀਆਂ ਫੋਚੋ-ਕਾਪੀਆਂ ਨੂੰ ਗਜ਼ਟਿਡ ਅਧਿਕਾਰੀ ਪਾਸੋਂ ਅਟੈਸਟ ਕਰਵਾ ਕੇ ਨਥੀ ਕੀਤਾ ਜਾਂਦੀ ਸੀ। ਹੁਣ ਫਾਰਮ ਆਨਲਾਈਨ ਭਰੇ ਜਾਣ ਦੌਰਾਨ ਵਿਦਿਆਰਥੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਉਹ ਜਾਂ ਤਾਂ ਫਾਰਮ ਭਰਨ ਦੀਆਂ ਸ਼ਰਤਾਂ ਦਾ ਧਿਆਨ ਨਹੀਂ ਰੱਖਦੇ ਜਾਂ ਕੁਝ ਅਹਿਮ ਗੱਲਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਇਸ ਗੱਲ ਦਾ ਧਿਆਨ ਰੱਖੋ ਕਿ ਜ਼ਿੰਦਗੀ ਵਿਚ ਮੌਕਾ ਇਕ ਹੀ ਵਾਰ ਮਿਲਦਾ ਹੈ। ਇਸ ਲਈ ਜਦੋਂ ਵੀ ਕੋਈ ਫਾਰਮ ਭਰੋ ਤਾਂ ਨੋਟੀਫਿਕੇਸ਼ਨ ਵਿਚ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਜ਼ਰੂਰ ਧਿਆਨ ਨਾਲ ਪੜ੍ਹ ਲਵੋ ਤੇ ਉਨ੍ਹਾਂ ਦਾ ਪਾਲਣ ਜ਼ਰੂਰ ਕਰੋ।



### ਸਰਟੀਫਿਕੇਟਸ ਸਕੈਨ ਕਰ ਕੇ ਕੋਲ ਰੱਖੋ

ਜੇ ਤੁਸੀਂ ਕਿਸੇ ਕੋਰਸ ਵਿਚ ਦਾਖ਼ਲਾ ਲੈਣ ਬਾਰੇ ਸੋਚ ਰਹੇ ਹੋ ਜਾਂ ਕਿਸੇ ਨੌਕਰੀ ਵਾਸਤੇ ਅਪਲਾਈ ਕਰ ਰਹੇ ਹੋ ਤਾਂ ਸਬੰਧਤ ਪ੍ਰਮਾਣ ਪੱਤਰਾਂ ਨੂੰ ਸਕੈਨ ਕਰ ਕੇ ਆਪਣੇ ਲੈਪਟਾਪ ਜਾਂ ਪੈੱਨ-ਡਰਾਈਵ ਵਿਚ ਰੱਖ ਲਵੋ। ਇਸ ਤੋਂ ਇਲਾਵਾ ਆਪਣੀ ਈ-ਮੇਲ ਜਾਂ ਗੂਗਲ ਡਰਾਈਵ ਵਿਚ ਵੀ ਇਨ੍ਹਾਂ ਨੂੰ ਰੱਖ ਲਵੋ ਤਾਂ ਕਿ ਜਦੋ ਵੀ ਕਿਸੇ ਪ੍ਰਮਾਣ ਪੱਤਰ ਦੀ ਲੋੜ ਪਵੇ ਤਾਂ ਤੁਸੀਂ ਇਸ ਨੂੰ ਤੁਰੰਤ ਅਪਲੋਡ ਕਰ ਸਕੋ। ਪ੍ਰਮਾਣ ਪੱਤਰ ਨੂੰ ਸਕੈਨ ਕਰਨ ਲਈ ਸਕੈਨਰ ਦੀ ਵਰਤੋਂ ਕਰੋ। ਇਸ ਤੋਂ ਇਲਾਵਾ ਜਦੋਂ ਪ੍ਰਮਾਣ ਪੱਤਰਾਂ ਨੂੰ ਸਕੈਨ ਕਰੋ ਤਾਂ ਉਸ ਦੀ 'ਪੀਡੀਐੱਫ' ਤੋਂ ਇਲਾਵਾ ਇਮੇਜ ਦੇ ਤੌਰ 'ਜੇਪੀਈਜੀ' ਫ਼ਾਈਲ ਵੀ ਬਣਾ ਕੇ ਸੇਵ ਕਰ ਲਵੋ।

### ਫੋਟੋ ਅਤੇ ਦਸਤਖ਼ਤ ਵੀ ਰੱਖੋ

ਅਜੋਕੇ ਸਮੇਂ ਦੌਰਾਨ ਆਨਲਾਈਨ ਜਾਂ ਆਪਣੇ ਕੰਪਿਊਟ ਜ਼ਰੀਅ ਆਫਲਾਈਨ ਫਾਰਮ ਭਰਦੇ ਸਮੇਂ ਫੋਟੋ ਅਤੇ ਦਸਤਖ਼ਤ ਵੀ ਮਿੱਥੇ ਸਥਾਨ 'ਤੇ ਅਪਲੋਡ ਕਰਨੇ ਪੈਂਦੇ ਹਨ। ਇਸ ਲਈ ਉਸ ਦੇ ਸਾਈਜ਼ ਨੂੰ ਧਿਆਨ 'ਚ ਰੱਖਦੇ ਹੋਏ ਆਪਣੀ ਫੋਟੋ ਅਤੇ ਦਸਤਖ਼ਤ ਵੀ ਸਕੈਨ ਕਰ ਕੇ ਆਪਣੇ ਲੈਪਟਾਪ ਵਿਚ ਰੱਖ ਲਵੋ। ਜ਼ਿਆਦਾਤਰ ਵਿਦਿਆਰਥੀਆਂ ਨੂੰ ਇਨੀਂ ਦਿਨੀਂ ਸਾਈਜ਼ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ ਕਿ ਤੁਹਾਡੀ ਤਸਵੀਰ ਦਾ ਸਾਈਜ਼ ਸਹੀ ਹੋਵੇ। ਜਦੋਂ ਤੁਸੀਂ ਆਪਣੇ ਦਸਤਖ਼ਤ ਅਪਲੋਡ ਕਰੋ ਤਾਂ ਤੁਸੀਂ ਆਪਣੇ ਉਹੀ ਦਸਤਖ਼ਤ ਕਰੋ, ਜੋ ਤੁਸੀਂ ਪ੍ਰੀਖਿਆ ਜਾਂ ਇੰਟਰਵਿਊ ਦੇ ਦੌਰਾਨ ਕਰਨੇ ਹਨ।

### ਐਪਲੀਕੇਸ਼ਨ ਨੰਬਰ ਦਾ ਰੱਖੋ ਖ਼ਿਆਲ

ਸਰਕਾਰੀ ਨੌਕਰੀਆਂ ਬਾਰੇ ਜਦ ਵੀ ਕੋਈ ਇਸ਼ਤਿਹਾਰ ਆਉਂਦਾ ਹੈ ਤਾਂ ਉਸ ਦੀ ਇਕ ਖ਼ਾਸ ਸੰਖਿਆ ਜਾਂ ਨੰਬਰ ਹੁੰਦਾ ਹੈ। ਨਿੱਜੀ ਸੰਸਥਾਵਾਂ ਜਦੋਂ ਵੀ ਕੋਈ ਇਸ਼ਤਿਹਾਰ ਦਿੰਦੀਆਂ ਹਨ ਤਾਂ ਆਖਿਆ ਜਾਂਦਾ ਹੈ ਕਿ ਤੁਸੀਂ ਜਿਸ ਅਹੁਦੇ ਲਈ ਫਾਰਮ ਭਰ ਰਹੇ ਹੋ, ਉਸ ਦੇ ਲਈ ਸਬੰਧਤ ਕੋਡ ਵੀ ਫਾਰਮ ਉੱਪਰ ਲਿਖਿਆ ਜਾਵੇ ਪਰ ਜ਼ਿਆਦਾਤਰ ਵਿਦਿਆਰਥੀ ਫਾਰਮ ਤਾਂ ਭਰ ਦਿੰਦੇ ਹਨ ਪਰ ਇਹ ਭੁੱਲ ਜਾਂਦੇ ਹਨ ਕਿ ਉਹ ਜਿਸ ਅਹੁਦੇ ਲਈ ਅਪਲਾਈ ਕਰ ਰਹੇ ਹਨ ਉਸ ਦੇ ਇਸ਼ਤਿਹਾਰ ਦੀ ਸੰਖਿਆ ਕੀ ਹੈ ਜਾਂ ਉਸ ਅਹੁਦੇ ਦਾ ਕੋਡ ਕੀ ਹੈ। ਇਨ੍ਹਾਂ ਗ਼ਲਤੀਆਂ ਕਾਰਨ ਉਨ੍ਹਾਂ ਦੀ ਐਪਲੀਕੇਸ਼ਨ ਰੱਦ ਹੋ ਜਾਂਦੀ ਹੈ। ਇਕ ਗੱਲ ਬਾਰੇ ਹੋਰ ਧਿਆਨ ਦੇਣ ਦੀ ਲੋੜ ਹੈ ਕਿ ਆਨਲਾਈਨ ਫਾਰਮ ਜਮ੍ਹਾਂ ਕਰਦੇ ਸਮੇਂ ਵਿਦਿਆਰਥੀਆਂ ਨੇ ਫੀਸ ਵੀ ਆਨਲਾਈਨ ਜਮ੍ਹਾਂ ਕਰਵਾਉਣੀ ਹੁੰਦੀ ਹੈ। ਇਸ ਲਈ ਆਪਣੇ ਬੈਂਕ ਅਕਾਊਂਟ ਨੂੰ ਆਨਲਾਈਨ ਆਪਰੇਟ ਕਰਨਾ ਜ਼ਰੂਰ ਸਿੱਖ ਲਵੋ। ਕਈ ਵਾਰ ਵਿਦਿਆਰਥੀ ਇਸ ਗੱਲ ਦੇ ਲਈ ਦੂਸਰਿਆਂ ਦੇ ਭਰੋਸੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ ਹੀ ਨਹੀਂ ਹੁੰਦਾ ਕਿ ਉਹ ਸੁਰੱਖਿਅਤ ਤਰੀਕੇ ਨਾਲ ਆਨਲਾਈਨ ਟ੍ਰਾਂਜ਼ਿਕਸ਼ਨ ਕਰ ਸਕਦੇ ਹਨ।



### ਪ੍ਰਿੰਟ ਫਾਰਮ ਵੀ ਜਮ੍ਹਾਂ ਕਰਵਾਓ

ਜਦ ਕੋਈ ਉਮੀਦਵਾਰ ਆਨਲਾਈਨ ਫਾਰਮ ਜਮ੍ਹਾਂ ਕਰਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਆਨਲਾਈਨ ਫਾਰਮ ਦਾ ਪ੍ਰਿੰਟ ਅਤੇ ਉਸ ਨਾਲ ਸਬੰਧਤ ਦਸਤਾਵੇਜ਼ ਵੀ ਦਫ਼ਤਰ ਵਿਚ ਜਮ੍ਹਾਂ ਕਰਵਾਏ ਜਾਣ। ਇਸ ਦੇ ਲਈ ਕੁਝ ਵਾਧੂ ਸਮਾਂ ਦਿੱਤਾ ਜਾਂਦਾ ਹੈ।

ਕਈ ਵਾਰ ਵਿਦਿਆਰਥੀ ਆਨਲਾਈਨ ਫਾਰਮ ਅਤੇ ਆਨਲਾਈਨ ਫੀਸ ਤਾਂ ਜਮ੍ਹਾਂ ਕਰਵਾ ਦਿੰਦੇ ਹਨ ਪਰ ਉਸ ਫਾਰਮ ਦੇ ਪ੍ਰਿੰਟ ਨੂੰ ਠੀਕ ਢੰਗ ਨਾਲ ਸਬੰਧਤ ਦਫ਼ਤਰ ਨੂੰ ਨਹੀਂ ਭੇਜਦੇ, ਜਿਸ ਕਾਰਨ ਜਾਂ ਤਾਂ ਉਨ੍ਹਾਂ ਦਾ ਫਾਰਮ ਰੱਦ ਹੋ ਜਾਂਦਾ ਹੈ ਤਾਂ ਫਿਰ ਉਨ੍ਹਾਂ ਨੂੰ ਅਚਾਨਕ ਕਿਸੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਫਾਰਮ ਭਰਦੇ ਸਮੇਂ ਇਹ ਛੋਟੀਆਂ-ਛੋਟੀਆਂ ਗੱਲਾਂ ਬੇਹੱਦ ਅਹਿਮੀਅਤ ਰੱਖਦੀਆਂ ਹਨ ਅਤੇ ਇਨ੍ਹਾਂ ਦਾ ਧਿਆਨ ਰੱਖਿਆ ਜਾਵੇ ਤਾਂ ਸਫ਼ਲਤਾ ਦਾ ਰਸਤਾ ਆਸਾਨ ਹੋ ਜਾਂਦਾ ਹੈ। •

# ਅਕਾਦਮਿਕ ਗਤੀਵਿਧੀਆਂ ਦੀ ਅਗਾਊਂ ਵਿਉਂਤਬੰਦੀ ਕਰਨ ਹਿਤ ਕੈਲੰਡਰ ਦੀ ਭੂਮਿਕਾ ਹੁੰਦੀ ਹੈ ਅਹਿਮ: ਉਪ-ਕੁਲਪਤੀ ਡਾ. ਜਗਦੀਪ ਸਿੰਘ



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਨਵੇਂ ਸਾਲ 2026 ਦਾ ਦੀਵਾਰ ਕੈਲੰਡਰ ਰਿਲੀਜ਼ ਕਰ ਦਿੱਤਾ ਗਿਆ ਹੈ। ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਯੂਨੀਵਰਸਿਟੀ ਨਾਲ ਜੁੜੀਆਂ ਵੱਖ-ਵੱਖ ਅਕਾਦਮਿਕ ਗਤੀਵਿਧੀਆਂ ਬਾਰੇ ਅਗਾਊਂ ਵਿਉਂਤਬੰਦੀ ਕਰਨ ਹਿਤ ਕੈਲੰਡਰ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਸਮੇਂ ਸਿਰ ਕੈਲੰਡਰ ਉਪਲਬਧ ਹੋਣਾ ਆਪਣੇ ਆਪ ਵਿੱਚ ਮਾਇਨੇ ਰਖਦਾ ਹੈ। ਉਨ੍ਹਾਂ ਖ਼ੁਸ਼ੀ ਪ੍ਰਗਟਾਈ ਕਿ ਨਵੇਂ ਸਾਲ ਦੀ ਆਮਦ ਉੱਤੇ ਸਮੇਂ ਸਿਰ ਯੂਨੀਵਰਸਿਟੀ ਦੇ ਕੈਲੰਡਰ ਦਾ ਤਿਆਰ ਹੋ ਜਾਣਾ ਸ਼ੁਭ ਸ਼ਗਨ ਹੈ।

ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ, ਰਜਿਸਟਰਾਰ ਪ੍ਰੋ. ਦਵਿੰਦਰਪਾਲ ਸਿੰਘ ਸਿੱਧੂ, ਪ੍ਰੋਫ਼ੈਸਰ ਇੰਚਾਰਜ ਵਿੱਤ ਪ੍ਰੋ. ਬੀ.ਬੀ. ਸਿੰਗਲਾ, ਨਿਗਰਾਨ ਪਬਲੀਕੇਸ਼ਨ ਬਿਊਰੋ ਗੁਰਜੰਟ ਸਿੰਘ ਤੇ ਪਬਲੀਕੇਸ਼ਨ ਬਿਊਰੋ ਦਾ ਸਮੂਹ ਅਮਲਾ ਮੌਜੂਦ ਸੀ।

ਜ਼ਿਕਰਯੋਗ ਹੈ ਕਿ ਹਰ ਸਾਲ ਵਾਂਗ ਯੂਨੀਵਰਸਿਟੀ ਦੇ ਸਾਰੇ ਕਰਮਚਾਰੀਆਂ ਨੂੰ ਇਹ ਕੈਲੰਡਰ ਮੁਹੱਈਆ ਕਰਵਾਇਆ ਜਾਵੇਗਾ। ਕਰਮਚਾਰੀਆਂ ਤੋਂ ਇਲਾਵਾ ਜੇਕਰ ਕੋਈ ਹੋਰ ਵਿਅਕਤੀ ਵੀ ਕੈਲੰਡਰ ਖਰੀਦਣ ਦਾ ਇੱਛੁਕ ਹੋਵੇ ਤਾਂ ਉਹ ਪਬਲੀਕੇਸ਼ਨ ਬਿਊਰੋ ਦੇ ਦਫ਼ਤਰ ਜਾਂ ਗੋਲ ਮਾਰਕਿਟ ਸਥਿਤ 'ਕਿਤਾਬ-ਘਰ' ਤੋਂ ਖਰੀਦ ਸਕਦਾ ਹੈ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਠੋਸ ਕਚਰੇ ਸਾੜਨ ਵਿਰੁੱਧ ਜਾਗਰੂਕਤਾ ਕੈਂਪ

**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਵੱਲੋਂ ਜਾਰੀ ਨਿਰਦੇਸ਼ਾਂ ਦੇ ਅਨੁਸਾਰ, ਪੀਪੀਸੀਬੀ ਦੇ ਰੀਜਨਲ ਦਫ਼ਤਰ ਪਟਿਆਲਾ ਵੱਲੋਂ ਨਗਰ ਪਾਲਿਕਾ ਠੋਸ ਕਚਰੇ ਨੂੰ ਸਾੜਨ ਦੀ ਗੈਰਕਾਨੂੰਨੀ ਅਤੇ ਹਾਨੀਕਾਰਕ ਪ੍ਰਥਾ 'ਤੇ ਸਖ਼ਤ ਰੋਕ ਲਗਾਉਣ ਦੇ ਉਦੇਸ਼ ਨਾਲ ਨਗਰ ਕੌਂਸਲ ਨਾਭਾ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਕੈਂਪ ਦੌਰਾਨ ਬੋਰਡ ਦੇ ਅਧਿਕਾਰੀਆਂ ਵੱਲੋਂ ਸੰਬੰਧਤ ਸ਼ਹਿਰੀ ਸਥਾਨਕ ਸੰਗਠਨ ਦੇ ਸੈਨਿਟਰੀ ਇੰਸਪੈਕਟਰਾਂ, ਸਫਾਈ ਸੇਵਕਾਂ ਅਤੇ ਹੋਰ



ਕਰਮਚਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਸੈਸ਼ਨਾਂ ਵਿੱਚ ਠੋਸ ਕਚਰੇ ਨੂੰ ਸਾੜਨ ਨਾਲ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ, ਵਾਤਾਵਰਣੀ ਹਾਨੀ ਅਤੇ ਜਨ ਸਿਹਤ ਉੱਤੇ ਪੈਣ ਵਾਲੇ ਗੰਭੀਰ ਮੰਦ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਕਚਰਾ ਸਾੜਨ ਨਾਲ ਜ਼ਹਿਰੀਲੇ ਧੂੰਏਂ ਅਤੇ ਹਾਨੀਕਾਰਕ ਗੈਸਾਂ ਨਿਕਲਦੀਆਂ ਹਨ, ਜੋ ਸਾਹ ਸੰਬੰਧੀ ਬਿਮਾਰੀਆਂ, ਦਿਲ ਦੀਆਂ ਸਮੱਸਿਆਵਾਂ ਅਤੇ ਹੋਰ ਸਿਹਤ ਖ਼ਤਰਿਆਂ ਦਾ ਕਾਰਨ ਬਣ ਸਕਦੀਆਂ ਹਨ। ਇਸ ਸਮਾਗਮ ਦੌਰਾਨ ਸਟਾਫ਼ ਨੂੰ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਕਿ ਨਗਰਪਾਲਿਕਾ ਠੋਸ ਕਚਰੇ ਨੂੰ ਸਾੜਨ ਪ੍ਰਤੀ ਪੂਰੀ ਤਰ੍ਹਾਂ ਜ਼ੀਰੋ ਟੌਲਰੈਂਸ ਦੀ ਨੀਤੀ ਅਪਣਾਈ ਜਾਵੇ ਅਤੇ ਕਿਸੇ ਵੀ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇ। ਨਾਲ ਹੀ, ਕਚਰੇ ਦੀ ਠੀਕ ਵੱਖਰੀਕਰਨ, ਇਕੱਠ, ਟਰਾਂਸਪੋਰਟ ਅਤੇ ਵਿਗਿਆਨਕ ਨਿਪਟਾਰੇ 'ਤੇ ਜ਼ੋਰ ਦਿੱਤਾ ਗਿਆ।

ਪੀਪੀਸੀਬੀ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਨਗਰ ਕੌਂਸਲ ਦਾ ਸਟਾਫ਼ ਅਤੇ ਆਮ ਲੋਕ ਮਿਲ ਕੇ ਸਾਫ਼-ਸੁਥਰੇ ਅਤੇ ਸਿਹਤਮੰਦ ਵਾਤਾਵਰਣ ਲਈ ਸਹਿਯੋਗ ਕਰਨ ਅਤੇ ਕਚਰਾ ਸਾੜਨ ਵਰਗੀਆਂ ਹਾਨੀਕਾਰਕ ਪ੍ਰਥਾਵਾਂ ਤੋਂ ਬਚਣ।

# ਸ਼ਹੀਦੀ ਸਭਾ ਮੌਕੇ ਸਰਕਾਰੀ ਤੌਰ 'ਤੇ ਵੱਡਾ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ: ਸਨੌਰ, ਬਡੂੰਗਰ, ਬਿੱਲਾ



**ਪਟਿਆਲਾ, 3 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖਤਾ ਦੇ ਭਲੇ ਲਈ ਨਿਰਸਵਾਰਥ ਸੇਵਾ ਕਰਨ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੇ ਆਗੂਆਂ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਯੂਥ ਆਗੂ ਹਰਮੀਤ ਸਿੰਘ ਬਡੂੰਗਰ ਤੇ ਰਾਮ ਸਿੰਘ ਬਿੱਲਾ ਸਾਬਕਾ ਸਰਪੰਚ ਕਟਕਹੇੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦੀ ਸਭਾ ਮੌਕੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਰਕਾਰੀ ਤੌਰ 'ਤੇ ਇੱਕ ਹੀ ਵੱਡਾ ਖ਼ੂਨਦਾਨ ਕੈਂਪ ਲਗਾਉਣ ਅਤੇ ਸਟਾਲਾਂ ਦੇ ਰੂਪ ਵਿਚ ਖ਼ੂਨਦਾਨ ਕੈਂਪ ਲਗਾਉਣ 'ਤੇ ਰੋਕ ਲਗਾਉਣਾ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਾਸੋਂ ਮੰਗ ਕਰਦਿਆਂ ਕਿਹਾ ਹੈ ਕਿ ਸਰਕਾਰੀ ਬਲੱਡ ਸੈਂਟਰਾਂ ਨੂੰ ਛੋਟੇ ਕੈਂਪ ਲਗਾਉਣ ਲਈ ਛੋਟੀਆਂ ਮੈਡੀਕਲ ਟੀਮਾਂ ਦਾ ਗਠਨ ਕੀਤੀਆਂ ਜਾਣ ਤਾਂ ਜੋ ਮਨੁੱਖਤਾ ਦੇ ਭਲੇ ਲਈ ਸੇਵਾ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਬਲੱਡ ਸੈਂਟਰਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕੈਂਪ ਲਗਾਉਣ ਬਦਲੇ ਬਲੱਡ ਬੈਂਕਾਂ ਵੱਲੋਂ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ, ਪਰ ਕੁਝ ਝੋਲਾ ਚੁੱਕ ਕਿਸਮ ਦੇ ਪ੍ਰਬੰਧਕ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਆਪੋ-ਆਪਣੇ ਅਲੱਗ-ਅਲੱਗ ਕਲੱਬ ਬਣਾਏ ਹੋਏ ਹਨ, ਉਹ ਖ਼ੂਨਦਾਨ ਕੈਂਪ ਤਾਂ ਕਲੱਬ ਦੇ ਨਾਮ 'ਤੇ ਲਗਾਉਂਦੇ ਹਨ ਪਰ ਸਹਾਇਤਾ ਰਾਸ਼ੀ ਨਿੱਜੀ ਖਾਤਿਆਂ ਵਿਚ ਵਸੂਲ ਕਰਦੇ ਹਨ ਅਤੇ ਖ਼ੂਨਦਾਨ ਕੈਂਪ ਲਗਾਉਣ ਲਈ ਬਾਹਰੀ ਜਿਲ੍ਹਿਆਂ ਦੇ ਬਲੱਡ ਸੈਂਟਰਾਂ ਦੀਆਂ ਟੀਮਾਂ ਨੂੰ ਬੁਲਾਉਣਾ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਸੰਸਥਾ ਦੇ ਨਾਮ 'ਤੇ ਖ਼ੂਨਦਾਨ ਕੈਂਪ ਲਗਾਉਣ ਵਾਲਿਆਂ ਨੂੰ ਸਹਾਇਤਾ ਰਾਸ਼ੀ ਸੰਸਥਾ ਦੇ ਖਾਤੇ ਵਿਚ ਹੀ ਜਾਰੀ ਕੀਤੀ ਜਾਵੇ ਅਤੇ ਹਰ ਸਾਲ ਆਡਿਟ ਕਰਵਾਇਆ ਜਾਵੇ ਤਾਂ ਜੋ ਪਾਰਦਰਸ਼ਤਾ ਬਣੀ ਰਹੇ।

# ਬੇਰੁਜ਼ਗਾਰ 11 ਨੂੰ ਮੁੱਖ ਮੰਤਰੀ ਦੇ ਗੇਟ ਤੋਂ ਮੰਗਣਗੇ ਰੁਜ਼ਗਾਰ ਦੀ ਲੋਹੜੀ



**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੁਜ਼ਗਾਰ ਮੰਗਦੇ ਬੇਰੁਜ਼ਗਾਰ 11 ਜਨਵਰੀ ਨੂੰ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਸਥਾਨਕ ਨਿੱਜੀ ਕਾਲੋਨੀ ਵਿਚਲੀ ਰਿਹਾਇਸ਼ ਅੱਗੇ ਜਾਕੇ ਰੁਜ਼ਗਾਰ ਦੀ ਲੋਹੜੀ ਦੀ ਮੰਗ ਕਰਨਗੇ। ਉਕਤ ਫੈਸਲਾ ਸਥਾਨਕ ਡਿਪਟੀ ਕਮਿਸ਼ਨਰ ਸੰਗਰੂਰ ਦਫ਼ਤਰ ਦੇ ਗੇਟ ਉੱਤੇ ਚੱਲ ਰਹੇ ਬੇਰੁਜ਼ਗਾਰਾਂ ਦੇ ਪੱਕੇ ਮੋਰਚੇ ਉੱਤੇ ਹੋਈ ਭਰਾਤਰੀ ਜਥੇਬੰਦੀਆਂ ਦੀ ਮੀਟਿੰਗ ਵਿੱਚ ਹੋਇਆ। ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਰਮਨ ਕੁਮਾਰ ਮਲੋਟ ਅਤੇ ਅਮਨ ਸੇਖਾ ਨੇ ਦੱਸਿਆ ਕਿ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਰੁਜ਼ਗਾਰ ਪ੍ਰਾਪਤੀ ਲਈ ਬੇਰੁਜ਼ਗਾਰ ਸਾਂਝੇ ਮੋਰਚੇ ਦਾ ਪੱਕਾ ਧਰਨਾ 25 ਦਸੰਬਰ ਤੋਂ ਜਾਰੀ ਹੈ, ਜਿਸ ਵਿੱਚ ਸਮੂਹ ਭਰਾਤਰੀ ਜਥੇਬੰਦੀਆਂ ਦੀ ਸਹਿਮਤੀ ਨਾਲ ਫੈਸਲਾ ਹੋਇਆ ਕਿ ਪੰਜਾਬ ਸਰਕਾਰ ਦੇ ਭਰਤੀ ਕੈਲੰਡਰ ਲਾਗੂ ਕਰਨ ਦੇ ਵਾਅਦੇ ਨੂੰ ਪੂਰਾ ਕਰਵਾਉਣ ਲਈ ਲੋਹੜੀ ਮੌਕੇ ਸੰਘਰਸ਼ੀ ਲੋਹੜੀ ਮਨਾ ਕੇ @ਰੁਜ਼ਗਾਰ ਦੀ ਲੋਹੜੀ@ ਮੰਗੀ ਜਾਵੇਗੀ।

ਇਸ ਮੌਕੇ ਡੇਮੋਕ੍ਰੇਟਿਕ ਟੀਚਰਜ਼ ਫਰੰਟ ਤੋ ਸੂਬਾ ਪ੍ਰਧਾਨ ਵਿਕਰਮ ਦੇਵ, ਡੇਮੋਕ੍ਰੇਟਿਕ ਟੀਚਰਜ਼ ਫਰੰਟ (ਦਿਗਵਿਜੇ) ਤੋਂ ਦਾਤਾ ਸਿੰਘ, ਮਜ਼ਦੂਰ ਆਗੂ ਲਖਵੀਰ ਲੌਂਗੋਵਾਲ, 1158 ਸਹਾਇਕ ਪ੍ਰੋਫ਼ੈਸਰ ਯੂਨੀਅਨ ਤੋਂ ਨਿਰਭੈ ਸਿੰਘ, ਨਵਜੀਤ ਸਿੰਘ ਨੌਜਵਾਨ ਭਾਰਤ ਸਭਾ, 4161 ਮਾਸਟਰ ਕੇਡਰ ਅਧਿਆਪਕ ਯੂਨੀਅਨ ਤੋ ਸੂਬਾ ਪ੍ਰਧਾਨ ਸੰਦੀਪ ਗਿੱਲ, 3704 ਮਾਸਟਰ ਕੇਡਰ ਅਧਿਆਪਕ ਯੂਨੀਅਨ ਪੰਜਾਬ, ਮਜ਼ਦੂਰ ਆਗੂ ਬਹਾਲ ਸਿੰਘ, ਕਿਰਤੀ ਕਿਸਾਨ ਯੂਨੀਅਨ ਤੋਂ ਕੁਲਵਿੰਦਰ ਮਧੇਵੀ ਅਤੇ ਭੁਪਿੰਦਰ ਸਿੰਘ ਨੇ ਬੇਰੁਜ਼ਗਾਰਾਂ ਦੇ ਹੱਕੀ ਸੰਘਰਸ਼ ਦੀ ਹਮਾਇਤ ਕੀਤੀ ਅਤੇ 11 ਜਨਵਰੀ 2026 ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਜਾਕੇ ਰੁਜ਼ਗਾਰ ਮੰਗਣ ਦੇ ਐਲਾਨ ਦੀ ਪ੍ਰੋੜਤਾ ਕੀਤੀ। ਓਧਰ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਬੇਰੁਜ਼ਗਾਰ ਸਾਂਝੇ ਮੋਰਚੇ ਦੇ ਆਗੂਆਂ ਨੂੰ ਦਫਤਰ ਵਿੱਚ ਸੱਦ ਕੇ ਮੀਟਿੰਗ ਕੀਤੀ। ਉਹਨਾਂ ਬੇਰੁਜ਼ਗਾਰਾਂ ਦੀਆਂ ਮੰਗਾਂ ਪੰਜਾਬ ਸਰਕਾਰ ਤੱਕ ਭੇਜਣ ਦਾ ਵਾਅਦਾ ਕੀਤਾ।

ਇਸ ਮੌਕੇ ਬੇਰੁਜ਼ਗਾਰ ਆਗੂਆਂ ਨੇ ਐਲਾਨ ਕੀਤਾ ਕਿ 11 ਜਨਵਰੀ ਦੇ ਪ੍ਰਦਰਸ਼ਨ ਦੀ ਸਫਲਤਾ ਲਈ ਜਨਤਕ ਲਾਮਬੰਦੀ ਵਿੱਢੀ ਜਾਵੇਗੀ, ਜਿਸ ਤਹਿਤ ਨੇੜਲੇ ਪਿੰਡਾਂ ਅਤੇ ਸਥਾਨਕ ਸ਼ਹਿਰ ਅੰਦਰ ਨਾਅਰੇ ਲਿਖਣ ਅਤੇ ਅਰਥੀਆਂ ਫੂਕਣ ਦੀ ਮੁਹਿੰਮ ਤੇਜ਼ ਕੀਤੀ ਜਾਵੇਗੀ।

ਇਸ ਮੌਕੇ ਰਾਮਵੀਰ ਸਿੰਘ ਪੰਜਾਬ ਸਟੂਡੈਂਟਸ ਯੂਨੀਅਨ, ਬਲਕਾਰ ਸਿੰਘ ਮਘਾਣੀਆਂ, ਰਣਜੀਤ ਕੋਟੜਾ, ਬਲਵੀਰ ਚੰਦ ਲੌਂਗੋਵਾਲ, ਜਮਹੂਰੀ ਅਧਿਕਾਰ ਸਭਾ ਤੋ ਬਸ਼ੇਸ਼ਰ ਰਾਮ, ਡਾਕਟਰ ਜੁਗਰਾਜ ਸਿੰਘ ਟੱਲੇਵਾਲ, ਅਮਨ ਵਸ਼ਿਸ਼ਟ, ਮੇਘ ਰਾਜ, ਦੀਨਾ ਨਾਥ, ਕਮਲ ਬਨਭੌਰ, ਮਨੋਜ ਲਹਿਰ, ਬਿਪਨ, ਕਰਮਜੀਤ ਨਦਾਮਪੁਰ, ਮਨਜੀਤ ਸਿੰਘ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਵਿਕਰਮਜੀਤ ਸਿੰਘ ਬਾਲੀਆਂ 3704, ਜਗਦੀਪ ਸਿੰਘ ਕੋਟੜਾ, ਗੁਰਪ੍ਰੀਤ ਸਿੰਘ ਧੂਰੀ, ਅਮਨਦੀਪ ਕੌਰ, ਪਰਮਜੀਤ ਕੌਰ, ਰਾਜਵੀਰ ਕੌਰ, ਹਰਮੇਸ਼ ਸਿੰਘ, ਪ੍ਰਿਤਪਾਲ ਸਿੰਘ 1158, ਹਰਦਮ ਸਿੰਘ, ਮਨਦੀਪ ਗਿੱਲ, ਮੁਨੀਸ਼ ਕੁਮਾਰ, ਮਨਦੀਪ ਕੌਰ ਨਦਾਮਪੁਰ ਅਤੇ ਸੁਖਪ੍ਰੀਤ ਬੜੀ ਆਦਿ ਹਾਜ਼ਰ ਸਨ।

# ਸਾਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੁੜਨ ਦੀ ਲੋੜ: ਵਿਰਕ

**ਸਨੌਰ,3 ਜਨਵਰੀ**
**-ਜਗਜੀਤ ਜੱਗੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਵਿਰਕ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਲੰਗਰ ਵਿਚ ਆਪਣੀ ਟੀਮ ਸਮੇਤ ਸੇਵਾ ਕੀਤੀ।

ਇਹ ਲੰਗਰ ਪਿੰਡ ਰਸੂਲਪੁਰ ਜੋੜਾ, ਮਸੀਂਗਣ, ਦੇਵੀਗੜ੍ਹ, ਪੰਜੋਲਾ, ਬਲਬੇੜਾ ਤੇ ਮੁੰਜਾਲ ਸਮੇਤ ਵੱਖ-ਵੱਖ ਪਿੰਡਾਂ ਅਤੇ ਮੇਨ ਰੋੜਾਂ ਸਰਹੰਦ ਰੋਡ, ਰਾਜਪੁਰਾ ਰੋਡ ਪੇਰ, ਬਲਬੇੜਾ ਰੋਡ, ਦੇਵੀਗਾਰ ਤੇ ਲਗਾਏ ਗਏ ਜਿਸ ਦੌਰਾਨ ਰਾਜਿੰਦਰ ਸਿੰਘ ਵਿਰਕ ਆਪਣੀ ਟੀਮ ਨਾਲ ਮੌਕੇ 'ਤੇ ਹਾਜ਼ਰ ਰਹੇ ਅਤੇ ਸਨੌਰ ਹਲਕੇ ਦੇ ਲੋਕਾਂ ਦੇ ਨਾਲ ਰਲ ਕੇ ਰਾਹਗੀਰਾਂ ਨੂੰ ਲੰਗਰ ਵਰਤਾਉਣ ਦੀ ਸੇਵਾ ਕੀਤੀ ਤੇ ਲੰਗਰ ਛਕਾਇਆ।

ਇਸ ਮੌਕੇ ਗੱਲਬਾਤ ਕਰਦਿਆਂ ਰਾਜਿੰਦਰ ਸਿੰਘ ਵਿਰਕ ਨੇ ਕਿਹਾ ਕਿ ਸਾਨੂੰ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਨਾਲ ਜੁੜਨ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ਇਤਿਹਾਸ ਤੋਂ ਸਿਰਫ ਦੇਸ਼ ਹੀ ਨਹੀਂ ਬਲਕਿ ਦੁਨੀਆਂ ਦੇ ਹਰ ਬੱਚੇ ਨੂੰ ਜਾਣੂ ਹੋਣਾ ਚਾਹੀਦਾ ਹੈ ਕਿਉਂਕਿ ਇੰਨੀ ਛੋਟੀ ਉਮਰੇ ਇਸ ਤਰੀਕੇ ਸ਼ਹਾਦਤ ਦੇਣ ਦੀ ਕੋਈ ਹੋਰ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲਦੀ।

ਉਹਨਾਂ ਕਿਹਾ ਕਿ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਨੀਆਂ ਵਿਚ ਇਕਲੌਤੇ ਅਜਿਹੇ ਗੁਰੂ ਹਨ ਜਿਹਨਾਂ ਨੇ ਆਪਣੇ ਪਿਤਾ ਤੇ ਪੁੱਤਰਾਂ ਦੇ ਨਾਲ-ਨਾਲ ਆਪਣੇ ਸਰਬੰਸ ਪਰਿਵਾਰ ਦੀ ਸ਼ਹਾਦਤ ਕੌਮ ਤੇ ਦੇਸ਼ ਦੀ ਰੱਖਿਆ ਵਾਸਤੇ ਦਿੱਤੀ। ਉਹਨਾਂ ਕਿਹਾ ਕਿ ਹੁਣ ਭਾਰਤ ਸਰਕਾਰ ਵੀ ਇਹ ਮੰਨ ਰਹੀ ਹੈ ਕਿ ਜੇਕਰ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤ ਨਾ ਦਿੰਦੇ ਤਾਂ ਇਸ ਦੇਸ਼ ਵਿਚ ਨਾ ਕੋਈ ਮੰਦਿਰ ਹੋਣਾ ਸੀ ਤੇ ਨਾ ਹੀ ਕੋਈ ਗੁਰਦੁਆਰਾ ਸਾਹਿਬ ਹੋਣਾ ਸੀ।

ਉਹਨਾਂ ਕਿਹਾ ਕਿ ਜੇਕਰ ਅਸੀਂ ਆਪਣੇ ਗੌਰਵਮਈ ਇਤਿਹਾਸ ਨਾਲ ਜੁੜ ਕੇ ਕੰਮ ਕਰੀਏ ਅਤੇ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਵਾਈਏ ਤਾਂ ਹੀ ਅਸੀਂ ਜ਼ਿੰਦਗੀ ਵਿਚ ਸਫਲ ਹੋ ਸਕਦੇ ਹਾਂ।

ਇਸ ਮੌਕੇ ਰਸੂਲਪੁਰ ਜੋੜਾਂ ਤੋਂ ਪ੍ਰਗਟ ਸਿੰਘ , ਕਾਰਜ ਵਿਰਕ, ਤਰਨਦੀਪ ਸਿੰਘ ਸਰਪੰਚ ,, ਧਰਮਿੰਦਰ ਲਾਂਜੀਆ , ਸੁਖਵਿੰਦਰ ਲਾਂਜਿਆ , ਹਰਪ੍ਰੀਤ ਸੰਧੂ, ਮਾਲਕ ਸਿੰਘ, ਮਾਲਕ ਢਿੱਲੋਂ,ਵਿਪਿਨ,ਹਰਪਾਲ, ਬਲਦੇਵ ਸਿੰਘ ,ਜਗਦੀਸ਼ ਸਿੰਘ, ਹਰਿੰਦਰ ਸਿੰਘ, ਗਗਨ ਸੰਧੂ, ਗੁਰਮੇਲ ਵਿਰਕ, ਗੁਰਦਰਸ਼ਨ ਸਿੰਘ, ਜਤਿੰਦਰ ਸਿੰਘ ਅਤੇ ਅਮਨਦੀਪ ਬਾਦਲ ਆਦਿ ਸ਼ਖਸੀਅਤਾਂ ਮੌਜੂਦ ਸਨ।

# ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦਿੱਤੀ



**ਸੁਨਾਮ ਊਧਮ ਸਿੰਘ ਵਾਲਾ, 25 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸਥਾਨਕ ਆਸ਼ਰਮ ਵਿਖੇ ਮਹੀਨਾਵਾਰ ਪ੍ਰੋਗਰਾਮ ਦੌਰਾਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਸਿੱਖ ਇਤਿਹਾਸ ਦੇ ਅਮਰ ਨਾਇਕ - ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਦਾ ਜੀਵਨ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨੈਤਿਕ ਕਦਰਾਂ-ਕੀਮਤਾਂ, ਨਿਡਰਤਾ ਅਤੇ ਸੱਚ ਦੇ ਮਾਰਗ 'ਤੇ ਦ੍ਰਿੜਤਾ ਦਾ ਸ਼ਕਤੀਸ਼ਾਲੀ ਸੰਦੇਸ਼ ਦਿੰਦਾ ਹੈ।

ਇਸ ਮੌਕੇ ਵਿਚਾਰ ਦਿੰਦਿਆਂ ਬੁਲਾਰਿਆਂ ਨੇ ਆਖਿਆ ਕਿ ਛੋਟੀ ਉਮਰ ਵਿੱਚ ਸਾਹਿਬਜ਼ਾਦਿਆਂ ਨੇ ਧਰਮ, ਸੱਚ, ਮਨੁੱਖਤਾ ਅਤੇ ਨਿਆਂ ਦੀ ਰੱਖਿਆ ਲਈ ਸਰਵਉੱਚ ਕੁਰਬਾਨੀ ਦਿੱਤੀ, ਜਿਸ ਨਾਲ ਪੂਰੇ ਸੰਸਾਰ ਨੂੰ ਅਸਾਧਾਰਨ ਹਿੰਮਤ, ਦ੍ਰਿੜਤਾ ਅਤੇ ਕੁਰਬਾਨੀ ਨਾਲ ਪ੍ਰੇਰਿਤ ਕੀਤਾ। ਇਸ ਦੌਰਾਨ ਬੁਲਾਰਿਆਂ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਨੂੰ ਉਜਾਗਰ ਕੀਤਾ ਅਤੇ ਸਮਾਜ ਨੂੰ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਉਹਨਾਂ ਆਖਿਆ ਕਿ ਸੰਸਥਾ ਦਾ ਸੰਦੇਸ਼ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿਰਫ਼ ਇਤਿਹਾਸ ਹੀ ਨਹੀਂ ਸਗੋਂ ਵਰਤਮਾਨ ਅਤੇ ਭਵਿੱਖ ਲਈ ਇੱਕ ਮਾਰਗਦਰਸ਼ਕ ਚਾਨਣ ਮੁਨਾਰਾ ਹੈ।

# ਏਅਰਪੋਰਟ ਚੌਂਕ ਤੋਂ ਕੁਰਾਲੀ ਤੱਕ ਬਣੇ ਹਾਈਵੇਅ ਦੇ ਚਾਲੂ ਹੋਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ: ਖੁਸ਼ਵੰਤ ਰਾਏ ਗੀਗਾ

**ਖਰੜ, 3 ਜਨਵਰੀ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਰਾਸ਼ਟਰੀ ਰਾਜ ਮਾਰਗ ਅਥਾਰਟੀ ਵਲੋਂ ਮੁਹਾਲੀ ਆਈ.ਟੀ.ਏਅਰਪੋਰਟ ਚੌਕੀ ਤੋਂ ਸਿਸਵਾਂ ਮਾਰਗ ਤੱਕ ਬਣਾਏ ਗਏ 205ਏ ਹਾਈਵੇਅ ਨੂੰ ਚਾਲੂ ਕਰਨ ਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰੋਟੋਕਲ ਸਕੱਤਰ ਖੁਸਵੰਤ ਰਾਏ ਗੀਗਾ ਨੇ ਭਾਰਤ ਸਰਕਾਰ ਦੇ ਕੇਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਦਾ ਵਿਸੇਸ਼ ਤੌਰ ਤੇ ਧੰਨਵਾਦ ਕੀਤਾ। ਭਾਜਪਾ ਆਗੂ ਨੇ ਅੱਗੇ ਕਿਹਾ ਕਿ ਇਸ ਹਾਈਵੇਅ ਨੂੰ ਸਮੇਂ ਸਿਰ ਚਾਲੂ ਕਰਨਾ ਸਮੇਂ ਦੀ ਬਹੁਤ ਲੋੜ ਸੀ ਅਤੇ ਇਸ ਸੜਕ ਦੇ ਨਿਰਮਾਣ ਨਾਲ ਖਰੜ, ਕੁਰਾਲੀ ਸ਼ਹਿਰ ਵਿਚ ਰੋਜਾਨਾ ਲੱਗਦੇ ਜਾਮ ਤੋਂ ਵੱਡੀ ਰਾਹਤ ਮਿਲੇਗੀ ਕਿਉਕਿ ਹਿਮਾਂਚਲ ਪ੍ਰਦੇਸ, ਜੰਮੂ ਕਸ਼ਮੀਰ ਸਮੇਤ ਪੰਜਾਬ ਦੇ ਵੱਖ-ਵੱਖ ਜਿਲਿਆਂ ਨੂੰ ਹਰਿਆਣਾ, ਦਿੱਲੀ ਤੋਂ ਆਉਣ ਵਾਲੇ ਭਾਰੀ ਵਾਹਨਾਂ ਲਈ ਆਉਣ ਜਾਣ ਸੌਖਾ ਹੋ ਗਿਆ ਹੈ। ਉਨ੍ਹਾਂ ਨਾਲ ਹੀ ਕੇਦਰੀ ਮੰਤਰੀ ਤੋਂ ਇਹ ਵੀ ਮੰਗ ਕੀਤੀ ਕਿ ਇਸ ਮਾਰਗ ਦਾ ਨਾਂ ਛੋਟੇ ਸਾਹਿਬਜ਼ਾਦਿਆਂ ਦੇ ਨਾਂ ਤੇ ਰੱਖਿਆ ਜਾਵੇ।

# ਨਰੇਸ਼ ਸੇਠੀ ਪ੍ਰੈੱਸ ਕਲੱਬ ਗੰਗਸਰ ਜੈਤੋ ਦੇ ਪ੍ਰਧਾਨ ਚੁਣੇ ਗਏ

**ਜੈਤੋਂ,3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਪ੍ਰੈੱਸ ਕਲੱਬ ਗੰਗਸਰ ਜੈਤੋ ਰਜਿ ਜ਼ਿਲ੍ਹਾ ਫ਼ਰੀਦਕੋਟ ਦੀ ਸਾਲਾਨਾ ਚੋਣ ਲਾਇਨ ਕਲੱਬ ਗਊਸ਼ਾਲਾ ਰੋਡ ਵਿਖੇ ਹੋਈ। ਕਲੱਬ ਦੇ ਜਨਰਲ ਸਕੱਤਰ ਸਤਵਿੰਦਰ ਪਾਲ ਸਿੰਘ ਅੰਗਰੋਈਆ ਨੇ ਪਿਛਲੇ ਸਾਲ ਦੀ ਰਿਪੋਰਟ ਹਾਊਸ ਵਿਚ ਰੱਖੀ। ਇਸ ਮੌਕੇ ਸੀਨੀਅਰ ਪੱਤਰਕਾਰ ਨਰੇਸ਼ ਸੇਠੀ ਦਾ ਨਾਮ ਪ੍ਰਧਾਨਗੀ ਲਈ ਹਾਊਸ ਅੱਗੇ ਰੱਖਿਆ ਗਿਆ ਤੇ ਮੈਂਬਰ ਸਾਹਿਬਾਨ ਨੇ ਸਰਬਸੰਮਤੀ ਨਾਲ ਨਰੇਸ਼ ਸੇਠੀ ਨੂੰ ਸਾਲ 2026 ਦੇ ਲਈ ਪ੍ਰਧਾਨ ਚੁਣ ਲਿਆ।

ਇਜ ਮੌਕੇ ਹਾਊਸ ਨੇ ਨਵੀਂ ਟੀਮ ਦੇ ਅਹੁੱਦੇਦਾਰ ਚੁਣਨ ਦਾ ਅਧਿਕਾਰ ਨਵੇਂ ਪ੍ਰਧਾਨ ਨਰੇਸ਼ ਸੇਠੀ ਨੂੰ ਦਿੱਤਾ। ਨਵ ਨਿਯੁਕਤ ਪ੍ਰਧਾਨ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰਿਆਂ ਨੂੰ ਨਾਲ ਲੈਕੇ ਚੱਲਣਗੇ ਅਤੇ ਨਵੀਂ ਟੀਮ ਦਾ ਗਠਨ ਜਲਦੀ ਹੀ ਕੀਤਾ ਜਾਵੇਗਾ।

ਉਹਨਾਂ ਆਖਿਆ ਕਿ ਉਹ ਆਪਣੀ ਜਿੰਮੇਵਾਰੀ ਨੂੰ ਤਨਦੇਹੀ, ਇਮਾਨਦਾਰੀ ਤੇ ਦਿਆਨਤਦਾਰੀ ਦੇ ਨਾਲ ਨਿਭਾਉਣ ਲਈ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਗੁਰਮੀਤ ਪਾਲ ਸ਼ਰਮਾ ਰੋੜੀ ਕਪੂਰਾ ਸਾਬਕਾ ਪ੍ਰਧਾਨ, ਰੇਸ਼ਮ ਵੜਤੀਆ ਸਰਪ੍ਰਸਤ, ਅਸ਼ੋਕ ਜਿੰਦਲ ਮੁੱਖ ਸਲਾਹਕਾਰ, ਸਤਵਿੰਦਰ ਪਾਲ ਸਿੰਘ ਅੰਗਰੋਈਆ ਜਨਰਲ ਸਕੱਤਰ, ਹਰਮੇਲ ਪ੍ਰੀਤ ਮੀਤ ਪ੍ਰਧਾਨ, ਰਮਨ ਸਿੰਘ ਭੂਰਾ ਖ਼ਜ਼ਾਨਚੀ, ਸਵਰਨ ਨਿਆਮੀਵਾਲਾ ਪੀ ਆਰ ਓ, ਅਸ਼ੋਕ ਧੀਰ, ਤਰਸੇਮ ਗੋਇਲ, ਸ਼ਮਿੰਦਰ ਸਿੰਘ ਅਰੋੜਾ ਰੋੜੀ ਕਪੂਰਾ, ਕਰਨ ਬਰਾੜ, ਲਵਰਾਜ ਸ਼ਰਮਾ ਬਾਜਾਖਾਨਾ, ਜਗਦੀਪ ਗਿੱਲ ਬਾਜਾਖਾਨਾ, ਗੁਰਸ਼ਾਨ ਜੀਤ ਸਿੰਘ ਐਡਵੋਕੇਟ, ਸੰਧੀਰ ਗਰਗ।

# ਮਾਮਲਾ ਪਤਨੀ ਵੱਲੋਂ ਪਤੀ ਦਾ ਗਲ ਘੁੱਟ ਕੇ ਕਤਲ ਕਰਨ ਦਾ ਪਤਨੀ ਖ਼ਿਲਾਫ਼ ਮਾਮਲਾ ਦਰਜ

**ਸਮਾਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਨੇੜਲੇ ਪਿੰਡ ਕੁਲਾਰਾਂ ਵਿਖੇ ਪਤਨੀ ਵੱਲੋਂ ਆਪਣੇ ਪਤੀ ਦਾ ਕਤਲ ਕੀਤੇ ਜਾਣ ਦੇ ਮਾਮਲੇ ਵਿੱਚ ਸਦਰ ਪੁਲਿਸ ਵੱਲੋਂ ਸੋਮਵਾਰ ਨੂੰ ਵਾਰਸਾਂ ਦੇ ਬਿਆਨਾਂ ਅਨੁਸਾਰ ਪਤਨੀ ਖਿਲਾਫ ਮਾਮਲਾ ਦਰਜ ਕਰਕੇ ਸਿਵਲ ਹਸਪਤਾਲ ਵਿਖੇ ਮ੍ਰਿਤਕ ਆਤਮਾ ਸਿੰਘ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਮਵੀਕਲਾਂ ਪੁਲਿਸ ਚੌਂਕੀ ਦੇ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਪੁਲਿਸ ਦੀ ਬੇਨਤੀ 'ਤੇ ਡਾ. ਜਤਿਨ ਡਾਹਰਾ, ਡਾ. ਦੀਪਕ ਮੋਂਗਾ ਅਤੇ ਡਾ. ਨਰੇਸ਼ ਕੁਮਾਰ ਦੇ ਤਿੰਨ ਮੈਂਬਰੀ ਪੈਨਲ ਵੱਲੋਂ ਮ੍ਰਿਤਕ ਦਾ ਪੋਸਟਮਾਰਟਮ ਕੀਤਾ ਗਿਆ ਅਤੇ ਵਿਸਰਾ ਜਾਂਚ ਲਈ ਲੈਬ ਭੇਜ ਦਿੱਤਾ ਗਿਆ ਹੈ।

ਅਧਿਕਾਰੀ ਅਨੁਸਾਰ ਮੁਲਜ਼ਮ ਮਹਿਲਾ ਅਜੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

ਪੋਸਟਮਾਰਟਮ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਆਪਣੀ ਅਗਲੇਰੀ ਕਾਰਵਾਈ ਕਰੇਗੀ।

# ਸ਼ਹਿਰ 'ਚ ਪਾਰਕਿੰਗ ਲਈ ਕੋਈ ਨਿਸ਼ਚਿਤ ਜਗ੍ਹਾ ਨਾ ਹੋਣ ਦੇ ਬਾਵਜੂਦ ਲੋਕ ਚਲਾਨ ਭੁਗਤਣ ਲਈ ਮਜਬੂਰ

**ਸਮਾਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਵਿਚ ਪਾਰਕਿੰਗ ਲਈ ਕਈ ਨਿਸ਼ਚਿਤ ਜਗ੍ਹਾ ਨਾ। ਹੋਣ ਕਾਰਨ, ਬਾਹਰੋਂ ਕੰਮਾਂ ਲਈ ਆਉਂਦੇ ਲੋਕਾਂ ਨੂੰ ਆਪਣੇ ਵਾਹਨ ਸੜਕਾਂ ਕਿਨਾਰੇ ਖੜ੍ਹੇ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ, ਜਿਸ ਕਾਰਨ ਸ਼ਹਿਰ ਦੇ ਸੱਮੁਚੇ ਬਾਜ਼ਾਰਾਂ ਵਿਚ ਸਾਰਾ ਦਿਨ ਟ੍ਰੈਫਿਕ ਸਮੱਸਿਆਂ ਨਾਲ ਜਾਮ ਲੱਗਿਆ ਰਹਿੰਦਾ ਹੈ। ਟ੍ਰੈਫਿਕ ਸਮੱਸਿਆ ਦਾ ਹੱਲ ਕਰਨ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਜਦੋਂਕਿ ਆਮ ਲੋਕਾਂ ਨੂੰ ਟ੍ਰੈਫਿਕ ਪੁਲਸ ਵੱਲੋਂ ਵਾਹਨਾਂ ਦੇ ਕੱਟੇ ਚਲਾਨਾਂ ਦਾ ਭੁਗਤਾਨ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਦੇ ਬੱਸ ਸਟੈਂਡ ਰੋਡ, ਗਾਂਧੀ ਗਰਾਉਂਡ, ਪੁਲਸ ਚੌਕੀ ਰੋਡ, ਮੇਨ ਰੋਡ, ਵੜੈਚਾ ਰੋਡ ਤੇ ਸਦਰ ਬਜ਼ਾਰ ਵਿਚ ਕੋਈ ਵੀ ਪਾਰਕਿੰਗ ਲਈ ਥਾਂ ਨਹੀਂ। ਦਿਨ ਵੇਲੇ ਜੇਕਰ ਕੋਈ ਅਣ-ਸੁਖਾਵੀਂ ਘਟਨਾ ਵਾਪਰ ਜਾਵੇ ਜਾਂ ਐਂਬੂਲੈਂਸ ਰਾਹੀ ਕਿਸੇ ਮਰੀਜ਼ ਨੂੰ ਹਸਪਤਾਲ ਲਿਜਾਣਾ ਹੋਵੇ ਤਾਂ ਇਨ੍ਹਾਂ ਉਕਤ ਬਜ਼ਾਰਾਂ ਵਿੱਚੋਂ ਚਾਰ ਪਹੀਆ ਵਾਹਨ ਲੰਘਾਉਣਾ ਤਾਂ ਦੂਰ ਦੀ ਗੱਲ ਦੋ ਪਹੀਆ ਵਾਹਨ ਵੀ ਔਖਾ ਹੀ ਲੰਘਦਾ ਹੈ। ਸਹਿਰ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਟ੍ਰੈਫਿਕ ਪੁਲਸ ਮੁਲਾਜ਼ਮਾਂ ਦੀ ਤਾਇਨਾਤੀ ਵਧਾਈ ਜਾਵੇ ਤਾਂ ਜੋ ਆਮ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਸੰਬਧੀ ਜਦੋਂ ਐਸ.ਡੀ.ਐਮ ਰਿਚਾ ਗੋਇਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸ਼ਹਿਰ ਦੀ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਕਾਰਜ ਸਾਧਕ ਅਫਸਰ ਨਾਲ ਮੀਟਿੰਗ ਕਰਕੇ ਜਲਦੀ ਹੱਲ ਕੀਤਾ ਜਾਵੇਗਾ।

# ਰਾਮਗੜ੍ਹੀਆ ਪਰਿਵਾਰਾਂ ਦੀਆਂ ਘਰੇਲੂ ਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਸਾਂਝੀਆਂ ਕੋਸ਼ਿਸ਼ਾਂ ਲਾਜ਼ਮੀ : ਸੋਹਲ/ਭਾਰਜ

**ਲੁਧਿਆਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਰਾਮਗੜ੍ਹੀਆ ਬੋਰਡ ਦੇ ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਕਿਹਾ ਕਿ ਰਾਮਗੜ੍ਹੀਆ ਭਾਈਚਾਰੇ ਦੀਆਂ ਵੱਧ ਰਹੀਆਂ ਘਰੇਲੂ ਅਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਇੱਕ ਸਾਂਝੇ ਅਤੇ ਭਰੋਸੇਯੋਗ ਪਲੇਟਫਾਰਮ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਬੋਰਡ ਦੇਸ਼ ਅਤੇ ਵਿਦੇਸ਼ ਪੱਧਰ 'ਤੇ ਜੁੜੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਸਮਾਜਿਕ ਮਸਲਿਆਂ ਦੇ ਹੱਲ ਲਈ ਸਰਗਰਮ ਹੈ।

ਉਨ੍ਹਾਂ ਕਿਹਾ ਕਿ ਲੜਕੇ-ਲੜਕੀਆਂ ਦੇ ਵਿਆਹ ਸਬੰਧੀ ਮੁਸ਼ਕਲਾਂ ਕਾਰਨ ਪਰਿਵਾਰਕ ਤਣਾਅ ਵੱਧ ਰਿਹਾ ਹੈ, ਜੋ ਹੁਣ ਸਮਾਜਿਕ ਚੁਣੌਤੀ ਬਣ ਚੁੱਕੀ ਹੈ।

ਮਜ਼ਬੂਤ ਪਰਿਵਾਰ ਹੀ ਮਜ਼ਬੂਤ ਸਮਾਜ ਦੀ ਨੀਂਹ ਹੁੰਦੇ ਹਨ। ਇਸ ਮੌਕੇ ਬੋਰਡ ਦੇ ਚੇਅਰਮੈਨ ਸੁਖਵਿੰਦਰ ਸਿੰਘ ਸੋਹਲ ਨੇ ਕਿਹਾ ਕਿ ਭਾਈਚਾਰੇ ਦੀਆਂ ਮੂਲ ਸਮੱਸਿਆਵਾਂ ਦੇ ਹੱਲ ਲਈ ਸਾਰਿਆਂ ਨੂੰ ਮਿਲ ਕੇ ਲਗਾਤਾਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਬੋਰਡ ਵੱਲੋਂ ਆਯੋਜਿਤ ਸਾਰੀਆਂ ਗਤੀਵਿਧੀਆਂ ਗੈਰ-ਰਾਜਨੀਤਕ ਹਨ ਅਤੇ ਸਮਾਜਿਕ ਭਲਾਈ ਲਈ ਸਮਰਪਿਤ ਹਨ। ਸਾਂਝੇ ਉਪਰਾਲਿਆਂ ਅਤੇ ਆਪਸੀ ਸਹਿਯੋਗ ਨਾਲ ਹੀ ਰਾਮਗੜ੍ਹੀਆ ਸਮਾਜ ਨੂੰ ਮਜ਼ਬੂਤ ਅਤੇ ਤਰੱਕੀਸ਼ੀਲ ਬਣਾਇਆ ਜਾ ਸਕਦਾ ਹੈ।

# ਮਨਰੇਗਾ ਮਜ਼ਦੂਰਾਂ ਵੱਲੋਂ ਲਾਮਬੰਦੀ ਸ਼ੁਰੂ ਜੀ ਰਾਮ ਜੀ ਕਾਨੂੰਨ ਖਿਲਾਫ ਰੋਸ ਵਧਦਾ ਹੋਇਆ; ਰਾਜਾਂ ਦੇ ਹੱਕਾਂ ਅਤੇ ਗ੍ਰਾਮ ਸਭਾਵਾਂ ਦੇ ਹੱਕਾਂ ਤੇ ਹਮਲਾ : ਡੀਐਮਐਫ

**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡੈਮੋਕਰੇਟਿਕ ਮਨਰੇਗਾ ਫਰੰਟ (ਡੀਐਮਐਫ) ਪੰਜਾਬ ਦੀ ਤਹਿਸੀਲ ਕਮੇਟੀ ਵੱਲੋਂ ਅੱਜ ਐਸਡੀਐਮ ਪਟਿਆਲਾ ਦੇ ਦਫਤਰ ਅੱਗੇ ਮਨਰੇਗਾ ਖਤਮ ਕਰਕੇ ਵੀਬੀ ਜੀ ਰਾਮ ਜੀ ਕਾਨੂੰਨ ਬਣਾਉਣ ਤੇ ਮੋਦੀ ਦੀ ਕੇਂਦਰ ਸਰਕਾਰ ਖਿਲਾਫ ਜੋਰਦਾਰ ਪ੍ਰਦਰਸ਼ਨ ਕੀਤਾ ਗਿਆ। ਇਕੱਠੇ ਹੋਏ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਡੀਐਮਐਫ ਦੇ ਸੂਬਾ ਪ੍ਰਧਾਨ ਰਾਜਕੁਮਾਰ ਸਿੰਘ ਕਨਸੂਹਾ,ਕੁਲਵਿੰਦਰ ਕੌਰ ਰਾਮਗੜ੍ਹ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਵੀ ਬੀ ਜੀ ਰਾਮ ਜੀ ਬਣਾ ਕੇ ਗਰੀਬ ਲੋਕਾਂ ਦੇ ਰਿਜ਼ਕ ਉਪਰ ਵੱਡਾ ਹਮਲਾ ਕੀਤਾ ਹੈ।ਪਹਿਲਾਂ ਹੀ ਰਾਜਾਂ ਦੇ ਅਧਿਕਾਰਾਂ ਨੂੰ ਖੋਹ ਰਹੀ ਮੋਦੀ ਸਰਕਾਰ ਨੇ ਨਵੇਂ ਕਾਨੂੰਨ ਵਿੱਚ ਰਾਜਾਂ ਦਾ ਹਿੱਸਾ 10% ਤੋਂ ਵਧਾ ਕੇ 40 ਪ੍ਰਤੀਸ਼ਤ ਕਰਕੇ ਫੈਡਰਲਿਜ਼ਮ ਨੂੰ ਵੱਡੀ ਸੱਟ ਮਾਰੀ ਹੈ ਅਤੇ ਗ੍ਰਾਮ ਸਭਾਵਾਂ ਦੇ ਹੱਕਾਂ ਨੂੰ ਖੋਹ ਕੇ ਲੋਕਤੰਤਰ ਦਾ ਵੱਡਾ ਘਾਣ ਕਰ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਕਿਵੇਂ ਸਰਕਾਰ ਨੇ ਰਾਮ ਦੇ ਨਾਮ ਤੇ 125 ਦਿਨਾਂ ਦਾ ਜੁਮਲਾ ਖੇਡ ਕੇ ਮਨਰੇਗਾ ਰੱਦ ਕਰ ਦਿੱਤੀ ਤੇ ਇੱਕ ਨਵਾਂ ਹੀ ਕਾਨੂੰਨ ਲਿਆਂਦਾ ਜਿਹੜਾ ਕਿ ਨਾ ਮਜ਼ਦੂਰ ਦੇ ਕੰਮ ਦਾ ਹੈ ਨਾ ਪਿੰਡ ਦੇ ਕੰਮ ਦਾ ਹੈ ਅਤੇ ਨਾ ਹੀ ਸੂਬੇ ਦੇ ਕੰਮ ਦਾ। ਇਸ ਮੌਕੇ ਡੀਐਮਐਫ ਦੇ ਰਾਣੀ ਕਾਠਮੱਠੀ, ਹਰਮੇਸ਼ ਕੌਰ, ਜਰਨੈਲ ਸਿੰਘ ਪੰਜੋਲਾ ਨੇ ਕਿਹਾ ਕਿ ਮੰਗ ਆਧਾਰਤ ਗਰੰਟੀ ਨੂੰ ਸਪਲਾਈ ਆਧਾਰਤ ਗਰੰਟੀ ਬਣਾਉਣ ਦਾ ਮਤਲਬ ਆਯੂਸਮਾਨ ਬੀਮੇ ਵਰਗਾ ਹੈ ਜਿੱਥੇ ਸਰਕਾਰ ਮਸ਼ਹੂਰੀਆਂ ਚ ਤਾਂ ਝੂਠੇ ਦਾਅਵੇ ਕਰਦੀ ਹੈ ਕਿ ਸਭ ਨੂੰ ਅਸੀਂ ਪੰਜ ਲੱਖ ਦਾ ਮੁਫਤ ਇਲਾਜ ਦੇ ਦਿੱਤਾ ਪਰ ਬਹੁਤੀ ਵਾਰੀ ਉਹ ਕਾਰਡ ਚੱਲਦਾ ਹੀ ਨਹੀਂ ਕਿਉਂਕਿ ਭਾਰਤ ਸਰਕਾਰ ਵੱਲੋਂ ਤੈਅ ਕੀਤੇ ਪੈਸੇ ਪਾਉਣ ਮਗਰੋਂ ਉਸ ਨੂੰ ਲਾਵਾਰਸ ਛੱਡ ਦਿੰਦੀ ਹੈ। ਉਸੇ ਤਰੀਕੇ ਜੀ ਰਾਮ ਜੀ ਸਕੀਮ ਵੀ ਪਿੰਡ ਤੇ ਮਜ਼ਦੂਰ ਦੀ ਮੰਗ ਨੂੰ ਕੇਂਦਰ ਚ ਰੱਖਣ ਦੀ ਥਾਂ ਭਾਰਤ ਸਰਕਾਰ ਨੂੰ ਕੇਂਦਰ ਚ ਰੱਖਦਾ ਹੈ ਤੇ ਇੱਕ ਵਾਰੀ ਨਿਰਧਾਰਤ ਕੀਤੇ ਪੈਸੇ ਮਗਰੋਂ ਹੱਥ ਖੜਾ ਕਰ ਦਿੱਤਾ ਜਾਵੇਗਾ। ਇਹ ਪੈਸਾ ਵੀ ਸੂਬਿਆਂ ਨੂੰ ਕੇਂਦਰ ਦੀ ਮਰਜ਼ੀ ਨਾਲ ਮਿਲੇਗਾ। ਜਿਸ ਕਾਰਨ ਇਸ ਸਕੀਮ ਦਾ ਸਿਆਸੀਕਰਨ ਕਰਨਾ ਵੀ ਆਸਾਨ ਬਣਾ ਦਿੱਤਾ ਗਿਆ ਤੇ ਪਿਸੇਗਾ ਮਜ਼ਦੂਰ ਪਿੰਡ ਤੇ ਸੂਬਾ। ਇਸ ਦੇ ਨਾਲ ਹੀ ਅਫਸਰਸਾਹੀ ਨੂੰ ਹੋਰ ਜਵਾਬਦੇਹ ਬਣਾਉਣ ਦੀ ਥਾਂ ਉਸ ਨੂੰ ਹੋਰ ਤਾਕਤ ਦੇ ਕੇ ਬਸਤੀਵਾਦੀ ਰਾਜ ਪ੍ਰਬੰਧ ਵੱਲ ਵਧਿਆ ਜਾ ਰਿਹਾ ਹੈ।

ਪ੍ਰਦਰਸ਼ਨਕਾਰੀਆਂ ਦਰਮਿਆਨ ਭਾਰੀ ਰੋਹ ਤੇ ਚਿੰਤਾ ਦੇਖਣ ਨੂੰ ਮਿਲੀ। ਉਹਨਾਂ ਨੇ ਜੀ ਰਾਮ ਜੀ ਦੇ 125 ਦਿਨਾਂ ਦੇ ਵਾਅਦੇ ਨੂੰ ਕਾਰਪੋਰੇਟ ਦੇ ਚਿਪਸ ਦੀ ਪੈਕਿੰਗ ਦੱਸਿਆ ਤੇ ਕਿਹਾ ਕਿ ਭਾਰਤ ਸਰਕਾਰ ਕਾਰਪੋਰੇਟ ਦੀ ਤਰ੍ਹਾਂ ਪੈਕਿੰਗ ਤਾਂ ਸੋਹਣੀ ਬਣਾ ਕੇ ਲਿਆਈ ਪਰ ਅੰਦਰ ਦੇ ਖਾਣੇ ਦਾ ਸਰੀਰ ਨੂੰ ਕੋਈ ਲਾਭ ਨਹੀਂ।ਸਗੋਂ ਨੁਕਸਾਨ ਹੀ ਹੈ ਇਸ ਮੌਕੇ ਜਥੇਬੰਦੀ ਨੇ ਪੇਂਡੂ ਮਜ਼ਦੂਰਾਂਨੂੰ ਅਪੀਲ ਕੀਤੀ ਕਿ ਮਨਰੇਗਾ ਤੇ ਜੀ ਰਾਮ ਜੀ ਦੇ ਅੰਤਰ ਨੂੰ ਸਮਝ ਕੇ ਅੱਗੇ ਦੀ ਅੱਗੇ ਸਮਝਾਉਣ ਤੇ ਭਾਰਤ ਸਰਕਾਰ ਦੀ ਇਸ ਹਮਲੇ ਖਿਲਾਫ ਘਰ ਘਰ ਲਹਿਰ ਖੜੀ ਕੀਤੀ ਜਾਵੇ। ਡੈਮੋਕਰੇਟ ਮਨਰੇਗਾ ਫਰੰਟ ਵੱਲੋਂ ਰਾਸ਼ਟਰਪਤੀ ਦੇ ਨਾਮ ਤਹਿਸੀਲਦਾਰ ਕਰਨਦੀਪ ਸਿੰਘ ਭੁੱਲਰ ਨੇ ਮੰਗ ਪੱਤਰ ਪ੍ਰਾਪਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਕੌਰ ਖਾਲਸਪੁਰ, ਸਰਬਜੀਤ ਕੌਰ ਕਿਸ਼ਨਪੁਰਾ, ਬਿਮਲਾ ਚੌਰਾ, ਪ੍ਰਦੀਪ ਕੌਰ ਲੰਗ, ਮਨਜੀਤ ਕੌਰ ਆਲਮਪੁਰ, ਗੁਰਪ੍ਰੀਤ ਕੌਰ ਕੋਟਲਾ ਗਹਿਰੂ ,ਰਾਮਪਾਲ ਡੰਡੋਆ ,ਪਰਵਿੰਦਰ ਕੌਰ ਵਿੱਕੀ ਰਾਮਗੜ ਆਦਿ ਨੇ ਸਰਗਰਮ ਸ਼ਮੂਲੀਅਤ ਕੀਤੀ।

# ਪਿੰਡ ਮੁਰਾਦਪੁਰਾ ਦੇ ਨਸ਼ਾ ਤਸਕਰ ਨਾਜਾਇਜ਼ ਧੰਦਾ ਛੱਡ ਕੇ ਆਪਣਾ ਕਾਰੋਬਾਰ ਕਰਨ: ਜੌੜਾਮਾਜਰਾ



**ਸਮਾਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਇਕ ਚੇਤਨ ਸਿੰਘ ਜੋੜਾ ਮਾਜਰਾ ਨੇ ਪੁਲਿਸ ਫੋਰਸ ਨੂੰ ਨਾਲ ਲੈ ਕੇ ਪਿੰਡ ਮੁਰਾਦਪੁਰਾ ਵਿਖੇ ਪਿੰਡ ਦੇ ਲੋਕਾਂ ਨਾਲ ਇੱਕ ਮੀਟਿੰਗ ਕੀਤੀ, ਜਿਸ ਵਿੱਚ ਨਸ਼ਾ ਤਸਕਰਾਂ ਉਕਤ ਨਜਾਇਜ਼ ਧੰਦਾ ਛੱਡ ਕੇ ਆਪਣੇ-ਆਪਣੇ ਕਾਰੋਬਾਰ ਸੁਰੂ ਕਰਨ ਦੀ ਅਪੀਲ ਕੀਤੀ, ਤਾਂ ਜੋ ਪਿੰਡ ਮੁਰਾਦਪੁਰਾ ਦਾ ਕਾਲੇ ਅੱਖਰਾਂ 0ਚ ਲਿਖਿਆ ਨਾਮ ਸੁਨਹਿਰੀ ਅੱਖਰਾਂ ਵਿੱਚ ਆ ਸਕੇ। ਉਹਨਾ ਮੀਟਿੰਗ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਕਤ ਪਿੰਡ ਦਾ ਨਾਮ ਨਸ਼ੇ ਦੀ ਤਸ਼ਕਰੀ ਵਿੱਚ ਮਸ਼ਹੂਰ ਹੋਣ ਕਰਕੇ ਪਿੰਡਾਂ ਦੀਆਂ ਪੰਚਾਇਤਾਂ ਤੁਹਾਨੂੰ ਪਿੰਡ ਚੋਂ ਕੱਢਣ ਲਈ ਸਾਡੇ ਤੇ ਬਹੁਤ ਦਬਾਅ ਬਣਾ ਰਹੀਆਂ ਹਨ, ਕਿ ਜੇਕਰ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਤੋਂ ਇਸ ਪਿੰਡ ਦੇ ਨਸ਼ਾ ਤਸ਼ੱਕਰ ਕਾਬੂ ਨਹੀਂ ਆਉਂਦੇ, ਤਾਂ ਇਸ ਪਿੰਡ ਨੂੰ ਪੰਚਾਇਤਾਂ ਹਵਾਲੇ ਕਰ ਦਿਓ। ਸਾਡੇ ਤੋਂ ਆਪਣੇ ਗੱਭਰੂ ਜਵਾਨ ਰੋਜ਼ ਰੋਜ਼ ਨਹੀਂ ਮਰਵਾਏ ਜਾਂਦੇ। ਹਲਕਾ ਵਿਧਾਇਕ ਨੇ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸ਼ਕਰੀ ਦੇ ਧੰਦੇ ਨੂੰ ਛੱਡ ਆਪਣੇ ਕਾਰੋਬਾਰ ਕਰਨ ਤੇ ਬੱਚਿਆਂ ਨੂੰ ਪੜ੍ਹਾਈ ਲਈ ਸਕੂਲਾਂ ਕਾਲਜਾਂ 'ਚ ਦਾਖਲ ਕਰਵਾਉਣ। ਜੇਕਰ ਕਿਸੇ ਨੂੰ ਆਰਥਿਕ ਮਦਦ ਦੀ ਲੋੜ ਪੈਂਦੀ ਹੈ ਤਾਂ ਉਹ ਖ਼ੁਦ ਵੀ ਤੁਹਾਡੀ ਮਦਦ ਕਰਨ ਲਈ ਤਿਆਰ ਹਨ। ਇਸ ਮੌਕੇ ਥਾਣਾ ਸਿਟੀ ਮੁੱਖੀ ਤੇ ਸਦਰ ਮੁੱਖੀ ਅਜੇ ਕੁਮਾਰ ਪਰੋਚਾ ਤੇ ਬਲਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਹਰੇਕ ਘਰ ਵਿੱਚ ਕਈ- ਕਈ ਮਾਮਲੇ ਦਰਜ ਹੋਣ ਕਾਰਨ ਅੱਧਾ ਪਿੰਡ ਜੇਲ੍ਹ ਵਿੱਚ ਬੈਠਾ ਹੈ। ਜੇਕਰ ਤੁਸੀਂ ਇਹ ਨਜਾਇਜ਼ ਧੰਦਾ ਛੱਡ ਕੇ ਮੁੱਖਧਾਰਾ ਵਿੱਚ ਆ ਜਾਵੋ, ਤਾਂ ਜੋ ਤੁਹਾਡੀ ਤੇ ਤੁਹਾਡੇ ਬੱਚਿਆਂ ਦੀ ਜ਼ਿੰਦਗੀ ਚੰਗੀ ਤਰ੍ਹਾਂ ਬਤੀਤ ਹੋ ਸਕੇ। ਇਸ ਮੌਕੇ ਪਿੰਡ ਦੀ ਪੰਚਾਇਤ ਤੋਂ ਇਲਾਵਾ ਕੌਂਸਲਰ ਤੇ ਨਵੇਂ ਚੁਣੇ ਗਏ ਬਲਾਕ ਸੰਮਤੀ ਮੈਂਬਰ ਆਦਿ ਵੀ ਹਾਜ਼ਰ ਸਨ।

# ਸਮੂਹ ਅਧਿਆਪਕ ਜਥੇਬੰਦੀਆਂ ਦੀ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਹੋਈ ਮੀਟਿੰਗ

**ਜ਼ਿਲ੍ਹਾ ਪਰਿਸ਼ਦ ਬਲਾਕ ਸੰਮਤੀ ਚੋਣਾਂ ਦਰਮਿਆਨ ਫੱਟੜ ਹੋਏ ਅਧਿਆਪਕਾਂ ਲਈ ਕੀਤੀ ਮੁਆਵਜੇ ਦੀ ਮੰਗਚੋਣਾਂ ਦੌਰਾਨ ਫੌਤ ਹੋਏ ਅਧਿਆਪਕ ਜੋੜੇ ਲਈ ਦੋ-ਦੋ ਕਰੋੜ ਰੁਪਏ ਦਾ ਮੁਆਵਜ਼ਾ ਦੇਵੇ ਪੰਜਾਬ ਸਰਕਾਰ- ਸਮੂਹ ਅਧਿਆਪਕ ਜਥੇਬੰਦੀਆਂ ਚੋਣ ਡਿਊਟੀਆਂ ਲਈ ਐਸਓਪੀ ਜਾਰੀ ਕਰੇ ਪ੍ਰਸ਼ਾਸਨ**



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਪ੍ਰਬੰਧਾਂ ਦੀਆਂ ਊਣਤਾਈਆਂ ਅਤੇ ਦੁਰਘਟਨਾ ਦਾ ਸ਼ਿਕਾਰ ਹੋਏ ਅਧਿਆਪਕਾਂ ਦੇ ਮੁਆਵਜੇ ਸਬੰਧੀ ਜ਼ਿਲ੍ਹਾ ਪਟਿਆਲਾ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੀ ਮੀਟਿੰਗ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਹੋਈ। ਇਸ ਅਹਿਮ ਮੌਕੇ ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਗੌਰਮਿੰਟ ਟੀਚਰ ਯੂਨੀਅਨ ਦੇ ਕੰਵਲ ਨੈਣ ਤੇ ਦੀਦਾਰ ਸਿੰਘ ਪਟਿਆਲਾ, ਹਰਵਿੰਦਰ ਸਿੰਘ ਰੱਖੜਾ(ਡੀ ਟੀ ਐਫ), ਐਸਸੀਬੀਸੀ ਟੀਚਰ ਯੂਨੀਅਨ ਤੋਂ ਗੁਰਪ੍ਰੀਤ ਸਿੰਘ ਗੁਰੂ, ਈਟੀਯੂ ਤੋਂ ਮਨੋਜ ਘਈ ਅਤੇ ਡੀਟੀਐਫ ਦਿਗਵਿਜੇਪਾਲ ਤੋਂ ਤਲਵਿੰਦਰ ਸਿੰਘ ਖਰੌੜ ਅਤੇ ਅਧਿਆਪਕ ਦਲ ਦੇ ਪ੍ਰਵੀਨ ਕੁਮਾਰ ਸਾਥੀਆਂ ਸਮੇਤ ਹਾਜ਼ਰ ਹੋਏ। ਮੀਟਿੰਗ ਵਿੱਚ ਆਗੂਆਂ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਮੋਗਾ ਵਿਖੇ ਫੌਤ ਹੋਏ ਅਧਿਆਪਕ ਜੋੜੇ ਲਈ ਦੋ-ਦੋ ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦੀ ਮੰਗ ਤਰਕਪੂਰਨ ਢੰਗ ਦੀ ਨਾਲ ਰੱਖੀ ਜਿਸ ਤੇ ਸ੍ਰੀਮਤੀ ਪ੍ਰੀਤੀ ਯਾਦਵ ਡੀਸੀ ਪਟਿਆਲਾ ਨੇ ਉਕਤ ਮੰਗ ਨੂੰ ਹਮਦਰਦੀ ਪੂਰਨ ਢੰਗ ਨਾਲ ਮੁੱਖ ਮੰਤਰੀ ਪੰਜਾਬ ਕੋਲ ਰੱਖਣ ਦਾ ਭਰੋਸਾ ਦਿੱਤਾ। ਇਹਨਾਂ ਚੋਣਾਂ ਦੌਰਾਨ ਧੁੰਦ ਕਾਰਨ ਵਾਪਰੇ ਹਾਦਸੇ ਵਿੱਚ ਪਟਿਆਲਾ ਜਿਲ੍ਹੇ ਨਾਲ ਸੰਬੰਧਿਤ ਫੱਟੜ ਹੋਏ ਅਧਿਆਪਕਾਂ ਗੁਰਵਿੰਦਰ ਸਿੰਘ ਨਰੜੂ ਅਤੇ ਪਰਮਜੀਤ ਕੌਰ ਜੈਖਰ ਨੂੰ ਢੁਕਵਾਂ ਮੁਆਵਜਾ ਅਤੇ ਇਲਾਜ ਦੌਰਾਨ ਤਨਖਾਹ ਸਮੇਤ ਛੁੱਟੀਆਂ ਦੇਣ ਦਾ ਮਸਲਾ ਜ਼ੋਰਦਾਰ ਢੰਗ ਨਾਲ ਚੁੱਕਿਆ ਗਿਆ। ਡਿਪਟੀ ਕਮਿਸ਼ਨਰ ਪਟਿਆਲਾ ਮੈਡਮ ਵੱਲੋਂ ਮੰਗ ਨਾਲ ਸਹਿਮਤ ਹੁੰਦਿਆਂ ਜ਼ਿਲਾ ਸਿੱਖਿਆ ਅਫਸਰ (ਸੈ. ਸਿੱ.) ਪਟਿਆਲਾ ਨੂੰ ਇਹਨਾਂ ਸਬੰਧੀ ਕੇਸ ਤਿਆਰ ਕਰਕੇ ਭੇਜਣ ਅਤੇ ਢੁਕਵੀਂ ਪੈਰਵਾਈ ਕਰਨ ਵਾਸਤੇ ਹਦਾਇਤ ਕੀਤੀ ਗਈ।

ਆਗੂਆਂ ਵੱਲੋਂ ਮੰਗ ਰੱਖੀ ਗਈ ਕਿ ਵੋਟਾਂ ਦੌਰਾਨ ਕਪਲ ਕੇਸ, ਗੰਭੀਰ ਬਿਮਾਰੀ ਤੋਂ ਪੀੜਤ ਮੁਲਾਜਮ ਤੇ ਬੀਐਲਓ ਦੀਆਂ ਡਿਊਟੀਆਂ ਨਾ ਲਗਾਈਆਂ ਜਾਣ ਅਤੇ ਲੇਡੀਜ਼ ਅਧਿਆਪਕਾਂ ਦੀਆਂ ਡਿਊਟੀਆਂ ਬਲਾਕ ਵਾਈਜ਼ ਉਹਨਾਂ ਦੇ ਸਕੂਲਾਂ ਵਿੱਚ ਹੀ ਲਗਾਈਆਂ ਜਾਣ । ਇਸ ਸਬੰਧੀ ਜਥੇਬੰਦੀਆਂ ਦੀ ਸਹਿਮਤੀ ਅਨੁਸਾਰ ਐਸਓਪੀ ਜਾਰੀ ਕਰਨ ਦੀ ਮੰਗ ਰੱਖੀ ਗਈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਅਧਿਆਪਕ ਨੂੰ ਡਿਊਟੀ ਲਗਾਉਣ ਜਾਂ ਕਟਾਉਣ ਦੇ ਮਸਲੇ ਵਿੱਚ ਪੱਖਪਾਤ ਮਹਿਸੂਸ ਨਾ ਹੋਵੇ। ਡਿਪਟੀ ਕਮਿਸ਼ਨਰ ਪਟਿਆਲਾ ਨੇ ਇਸ ਮੰਗ ਨਾਲ ਵੀ ਸਹਿਮਤ ਹੁੰਦਿਆਂ ਕਿਹਾ ਕਿ ਅਗਲੀਆਂ ਚੋਣਾਂ ਤੋਂ ਪਹਿਲਾਂ ਐਸਓਪੀ ਜਾਰੀ ਕੀਤੀ ਜਾਵੇਗੀ। ਇਸ ਮੌਕੇ ਏਡੀਸੀ ਪਟਿਆਲਾ,ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ੍ਰੀ ਸੰਜੀਵ ਸ਼ਰਮਾ ਅਤੇ ਡਿਪਟੀ ਡੀਈਓ ਸੈਕੰਡਰੀ ਸ੍ਰੀ ਰਵਿੰਦਰ ਪਾਲ ਸਿੰਘ ਵਿਸ਼ੇਸ਼ ਤੌਰ ਤੇ ਮੀਟਿੰਗ ਵਿੱਚ ਸ਼ਾਮਿਲ ਹੋਏ। ਉਕਤ ਸਾਰੀਆਂ ਮੰਗਾਂ ਦੀ ਪੂਰਤੀ ਲਈ ਸਮੂਹ ਅਧਿਆਪਕ ਜਥੇਬੰਦੀਆਂ ਨੇ ਇੱਕ ਹਫਤੇ ਦਾ ਸਮਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤਾ ਹੈ। ਜੇਕਰ ਤੈਅ ਸਮੇਂ ਵਿੱਚ ਇਹ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਮੀਟਿੰਗ ਕਰਕੇ ਅਗਲੇਰੇ ਸੰਘਰਸ਼ ਦੀ ਰੂਪਰੇਖਾ ਉਲੀਕੀ ਜਾਵੇਗੀ।

ਇਸ ਸਮੇਂ ਹਰਪ੍ਰੀਤ ਸਿੰਘ ਉੱਪਲ,ਜਗਜੀਤ ਸਿੰਘ ਜਟਾਣਾ, ਹਰਦੀਪ ਸਿੰਘ ਪਟਿਆਲਾ,ਭੁਪਿੰਦਰ ਸਿੰਘ, ਕ੍ਰਿਸ਼ਨ ਸਿੰਘ ਚੌਹਾਨਕੇ, ਰਵਿੰਦਰ ਕੰਬੋਜ ਅਤੇ ਅਲਬਰਟ ਸਾਦਿਕ ਆਦਿ ਅਧਿਆਪਕ ਸਾਥੀ ਮੌਕੇ ਤੇ ਹਾਜ਼ਰ ਸਨ।

# ਮੇਅਰ ਵੱਲੋਂ ਸ਼ਹਿਰ ਦੇ ਪੋਸ਼ ਏਰੀਆ ਬਾਰਾਦਰੀ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਨਿਰੀਖਣ



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਨੂੰ ਸੁੰਦਰ, ਸੁਚੱਜਾ ਅਤੇ ਵਿਕਸਿਤ ਬਣਾਉਣ ਦੇ ਟੀਚੇ ਹੇਠ ਚਲ ਰਹੇ ਵਿਕਾਸ ਕਾਰਜਾਂ ਦੀ ਗੁਣਵੱਤਾ ਅਤੇ ਪ੍ਰਗਤੀ ਦੀ ਜਾਂਚ ਲਈ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਸ਼ਹਿਰ ਦੇ ਪੋਸ਼ ਇਲਾਕੇ ਬਾਰਾਦਰੀ ਵਿਖੇ ਚੱਲ ਰਹੇ ਵੱਖ-ਵੱਖ ਕੰਮਾਂ ਦਾ ਮੌਕੇ 'ਤੇ ਪਹੁੰਚ ਕੇ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਸਬੰਧਤ ਠੇਕੇਦਾਰ ਅਤੇ ਜੇ.ਈ. ਰੋਹਿਤ ਅਤੇ ਨਿਗਮ ਦੇ ਹੋਰ ਅਧਿਕਾਰੀਆਂ ਤੋਂ ਇਲਾਵਾ ਲੱਕੀ ਰਹਿਲ ਪੀ ਏ, ਸੈਕਟਰੀ ਰਜਿੰਦਰ ਮੋਹਨ ਅਤੇ ਇਲਾਕਾ ਵਾਸੀ ਵੀ ਮੌਜੂਦ ਰਹੇ.

ਮੇਅਰ ਨੇ ਇਲਾਕੇ ਵਿੱਚ ਹੋ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ, ਵਰਤੀ ਜਾ ਰਹੀ ਸਮੱਗਰੀ ਦੀ ਗੁਣਵੱਤਾ ਅਤੇ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ। ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਗਰ ਨਿਗਮ ਵੱਲੋਂ ਕਰਵਾਏ ਜਾ ਰਹੇ ਕਿਸੇ ਵੀ ਕੰਮ ਵਿੱਚ ਦੇਰੀ ਜਾਂ ਲਾਪਰਵਾਹੀ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਟੈਕਸ ਦੇ ਪੈਸੇ ਨਾਲ ਹੋ ਰਹੇ ਵਿਕਾਸ ਕਾਰਜ ਪੂਰੀ ਪਾਰਦਰਸ਼ਤਾ ਅਤੇ ਮਿਆਰੀ ਢੰਗ ਨਾਲ ਮੁਕੰਮਲ ਹੋਣੇ ਚਾਹੀਦੇ ਹਨ।

ਮੇਅਰ ਕੁੰਦਨ ਗੋਗੀਆ ਨੇ ਠੇਕੇਦਾਰ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਕਿਹਾ ਕਿ ਕੰਮ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣ ਅਤੇ ਹਰ ਪੱਧਰ 'ਤੇ ਗੁਣਵੱਤਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਕਿਸੇ ਵੀ ਕੰਮ ਵਿੱਚ ਘਾਟ ਜਾਂ ਮਿਆਰ ਤੋਂ ਘੱਟ ਸਮੱਗਰੀ ਦੀ ਵਰਤੋਂ ਪਾਈ ਗਈ ਤਾਂ ਸੰਬੰਧਤ ਠੇਕੇਦਾਰ ਅਤੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਮੇਅਰ ਨੇ ਕਿਹਾ ਕਿ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਦੇ ਹਰ ਇਲਾਕੇ ਵਿੱਚ ਵਿਕਾਸ ਕਾਰਜਾਂ ਦੀ ਖੁਦ ਨਿਗਰਾਨੀ ਕੀਤੀ ਜਾ ਰਹੀ ਹੈ, ਤਾਂ ਜੋ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਸੜਕਾਂ, ਫੁੱਟਪਾਥ, ਸਟ੍ਰੀਟ ਲਾਈਟਾਂ, ਸੀਵਰੇਜ ਅਤੇ ਸਫਾਈ ਵਰਗੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ।

ਨਿਰੀਖਣ ਦੌਰਾਨ ਇਲਾਕਾ ਵਾਸੀਆਂ ਨੇ ਮੇਅਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਰਾਦਰੀ ਇਲਾਕੇ ਵਿੱਚ ਚੱਲ ਰਹੇ ਕੰਮਾਂ ਦੀ ਸਿੱਧੀ ਨਿਗਰਾਨੀ ਨਾਲ ਉਨ੍ਹਾਂ ਨੂੰ ਮਿਆਰੀ ਵਿਕਾਸ ਦੀ ਉਮੀਦ ਬਣੀ ਹੈ। ਮੇਅਰ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਨਗਰ ਨਿਗਮ ਸ਼ਹਿਰ ਦੇ ਹਰ ਕੋਨੇ ਵਿੱਚ ਵਿਕਾਸ ਨੂੰ ਲਗਾਤਾਰ ਜਾਰੀ ਰੱਖੇਗਾ ਅਤੇ ਪਟਿਆਲਾ ਨੂੰ ਇੱਕ ਸਾਫ਼, ਸੁੰਦਰ ਅਤੇ ਆਧੁਨਿਕ ਸ਼ਹਿਰ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

# ਮੇਅਰ ਕੁੰਦਨ ਗੋਗੀਆ ਦਾ ਨਿਵੇਕਲਾ ਉਪਰਾਲਾ ਹਰ ਕੰਮ ਤੋਂ ਪਹਿਲਾਂ ਜਾਣਕਾਰੀ ਬੋਰਡ ਲਾਜ਼ਮੀ

**ਨਿਰਦੇਸ਼ਾਂ ਦੀ ਉਲੰਘਣਾ ਕਰਨ ਤੇ ਹੋਵੇਗੀ ਸਖ਼ਤ ਕਾਰਵਾਈ: ਮੇਅਰ**



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਸ਼ਹਿਰ ਦੀਆਂ ਸੜਕਾਂ ਨੂੰ ਗੁਣਵੱਤਾ ਅਤੇ ਪਾਰਦਰਸ਼ੀ ਪ੍ਰਣਾਲੀ ਨਾਲ ਜੋੜਨ ਲਈ ਇੱਕ ਨਿਵੇਕਲਾ ਅਤੇ ਮਹੱਤਵਪੂਰਨ ਉਪਰਾਲਾ ਕੀਤਾ ਗਿਆ ਹੈ। ਰਣਜੀਤ ਨਗਰ ਅਤੇ ਅਲੀਪੁਰ ਅਰਾਈਆ ਵਿਖੇ ਅਚਾਨਕ ਚੈਕਿੰਗ ਦੌਰਾਨ ਕਈ ਥਾਵਾਂ 'ਤੇ ਮੁਰੰਮਤ ਤੋਂ ਬਾਅਦ ਵੀ ਖਾਮੀਆਂ ਸਾਹਮਣੇ ਆਉਣ 'ਤੇ ਮੇਅਰ ਨੇ ਕੜੀ ਕਾਰਵਾਈ ਦੀ ਚੇਤਾਵਨੀ ਦਿੰਦਿਆਂ ਨਵੇਂ ਨਿਰਦੇਸ਼ ਜਾਰੀ ਕੀਤੇ। ਹੁਣ ਸ਼ਹਿਰ ਵਿਚ ਜਿੱਥੇ ਵੀ ਸੜਕ ਦੀ ਮੁਰੰਮਤ ਜਾਂ ਮੁੜ ਉਸਾਰੀ ਦਾ ਕੰਮ ਸ਼ੁਰੂ ਹੋਵੇਗਾ, ਉੱਥੇ ਸਭ ਤੋਂ ਪਹਿਲਾਂ ਇੱਕ ਜਾਣਕਾਰੀ ਬੋਰਡ ਲਗਾਉਣਾ ਲਾਜ਼ਮੀ ਹੋਵੇਗਾ।

ਮੇਅਰ ਗੋਗੀਆ ਨੇ ਕਿਹਾ ਕਿ ਸ਼ਹਿਰ ਦੀਆਂ ਸੜਕਾਂ ਲੋਕਾਂ ਦੀ ਰੋਜ਼ਾਨਾ ਕੰਮਕਾਜ ਅਤੇ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹਨ। ਇਸ ਲਈ ਮਟੀਰੀਅਲ ਦੀ ਕੁਆਲਟੀ, ਕੰਮ ਦੀ ਗਤੀ ਅਤੇ ਪੂਰੇ ਪ੍ਰੋਜੈਕਟ ਦੀ ਜਵਾਬਦੇਹੀ ਯਕੀਨੀ ਬਣਾਉਣ ਲਈ ਇਹ ਕਦਮ ਲਿਆ ਗਿਆ ਹੈ। ਜਾਰੀ ਨਿਰਦੇਸ਼ਾਂ ਅਨੁਸਾਰ ਬੋਰਡ ਉੱਤੇ ਠੇਕੇਦਾਰ ਦਾ ਨਾਮ, ਵਰਤੀ ਜਾਣ ਵਾਲਾ ਸਮੱਗਰੀ ਦਾ ਵੇਰਵਾ, ਸੜਕ ਦੀ ਕੁੱਲ ਲੰਬਾਈ ਅਤੇ ਚੌੜਾਈ, ਕੰਮ ਸ਼ੁਰੂ ਕਰਨ ਦੀ ਤਾਰੀਖ ਅਤੇ ਮੁਕੰਮਲ ਹੋਣ ਦੀ ਨਿਰਧਾਰਤ ਤਾਰੀਖ, ਗਲੀ ਦਾ ਨਾਂ ਅਤੇ ਏਰੀਏ ਦਾ ਨਾਂ ਸਪਸ਼ਟ ਤੌਰ 'ਤੇ ਲਿਖਣਾ ਹੋਵੇਗਾ। ਇਸ ਦੇ ਨਾਲ ਹੀ ਬੋਰਡ ਉੱਪਰ ਕਾਰਜਕਾਰੀ ਅਧਿਕਾਰੀਆਂ ਦੇ ਨਾਮ ਅਤੇ ਸੰਪਰਕ ਨੰਬਰ ਵੀ ਦਰਸਾਏ ਜਾਣ ਤਾਂ ਜੋ ਨਾਗਰਿਕ ਸਿੱਧੇ ਸ਼ਿਕਾਇਤ ਜਾਂ ਸੁਝਾਅ ਦੇ ਸਕਣ। ਮੇਅਰ ਨੇ ਕਿਹਾ ਕਿ ਜੇ ਕੋਈ ਠੇਕੇਦਾਰ ਇਹ ਨਿਰਦੇਸ਼ਾਂ ਦੀ ਉਲੰਘਣਾ ਕਰਦਾ ਹੈ ਜਾਂ ਬੋਰਡ ਬਿਨਾ ਕੰਮ ਸ਼ੁਰੂ ਕਰਦਾ ਹੈ, ਤਾਂ ਉਸਦੇ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ ਅਤੇ ਉਸਦੀ ਅਗਲੀ ਟੈਂਡਰ ਭਰਤੀ 'ਤੇ ਵੀ ਰੋਕ ਲਗ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਨਾ ਸਿਰਫ਼ ਲੋਕਾਂ ਨੂੰ ਕੰਮ ਬਾਰੇ ਸਹੀ ਜਾਣਕਾਰੀ ਮਿਲੇਗੀ, ਸਗੋਂ ਜਵਾਬਦੇਹੀ ਅਤੇ ਗੁਣਵੱਤਾ ਦੋਵੇਂ ਵਿੱਚ ਸੁਧਾਰ ਆਵੇਗਾ।

ਮੇਅਰ ਗੋਗੀਆ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਹੈ ਕਿ ਪਟਿਆਲਾ ਦੀਆਂ ਸੜਕਾਂ 'ਤੇ ਨਿਕਲਣ ਵਾਲੇ ਹਰ ਨਾਗਰਿਕ ਨੂੰ ਸੁਖਵੀਂ ਯਾਤਰਾ ਮਿਲ ਸਕੇ ਅਤੇ ਕੰਮ ਦਿਖਾਈ ਦੇਣ ਦੇ ਨਾਲ ਨਾਲ ਸਬੰਧਤ ਠੇਕੇਦਾਰ ਜਵਾਬਦੇਹ ਵੀ ਹੋਵੇ। ਇਸ ਮੌਕੇ ਠੇਕੇਦਾਰ ਤਰਸੇਮ ਕੁਮਾਰ, ਵਾਰਡ ਨੰਬਰ 15 ਦੇ ਐਮਸੀ ਮੈਡਮ ਤਜਿੰਦਰ ਕੌਰ , ਜੇਈ ਜਗਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਕੇ ਤੇ ਮੌਜੂਦ ਰਹੇ।

# ਭਾਰਤੀ ਫੌਜ ਵਿੱਚ ਕੈਪਟਨ ਰਹਿ ਚੁੱਕੀ ਗੁਰਪ੍ਰੀਤ ਕੌਰ ਨੇ ਪੀਸੀਐਸ ਦੀ ਪ੍ਰੀਖਿਆ ਕੀਤੀ ਪਾਸ

**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫੌਜ ਵਿੱਚ ਬਤੌਰ ਕੈਪਟਨ ਰਹਿ ਚੁੱਕੀ ਸਮਾਣਾ ਦੀ ਮਹਿਲਾ ਗੁਰਪ੍ਰੀਤ ਕੌਰ ਨੇ ਆਪਣੇ ਪਰਿਵਾਰ ਦੇ ਸਹਿਯੋਗ ਨਾਲ ਮਿਹਨਤ ਸਦਕਾ ਪੀ ਸੀ ਐਸ ਦੀ ਪ੍ਰੀਖਿਆ ਨੂੰ ਪਾਸ ਕਰਕੇ ਸਮਾਣਾ ਦਾ ਨਾਮ ਰੋਸ਼ਨ ਕੀਤਾ ਹੈ ਜਿਸ ਦੀ ਹੌਸਲਾ ਅਫਜਾਈ ਲਈ ਸਾਬਕਾ ਮੰਤਰੀ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਸਰੋਪਾ ਦੇ ਕੇ ਗੁਰਪ੍ਰੀਤ ਕੌਰ ਨੂੰ ਸਨਮਾਨ ਕੀਤਾ ਇਸ ਮੌਕੇ ਰੱਖੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕੀ ਔਰਤਾਂ ਦੀ ਅੱਜ ਮਰਦਾਂ ਨਾਲੋਂ ਘੱਟ ਨਹੀਂ ਹਨ ਅੱਜ ਹਰ ਖੇਤਰ ਅੰਦਰ ਔਰਤਾਂ ਦੀ ਤਰੱਕੀ ਦਾ ਬੋਲਬਾਲਾ ਹੈ ਜਿੱਥੇ ਸਰਕਾਰੀ ਵਿਭਾਗਾਂ ਦੀਆਂ ਸਮੁੱਚੀ ਪੋਸਟਾਂ ਵਿੱਚ ਔਰਤਾਂ ਦੀ ਅਹਿਮ ਭੂਮਿਕਾ ਹੈ ਉਨਾਂ ਕਿਹਾ ਕਿ ਭਾਰਤੀ ਫੌਜ ਵਿੱਚ ਬਤੌਰ ਕੈਪਟਨ ਰਹਿਣ ਦੇ ਬਾਵਜੂਦ ਗੁਰਪ੍ਰੀਤ ਕੌਰ ਨੇ ਆਪਣੀ ਮਿਹਨਤ ਦੇ ਬਲਬੂਤੇ ਤੇ ਪੀ ਸੀ ਐਸ ਦੀ ਪ੍ਰੀਖਿਆ ਪਾਸ ਕਰਕੇ ਲੋਹਾ ਮਨਵਾਇਆ ਹੈ ਅਤੇ ਹੋਰਨਾਂ ਔਰਤਾਂ ਲਈ ਵੀ ਇਹ ਕਦਮ ਪ੍ਰੇਰਨਾ ਸਰੋਤ ਹੈ ਜਿਸ ਵੱਲ ਦੇਖਦੇ ਹੋਏ ਹੋਰਾਂ ਲੜਕੀਆਂ ਨੂੰ ਵੀ ਆਪਣੀ ਮਿਹਨਤ ਸਦਕਾ ਅਜਿਹੀਆਂ ਉੱਚ ਪ੍ਰੀਖਿਆਵਾਂ ਪਾਸ ਕਰਨਾ ਸਮੇਂ ਦੀ ਮੁੱਖ ਲੋੜ ਹੈ ਉਨਾਂ ਕਿਹਾ ਕਿ ਗੁਰਪ੍ਰੀਤ ਕੌਰ ਭਵਿੱਖ ਵਿੱਚ ਸਮਾਣਾ ਹਲਕੇ ਦੇ ਦੀਆਂ ਔਰਤਾਂ ਲਈ ਇੱਕ ਚਾਨਣ ਮੁਨਾਰੇ ਵਜੋਂ ਕੰਮ ਕਰੇਗੀ ਜ਼ਿਕਰਯੋਗ ਹੈ ਕਿ ਗੁਰਪ੍ਰੀਤ ਕੌਰ ਲੈਫਟੀਨੈਂਟ ਕਮਾਂਡਰ ਰਾਗਨਦੀਪ ਸਿੰਘ ਦੀ ਪਤਨੀ ਅਤੇ ਸੇਵਾਮੁਕਤ ਪੀ.ਆਰ.ਟੀ.ਸੀ. ਇੰਸਪੈਕਟਰ ਗੁਰਸੇਵਕ ਸਿੰਘ ਦੀ ਨੂੰਹ ਹੈ ਜਿਸ ਨੇ ਇਹ ਪ੍ਰੀਖਿਆ ਪਾਸ ਕਰਕੇ ਆਪਣੇ ਪਰਿਵਾਰਿਕ ਮੈਂਬਰਾਂ ਦਾ ਵੀ ਹੌਸਲਾ ਵਧਾਇਆ ਹੈ ਇਸ ਮੌਕੇ ਹੋਰਨਾ ਤੋਂ ਇਲਾਵਾ ਅਸ਼ੋਕ ਮੋਦਗਿਲ, ਰਾਣਾ ਸੇਖੋਂ ਸਮਾਣਾ, ਪੀ ਏ ਸੁੱਖੀ ਮੂੰਡ ਖੇੜਾ ਆਦਿ ਵੀ ਹਾਜ਼ਰ ਸਨ

# ਸ਼ਾਹੀ ਸ਼ਹਿਰ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਰਕਾਰ ਪੱਬਾਂ ਭਾਰ

**➢ ਸ਼ਹਿਰ ਅੰਦਰ ਲੋਕਾਂ ਦੀ ਸਹੂਲਤ ਲਈ ਇਲੈਕਟ੍ਰਿਕ ਬੱਸਾਂ ਚਲਾਉਣ ਦੀ ਤਿਆਰੀ**

**➢ ਬੱਸਾਂ ਦੀ ਚਾਰਜਿੰਗ ਲਈ ਟਰਮੀਨਲ ਜੰਕਸ਼ਨ ਦਾ ਕੰਮ ਹੋਇਆ ਸ਼ੁਰੂ**

**ਪਟਿਆਲਾ, 3 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਅੰਦਰ ਸ਼ਾਹੀ ਸ਼ਹਿਰ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸ਼ਾਹੀ ਸ਼ਹਿਰ ਵੱਲੋਂ ਵੱਡਾ ਹੰਭਲਾ ਮਾਰਿਆ ਜਾ ਰਿਹਾ ਹੈ, ਜਿਥੇ ਹੁਣ ਸ਼ਹਿਰੀ ਖੇਤਰ ਵਿਚ ਲੋਕਾਂ ਨੂੰ ਆਵਾਜਾਈ ਲਈ ਇਲੈਕਟ੍ਰਿਕ ਬੱਸਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਉਥੇ ਹੀ ਇਨ੍ਹਾਂ ਨੂੰ ਚਾਰਜ ਕਰਨ ਲਈ ਟਰਮੀਨਲ ਜੰਕਸ਼ਨ ਬਣਾਉਣ ਦਾ ਕੰਮ ਜੰਗੀ ਪੱਧਰ ਸ਼ੁਰੂ ਹੋ



ਚੁੱਕਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਚੰਡੀਗੜ੍ਹ ਦੀ ਤਰਜ਼ 'ਤੇ ਪਟਿਆਲਾ ਵਿਚ ਲੋਕਾਂ ਦੀ ਸਹੂਲਤ ਲਈ ਪਹਿਲੇ ਗੇੜ੍ਹ ਅੰਦਰ 50 ਇਲਕੈਟ੍ਰਿਕ ਬੱਸਾਂ ਚੱਲਣਗੀਆਂ, ਜਿਸ ਨਾਲ ਸ਼ਹਿਰ ਅੰਦਰ ਵੱਖ-ਵੱਖ ਸਟੇਸ਼ਨਾਂ ਪੁਰਾਣਾ ਬੱਸ ਸਟੈਂਡ ਤੋਂ ਨਵਾਂ ਬੱਸ ਸਟੈਂਡ, ਰਜਿੰਦਰਾ ਹਸਪਤਾਲ, ਪੰਜਾਬੀ ਯੂਨੀਵਰਸਿਟੀ, ਸਰਹੰਦ ਰੋਡ ਬਾਈਪਾਸ, ਗੁ: ਸ੍ਰੀ ਦੁਖਨਿਵਾਰਨ ਸਾਹਿਬ, ਥਾਪਰ ਯੂਨੀਵਰਸਿਟੀ, ਮਹਿੰਦਰਾ ਕਾਲਜ, ਮੋਦੀ ਕਾਲਜ, ਗਰਲਜ਼ ਕਾਲਜ, ਫੁਹਾਰਾ ਚੌਂਕ, ਲੀਲਾ ਭਵਨ, ਮਾਤਾ ਕੌਸ਼ਲਿਆ ਹਸਪਤਾਲ, ਸਨੌਰੀ ਅੱਡਾ, ਭਾਦਸੋਂ ਚੁੰਗੀ, ਸ਼ਹੀਦ ਊਧਮ ਸਿੰਘ ਚੌਂਕ, ਤ੍ਰਿਪੜੀ ਆਦਿ ਹੋਰ ਵੱਖ-ਵੱਖ ਖੇਤਰਾਂ ਵਿਚ ਆਉਣ ਜਾਣ ਵਾਲੇ ਲੋਕਾਂ ਨੂੰ ਸਸਤੇ ਸਫਰ ਦੀ ਸਹੂਲਤ ਉਪਲਬਧ ਹੋਵੇਗੀ। ਜਿਕਰਯੋਗ ਹੈ ਕਿ ਇਹ ਸਹੂਲਤ ਲਾਗੂ ਹੋਣ ਨਾਲ ਜਿਥੇ ਜੁਗਾੜੂ ਆਟੋ ਰਿਕਸ਼ਾ ਪ੍ਰਦੂਸ਼ਣ ਕਰਦੇ ਫਿਰਦੇ ਹਨ, ਉਨ੍ਹਾਂ ਤੋਂ ਨਿਜਾਤ ਮਿਲੇਗੀ ਅਤੇ ਜੋ ਈ ਰਿਕਸ਼ਾ ਚਾਲਕ ਸਵਾਰੀਆਂ ਤੋਂ ਵੱਧ ਪੈਸੇ ਵਸੂਲਦੇ ਹਨ, ਉਨ੍ਹਾਂ ਤੋਂ ਵੀ ਛੁਟਕਾਰਾ ਮਿਲੇਗਾ।

**ਕਾਰਪੋਰੇਸ਼ਨ ਅਧੀਨ ਟਰਮੀਨਲ ਪੁਆਇੰਟ ਦਾ ਕੰਮ ਸ਼ੁਰੂ**

ਪੰਜਾਬ ਸਰਕਾਰ ਦੇ ਨਗਰ ਨਿਗਮ ਅਧੀਨ ਜਲਦ ਹੀ ਪਟਿਆਲਾ ਵਾਸੀਆਂ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਇਲੈਕਟ੍ਰਿਕ ਬੱਸਾਂ ਰਾਹੀਂ ਪ੍ਰਦਾਨ ਕਰਨ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਸ਼ੁਰੂ ਹੋ ਚੁੱਕੀਆਂ ਹਨ। ਜਿਸ ਦੇ ਪਹਿਲੇ ਗੇੜੇ ਵਿਚ 50 ਬੱਸਾਂ ਨੂੰ ਚਲਾਉਣ ਲਈ ਇਲਕੈਟ੍ਰੀਕਲ ਚਾਰਜਿੰਗ ਜੰਕਸ਼ਨ ਦਾ ਕੰਮ ਵੀ ਤੇਜ਼ੀ ਨਾਲ ਸ਼ੁਰੂ ਹੋ ਚੁੱਕਿਆ ਹੈ ਤਾਂ ਜੋ ਨਵਾਂ ਸਾਲ 2026 ਦੇ ਚੜ੍ਹਦਿਆਂ ਹੀ ਪਟਿਆਲਾ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫਾ ਦਿੱਤਾ ਜਾ ਸਕੇ।

**ਨਵੇਂ ਸਾਲ ਅੰਦਰ ਪਟਿਆਲਵੀਆਂ ਨੂੰ ਇਲਕੈਟ੍ਰੀਕਲ ਬੱਸਾਂ ਦਾ ਮਿਲੇਗਾ ਤੋਹਫਾ: ਕੁੰਦਨ ਗੋਗੀਆ**

ਪੰਜਾਬ ਸਰਕਾਰ ਵੱਲੋਂ ਪਟਿਆਲਵੀਆਂ ਨੂੰ ਨਵੇਂ ਸਾਲ 2026 ਦਾ ਤੋਹਫਾ ਦੇਣ ਲਈ ਸ਼ਹਿਰ ਅੰਦਰ ਇਲੈਕਟ੍ਰੀਕਲ ਬੱਸਾਂ ਚਲਾਉਣ ਦੀ ਤਿਆਰੀ ਖਿੱਚ ਲਈ ਹੈ, ਜਿਸ ਸੰਬੰਧੀ ਗੱਲਬਾਤ ਕਰਦੇ ਹੋਏ ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਅੰਦਰ ਚੱਲਣ ਵਾਲੀਆਂ ਇਲੈਕਟ੍ਰੀਕਲ ਬੱਸਾਂ ਨਾਲ ਸ਼ਾਹੀ ਸ਼ਹਿਰ ਪਟਿਆਲਾ ਪ੍ਰਦੂਸ਼ਣ ਮੁਕਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ, ਜਿਥੇ ਪਹਿਲੇ ਟਰਾਇਲ ਅੰਦਰ 50 ਬੱਸਾਂ ਚਾਲੂ ਕੀਤੀਆਂ ਜਾਣਗੀ

# ਬਨੂੰੜ ਦੇ 40 ਪਿੰਡਾਂ ਨੂੰ ਮਿਲਿਆ ਵੱਡਾ ਪ੍ਰਸ਼ਾਸਕੀ ਤੋਹ.ਫਾ; ਬਨੂੰੜ ਨੂੰ ਮਿਲਿਆ ਸਬ ਡਵੀਜ਼ਨ ਦਾ ਦਰਜਾ



**ਰਾਜਪੁਰਾ/ਬਨੂੰੜ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ-ਹਿਤੈਸ਼ੀ ਫ਼ੈਸਲਿਆਂ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਹਲਕਾ ਰਾਜਪੁਰਾ ਅਧੀਨ ਪੈਂਦੇ ਕਸਬਾ ਬਨੂੰੜ ਨੂੰ ਸਬ ਤਹਿਸੀਲ ਤੋਂ ਅਪਗ੍ਰੇਡ ਕਰਕੇ ਸਬ ਡਵੀਜ਼ਨ ਬਣਾਉਣ ਦਾ ਇਤਿਹਾਸਕ ਫ਼ੈਸਲਾ ਲਿਆ ਗਿਆ। ਇਸ ਮਹੱਤਵਪੂਰਨ ਉਪਲਬਧੀ ਦਾ ਸਿਹਰਾ ਹਲਕਾ ਰਾਜਪੁਰਾ ਦੀ ਵਿਧਾਇਕਾ ਮੈਡਮ ਨੀਨਾ ਮਿੱਤਲ ਦੇ ਵਿਸ਼ੇਸ਼ ਅਤੇ ਲਗਾਤਾਰ ਯਤਨਾਂ ਨੂੰ ਜਾਂਦਾ ਹੈ।

ਇਸ ਫ਼ੈਸਲੇ ਨਾਲ ਬਨੂੰੜ ਸ਼ਹਿਰ ਸਮੇਤ ਨੇੜਲੇ ਕਰੀਬ 40 ਪਿੰਡਾਂ ਨੂੰ ਸਿੱਧਾ ਲਾਭ ਮਿਲੇਗਾ। ਸਬ ਡਵੀਜ਼ਨ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਪ੍ਰਸ਼ਾਸਕੀ ਅਤੇ ਹੋਰ ਸਰਕਾਰੀ ਕੰਮਾਂ ਲਈ ਮੁਹਾਲੀ ਜਾਂ ਰਾਜਪੁਰਾ ਦੇ ਚੱਕਰ ਨਹੀਂ ਲਗਾਉਣੇ ਪੈਣਗੇ, ਜਿਸ ਨਾਲ ਉਨ੍ਹਾਂ ਦਾ ਸਮਾਂ ਅਤੇ ਖਰਚ ਦੋਵੇਂ ਬਚਣਗੇ। ਬਨੂੰੜ ਸਬ ਡਵੀਜ਼ਨ ਵਿੱਚ ਦੋ ਕਾਨੂੰਨਗੋ ਸਰਕਲ ਅਤੇ 14 ਪਟਵਾਰ ਸਰਕਲ ਸ਼ਾਮਲ ਕੀਤੇ ਗਏ ਹਨ, ਜਿਸ ਨਾਲ ਪ੍ਰਸ਼ਾਸਨਿਕ ਕੰਮਕਾਜ ਹੋਰ ਵੀ ਸੁਚੱਜਾ ਅਤੇ ਤੇਜ਼ ਹੋਵੇਗਾ।

ਇਸ ਮੌਕੇ ਵਿਧਾਇਕਾ ਨੀਨਾ ਮਿੱਤਲ ਨੇ ਪਾਰਟੀ ਦਫਤਰ ਬਨੂੰੜ ਵਾਸੀਆਂ ਅਤੇ ਪਾਰਟੀ ਵਲੰਟੀਅਰਾ ਨਾਲ ਖ਼ੁਸ਼ੀ ਸਾਂਝੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਬਨੂੰੜ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਕਸਬਾ ਬਨੂੰੜ ਨੂੰ ਪਹਿਲ ਦੇ ਆਧਾਰ 'ਤੇ ਸਬ ਡਵੀਜ਼ਨ ਦਾ ਦਰਜਾ ਦਿਵਾਇਆ ਜਾਵੇਗਾ ਅਤੇ ਅੱਜ ਇਹ ਵਾਅਦਾ ਪੂਰਾ ਹੋਣ 'ਤੇ ਉਨ੍ਹਾਂ ਨੂੰ ਖ਼ਾਸ ਤਸੱਲੀ ਮਿਲੀ ਹੈ। ਉਨ੍ਹਾਂ ਕਿਹਾ ਕਿ ਬਨੂੰੜ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਦੀ ਇਹ ਮੰਗ ਲੰਮੇ ਸਮੇਂ ਤੋਂ ਲਟਕੀ ਹੋਈ ਸੀ, ਜੋ ਹੁਣ ਮਾਨ ਸਰਕਾਰ ਦੀ ਸੂਝਬੂਝ ਅਤੇ ਲੋਕਾਂ ਪ੍ਰਤੀ ਵਚਨਬੱਧਤਾ ਨਾਲ ਸਾਕਾਰ ਹੋਈ ਹੈ।

ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਬਣਨ ਨਾਲ ਇਲਾਕੇ ਵਿੱਚ ਸਰਕਾਰੀ ਦਫ਼ਤਰਾਂ ਦੀ ਸਥਾਪਨਾ ਹੋਵੇਗੀ, ਜਿਸ ਨਾਲ ਨਾ ਸਿਰਫ਼ ਪ੍ਰਸ਼ਾਸਕੀ ਸੁਵਿਧਾਵਾਂ ਨੇੜੇ ਮਿਲਣਗੀਆਂ, ਸਗੋਂ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਮਾਨ ਸਰਕਾਰ ਪਹਿਲਾਂ ਹੀ ਯੋਗਤਾ ਦੇ ਆਧਾਰ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਦੇ ਚੁੱਕੀ ਹੈ ਅਤੇ ਬਨੂੰੜ ਸਬ ਡਵੀਜ਼ਨ ਬਣਨ ਨਾਲ ਇਲਾਕੇ ਦੇ ਨੌਜਵਾਨਾਂ ਨੂੰ ਵੀ ਵੱਖ-ਵੱਖ ਵਿਭਾਗਾਂ ਵਿੱਚ ਰੁਜ਼ਗਾਰ ਦੇ ਮੌਕੇ ਮਿਲਣਗੇ।

ਬਨੂੰੜ ਸ਼ਹਿਰ ਅਤੇ ਚਾਲੀ ਪਿੰਡਾਂ ਦੇ ਵਸਨੀਕਾਂ ਨੇ ਇਸ ਇਤਿਹਾਸਕ ਫ਼ੈਸਲੇ ਲਈ ਵਿਧਾਇਕਾ ਨੀਨਾ ਮਿੱਤਲ ਅਤੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਲੋਕਾਂ ਨੇ ਕਿਹਾ ਕਿ ਇਹ ਫ਼ੈਸਲਾ ਇਲਾਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗਾ ਅਤੇ ਸਰਕਾਰੀ ਸਹੂਲਤਾਂ ਸਮੇਂ-ਸਿਰ, ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਮਿਲਣਗੀਆਂ।ਇਸ ਇਤਿਹਾਸਕ ਫੈਸਲੇ ਨੂੰ ਅਮਲੀ ਰੂਪ ਦਿਵਾਉਣ ਲਈ ਹਲਕਾ ਰਾਜਪੁਰਾ ਵਿਧਾਇਕਾਂ ਮੈਡਮ ਨੀਨਾ ਮਿੱਤਲ ਦਾ ਪਾਰਟੀ ਅਹੁਦੇਦਾਰਾਂ ਅਤੇ ਵਰਕਰਾਂ ਅਤੇ ਇਲਾਕੇ ਦੇ ਲੋਕਾਂ ਨੇ ਧੰਨਵਾਦ ਕੀਤਾ।

# ਸਹੀਦ ਉਦਮ ਸਿੰਘ ਵੇਲਫੇਅਰ ਸੋਸਾਇਟੀ ਅਤੇ ਲਛਮਣ ਪਾਰਕ ਕੇਮਟੀ ਨੇ ਲੰਗਰ ਲਗਾਇਆ



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਵਿਖੇ, ਸਹੀਦ ਉਦਮ ਸਿੰਘ ਵੇਲਫੇਅਰ ਸੋਸਾਇਟੀ ਅਤੇ ਲਛਮਣ ਪਾਰਕ ਕੇਮਟੀ ਦੁਆਰਾ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ 'ਤੇ ਅਖੰਡ ਪਾਠ ਸਾਹਿਬ ਰਖਾਇਆ ਗਿਆ ਉਪਰੰਤ ਵਿਸ਼ਾਲ ਲੰਗਰ ਲਗਾਇਆ ਗਿਆ । ਇਸ ਮੌਕੇ ਲੋਕ ਸਭਾ ਇੰਚਾਰਜ ਪਟਿਆਲਾ ਤੇ ਪੰਜਾਬ ਐਗਰੋ ਫੂਡ ਕਾਰਪੋਰੇਸਨ ਲਿਮਟਿਡ ਦੇ ਚੇਅਰਮੈਨ ਸਰਦਾਰ ਬਲਜਿੰਦਰ ਸਿੰਘ ਢਿੱਲੋਂ ਨੇ ਚਾਰ ਸਾਹਿਬਜ਼ਾਦਿਆਂ ਦੀ ਸਹਾਦਤ ਨੂੰ ਯਾਦ ਕਰਦੇ ਹੋਇਆ ਰਖੇ ਗਏ ਅਖੰਡ ਪਾਠ ਸਾਹਿਬ ਵਿੱਚ ਨਤਮਸਤਕ ਹੋ ਕੇ ਮਥਾ ਟੇਕਿਆਉਂ ਇਸ ਮੌਕੇ ਢਿੱਲੋਂ ਨੇ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ, ਨਿਆਂ ਤੇ ਸੱਚਾਈ ਲਈ ਆਪਣੇ ਚਾਰ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ। ਇੰਨੀ ਛੋਟੀ ਉਮਰ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਲਈ ਇੱਕ ਮਿਸਾਲ ਹੈ। ਉਨ੍ਹਾਂ ਦਸਿਆ ਕਿ ਦਸਮ ਪਿਤਾ ਦੇ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ (18 ਸਾਲ ) ਤੇ ਬਾਬਾ ਜੁਝਾਰ ਸਿੰਘ (ਲਗਭਗ 16 ਸਾਲ ) ਚਮਕੌਰ ਦੀ ਲੜਾਈ ਵਿੱਚ ਮੁਗਲਾਂ ਵਿਰੁੱਧ ਲੜਦੇ ਹੋਏ ਸ਼ਹੀਦ ਹੋ ਗਏ ਸਨ, ਜਦੋਂ ਕਿ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਲਗਭਗ 7 ਸਾਲ) ਤੇ ਬਾਬਾ ਫਤਹਿ ਸਿੰਘ (ਲਗਭਗ 5 ਸਾਲ) ਨੂੰ ਮੁਗਲਾਂ ਨੇ ਬੰਦੀ ਬਣਾ ਲਿਆ ਸੀ। ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੇ ਉਨ੍ਹਾਂ ਨੂੰ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਰਹਿੰਦ ਵਿੱਚ ਜਿੰਦਾਂ ਦੀਵਾਰਾਂ ਵਿਚ ਚਿਣਵਾ ਦਿੱਤਾ ਗਿਆ ਉਨ੍ਹਾਂ ਕਿਹਾ ਕਿ ਇਹ ਘਟਨਾ ਸਿੱਖ ਇਤਿਹਾਸ ਵਿੱਚ ਧਰਮ, ਸੱਚਾਈ ਅਤੇ ਨਿਆਂ ਲਈ ਸਰਵਉਚ ਬਲੀਦਾਨ ਦਾ ਪ੍ਰਤੀਕ ਹੈ। ਇਸ ਮੌਕੇ ਸਹੀਦ ਉਦਮ ਸਿੰਘ ਵੇਲਫੇਅਰ ਸੋਸਾਇਟੀ ਅਤੇ ਲਛਮਣ ਪਾਰਕ ਕੇਮ ਦੇ ਪ੍ਰਧਾਨ ਈਸਰ ਸਿੰਘ, ਮੈਬਰ ਗੁਰਵਿੰਦਰ ਸਿੰਘ, ਮਨਦੀਪ ਸਿੰਘ, ਕੁਲਦੀਪ ਸਿੰਘ ਕਨੇਡਾ,ਜੁਝਾਰ ਸਿੰਘ, ਮਨਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਜੀਤ ਸਿੰਘ, ਸਨੀ ਜੋਸਨ, ਗੁਰਦੀਪ ਸਿੰਘ,ਹਰਪਾਲ ਸਿੰਘ ਪਾਲਾ,ਰਘੁਵੀਰ ਸਿੰਘ, ਦਵਿੰਦਰ ਸਿੰਘ, ਬਚਿਤਰ ਸਿੰਘ, ਬਲਜੀਤ ਪ੍ਰਿਤਪਾਲ ਸਿੰਘ (ਐਮ ਸੀ) ਯੁਵਰਾਜ ਸਿੰਘ (ਐਮ.ਸੀ) ਚਰਨਜੀਤ (ਐਮ ਸੀ), ਬਲਜੀਤ ਸਿੰਘ (ਐਮ ਸੀ),ਬੱਬੂ (ਐਮ ਸੀ ), ਗੱਜਣ ਸਿੰਘ, ਜਸਵੰਤ ਰਾਏ, ਹਰਜੀਤ ਸਿੰਘ,ਓਮ ਪ੍ਰਕਾਸ ਤੋ ਇਲਾਵਾਂ ਨਗਰ ਵਾਸੀ ਮੌਜੂਦ ਸਨ।

# ਪੰਜਾਬ ਸਰਕਾਰ ਦੀਆਂ ਘਾਤਕ ਨੀਤੀਆਂ ਪਿੰਡਾਂ, ਆਮ ਲੋਕਾਂ ਅਤੇ ਵਾਤਾਵਰਣ ਲਈ ਵੱਡਾ ਖਤਰਾ : ਇੰਜੀਨੀਅਰ ਪਰਮਜੀਤ ਸਿੰਘ ਭਾਰਜ



**ਲੁਧਿਆਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰ ਟੂ ਸੇਵ ਹਿਊਮਨ ਰਾਈਟਸ ਦੇ ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਆਪਣੀ ਪੂਰੀ ਟੀਮ ਸਮੇਤ ਪ੍ਰੈਸ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀਆਂ ਨੀਤੀਆਂ 'ਤੇ ਗੰਭੀਰ ਸਵਾਲ ਖੜੇ ਕੀਤੇ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਆਪਣੇ ਚੋਣੀ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ ਅਤੇ ਇਸ ਅਸਫਲਤਾ ਨੂੰ ਛੁਪਾਉਣ ਲਈ ਨਵੇਂ-ਨਵੇਂ ਫੈਸਲੇ ਅਤੇ ਸਟੰਟ ਕੀਤੇ ਜਾ ਰਹੇ ਹਨ, ਜੋ ਕਈ ਵਾਰ ਕਾਨੂੰਨੀ ਅਤੇ ਸੰਵਿਧਾਨਕ ਮਰਿਆਦਾਵਾਂ ਦੀ ਵੀ ਉਲੰਘਣਾ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਦੇ ਲਗਭਗ 110 ਪਿੰਡਾਂ ਨੂੰ ਨਗਰ ਨਿਗਮ ਵਿੱਚ ਸ਼ਾਮਿਲ ਕਰਨ ਦਾ ਪ੍ਰਸਤਾਵ ਦਰਅਸਲ ਪਿਛਲੇ ਚਾਰ ਸਾਲਾਂ ਦੌਰਾਨ ਹੋਏ ਭ੍ਰਿਸ਼ਟਾਚਾਰ ਅਤੇ ਅਵੈਧ ਕਲੋਨੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਹੈ। ਇਹ ਸਾਰਾ ਕੁਝ ਲੈਂਡ ਮਾਫੀਆ ਅਤੇ ਕੁਝ ਮੰਤਰੀਆਂ-ਵਿਧਾਇਕਾਂ ਦੀ ਮਿਲੀਭੁਗਤ ਨਾਲ ਕੀਤਾ ਜਾ ਰਿਹਾ ਹੈ। ਇੰਜੀਨੀਅਰ ਭਾਰਜ ਨੇ ਕਿਹਾ ਕਿ ਨਗਰ ਨਿਗਮ ਲੁਧਿਆਣਾ ਪਹਿਲਾਂ ਹੀ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਚੁੱਕਾ ਹੈ। ਟੁੱਟੀਆਂ ਸੜਕਾਂ, ਖੁੱਲ੍ਹੇ ਸੀਵਰੇਜ਼, ਅਧੂਰੀਆਂ ਗਲੀਆਂ, ਭਾਰੀ ਟ੍ਰੈਫਿਕ ਜਾਮ, ਫੁਟਪਾਥਾਂ 'ਤੇ ਰੇਹੜੀਆਂ ਅਤੇ ਦੁਕਾਨਦਾਰਾਂ ਦਾ ਕਬਜ਼ਾ, ਖਸਤਾਹਾਲ ਨਗਰ ਨਿਗਮ ਬੱਸਾਂ, ਬੱਚਿਆਂ ਲਈ ਖੇਡ ਮੈਦਾਨਾਂ ਦੀ ਕਮੀ, ਬਜ਼ੁਰਗਾਂ ਲਈ ਪਾਰਕਾਂ ਦੀ ਘਾਟ ਅਤੇ ਆਵਾਰਾ ਪਸ਼ੂਆਂ ਦੀ ਸੰਭਾਲ ਲਈ ਕੋਈ ਢੁਕਵੀਂ ਨੀਤੀ ਨਾ ਹੋਣਾ—ਇਹ ਸਾਰੀਆਂ ਸਮੱਸਿਆਵਾਂ ਆਮ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਰਹੀਆਂ ਹਨ। ਬਿਨਾਂ ਰਿਸ਼ਵਤ ਜਾਂ ਸਿਫ਼ਾਰਸ਼ ਦੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਹ ਪਿੰਡ ਨਗਰ ਨਿਗਮ ਵਿੱਚ ਸ਼ਾਮਿਲ ਕੀਤੇ ਗਏ, ਤਾਂ ਹਜ਼ਾਰਾਂ ਦਰੱਖਤ ਕੱਟੇ ਜਾਣਗੇ, ਖੇਤੀਯੋਗ ਜ਼ਮੀਨ ਘਟੇਗੀ, ਫਸਲਾਂ ਦੀ ਉਪਜ 'ਤੇ ਭਾਰੀ ਅਸਰ ਪਵੇਗਾ ਅਤੇ ਕਰੋੜਾਂ ਕਿਲੋ ਅਨਾਜ ਦੀ ਕਮੀ ਪੈਦਾ ਹੋਵੇਗੀ।

ਇਸ ਨਾਲ ਨਾ ਸਿਰਫ਼ ਪੰਜਾਬ, ਸਗੋਂ ਦੇਸ਼ ਦੀ ਜੀਡੀਪੀ 'ਤੇ ਵੀ ਨਕਾਰਾਤਮਕ ਪ੍ਰਭਾਵ ਪਵੇਗਾ। ਸ਼ਹਿਰੀਕਰਨ ਕਾਰਨ ਜ਼ਮੀਨੀ ਪਾਣੀ ਦਾ ਪੱਧਰ ਹੋਰ ਡਿੱਗੇਗਾ, ਹਵਾ ਪ੍ਰਦੂਸ਼ਣ ਵਧੇਗਾ ਅਤੇ ਅਸਤਮਾ, ਕੈਂਸਰ ਸਮੇਤ ਕਈ ਗੰਭੀਰ ਬਿਮਾਰੀਆਂ ਦਾ ਖ਼ਤਰਾ ਕਈ ਗੁਣਾ ਵੱਧ ਜਾਵੇਗਾ। ਨਾਲ ਹੀ ਪਿੰਡਾਂ ਦੀ ਜ਼ਮੀਨ ਭੂਮੀ ਮਾਫੀਆ ਦੇ ਕਬਜ਼ੇ ਹੇਠ ਜਾਣ ਦਾ ਵੀ ਡਰ ਹੈ।

# ਫੈਕਟਰੀਆਂ ਵਿੱਚ ਰੇਕੀ ਕਰਕੇ ਕੱਪੜਾ ਚੋਰੀ ਕਰਨ ਵਾਲੇ ਲੁਧਿਆਣਾ ਪੁਲਿਸ ਵੱਲੋਂ ਕਾਬੂ



**ਲੁਧਿਆਣਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਕਮਿਸ਼ਨਰ ਲੁਧਿਆਣਾ ਸਵਪਨ ਸ਼ਰਮਾ ਆਈ.ਪੀ.ਐਸ ਅਤੇ ਜਸਕਿਰਨਜੀਤ ਸਿੰਘ ਤੇਜਾ ਪੀ.ਪੀ.ਐਸ /ਡਿਪਟੀ ਕਮਿਸ਼ਨਰ ਪੁਲਿਸ, ਦਿਹਾਤੀ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੁਧਿਆਣਾ ਸ਼ਹਿਰ ਨੂੰ ਕ੍ਰਾਈਮ ਮੁਕਤ ਕਰਨ ਦੀ ਚਲਾਈ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਿਸ ਲੁਧਿਆਣਾ ਵੱਲੋਂ ਹੌਜ਼ਰੀਆਂ/ਫੈਕਟਰੀਆਂ ਵਿੱਚੋ ਰੈਕੀ ਕਰਕੇ ਕੱਪੜਾ ਚੋਰੀ ਕਰਨ ਵਾਲੇ ਗਿਰੋਹ ਦੇ 04 ਮੈਂਬਰ ਕਾਬੂ ਕਰਕੇ ਚੋਰੀ ਦਾ ਮਾਲ, ਗੱਡੀ ਤੇ ਨਾਜਾਇਜ ਸ਼ਰਾਬ ਬਰਾਮਦ ਕੀਤੀ।ਜਿਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਜਸ਼ਨਦੀਪ ਸਿੰਘ ਗਿੱਲ ਪੀ.ਪੀ.ਐਸ/ਵਧੀਕ ਡਿਪਟੀ ਕਮਿਸ਼ਨਰ ਪੁਲਿਸ-4, ਲੁਧਿਆਣਾ ਅਤੇ ਇੰਦਰਜੀਤ ਸਿੰਘ ਬੋਪਾਰਾਏ ਪੀ.ਪੀ.ਐਸ/ ਸਹਾਇਕ ਕਮਿਸ਼ਨਰ ਪੁਲਿਸ ਇੰਡਸਟਰੀ ਏਰੀਆ-ਏ, ਲੁਧਿਆਣਾ ਨੇ ਦੱਸਿਆ ਕਿ ਐਸ.ਆਈ. ਭੁਪਿੰਦਰ ਸਿੰਘ ਮੁੱਖ ਅਫਸਰ ਥਾਣਾ ਮੋਤੀ ਨਗਰ ਲੁਧਿਆਣਾ ਨੇ ਵੱਖ-ਵੱਖ ਹੌਜ਼ਰੀਆਂ ਅਤੇ ਫੈਕਟਰੀਆਂ ਵਿੱਚ ਰੇਕੀ ਕਰਕੇ ਚੋਰੀ ਕਰਨ ਵਾਲੇ ਗਿਰੋਹ ਦੇ 06 ਮੈਂਬਰਾਂ ਖਿਲਾਫ ਮੁਦਈ ਗਗਨਦੀਪ ਸਿੰਘ ਮਾਲਕ ਧੰਨ ਗੁਰੂ ਨਾਨਕ ਹੋਜਰੀ ਅਮਰ ਨਗਰ ਸ਼ੇਰਪੁਰ ਲੁਧਿਆਣਾ ਦੇ ਬਿਆਨ ਤੇ ਮੁਕਦਮਾ ਨੰਬਰ 248 ਮਿਤੀ 25-12-25 ਨੂੰ ਅ/ਧ 331(4), 305-3(5) ਵਾਧਾ ਜੁਰਮ 317(2) BNS ਥਾਣਾ ਮੋਤੀ ਨਗਰ ਲੁਧਿਆਣਾ ਵਿੱਚ ਦਰਜ ਰਜਿਸਟਰ ਕਰਕੇ ਤਿੰਨ ਦੋਸ਼ੀਆਂ ਅਤੇ ਚੋਰੀ ਦਾ ਮਾਲ ਖਰੀਦਣ ਵਾਲੇ ਇੱਕ ਦੋਸ਼ੀ ਤਨਵੀਰ ਮਾਲਿਕ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ ਮੁਦਈ ਗਗਨਦੀਪ ਸਿੰਘ ਦੀ ਹੌਜਰੀ ਦਾ ਚੋਰੀ ਕੀਤਾ ਮਾਲ 16 ਬੋਰੇ ਬਰਾਮਦ ਕੀਤੇ ਗਏ। ਦੋਸ਼ੀਆਂ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀ ਗਈ ਮਹਿੰਦਰਾ ਬਲੈਰੋ ਪਿਕਅਪ HR-681-4164 ਵੀ ਬਰਾਮਦ ਕੀਤੀ ਗਈ ਇਸ ਤੋਂ ਇਲਾਵਾ ਦੌਰਾਨੇ ਤਫ਼ਤੀਸ਼ ਦੋਸ਼ੀ ਤਰਨ ਕਪੂਰ ਉਰਫ ਲੱਕੀ ਪਾਸੋ 30 ਪੇਟੀਆਂ ਨਾਜਾਇਜ ਅੰਗਰੇਜੀ ਸ਼ਰਾਬ ਮਾਰਕਾ All Seasons Gold Collection Reserve Whisky (ਕੁੱਲ 1440 ਕਵਾਰਟਰ) ਬਰਾਮਦ ਕੀਤੇ ਹਨ। ਦੌਰਾਨੇ ਤਫਤੀਸ਼ ਇੱਕ ਦੋਸ਼ੀ ਤਰੁਣ ਕਪੂਰ ਉਰਫ ਲੱਕੀ ਦੇ ਖ਼ਿਲਾਫ਼ ਐਕਸਾਈਜ਼ ਐਕਟ ਅਧੀਨ ਜੁਰਮ ਦਾ ਵਾਧਾ ਕੀਤਾ ਗਿਆ ਹੈ। ਗ੍ਰਿਫ਼ਤਾਰ ਦੋਸ਼ੀਆਂ ਵਿਚ ਤਰੁਣ ਕਪੂਰ ਉਰਫ ਲੱਕੀ, ਸੰਮਣ ਸਿੰਘ, ਰਮਨਦੀਪ ਸਿੰਘ ਉਰਫ ਜੱਸੂ ਅਤੇ ਤਨਵੀਰ ਮਲਿਕ ਸ਼ਾਮਲ ਹਨ, ਜਦਕਿ 02 ਦੋਸ਼ੀਆਂ ਦੀ ਗ੍ਰਿਫ਼ਤਾਰੀ ਬਾਕੀ ਹੈ। ਦੋਸ਼ੀ ਤਰੁਣ ਕਪੂਰ ਉਰਫ ਲੱਕੀ ਦੇ ਖਿਲਾਫ ਲੁਧਿਆਣੇ ਦੇ ਵੱਖ ਵੱਖ ਥਾਣਿਆਂ ਵਿੱਚ ਕਰੀਬ 24 ਮੁਕੱਦਮੇ ਦਰਜ ਹਨ। ਦੋਸ਼ੀਆਂ ਪਾਸੋਂ ਹੋਰ ਪੁੱਛ-ਗਿੱਛ ਜਾਰੀ ਹੈ ਅਤੇ ਹੋਰ ਅਹਿਮ ਖੁਲਾਸਿਆਂ ਦੀ ਸੰਭਾਵਨਾ ਹੈ।

# ਸਨੌਰ ਬਸ ਸਟੈਂਡ ਤੋਂ ਫਿਰਨੀ ਦੇ ਪੱਕੇ ਨਾਲੇ ਦੀ ਥਾਂ 'ਤੇ ਪਵੇਗੀ ਸੀਵਰੇਜ ਪਾਈਪ ਲਾਈਨ

**ਪਟਿਆਲਾ, 3 ਜਨਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਗੰਦੇ ਪਾਣੀ ਦੀ ਨਿਕਾਸੀ ਵਾਲੇ ਪੱਕੇ ਨਾਲੇ ਦੀਆਂ ਟੁੱਟੀਆਂ ਸਲੈਬਾਂ ਸੰਬੰਧੀ ਮਾਮਲਾ ਜਗ ਬਾਣੀ ਵਾਲੀ ਉਜਾਗਰ ਕੀਤਾ ਗਿਆ ਸੀ। ਕਿਉਂਕਿ ਇਹ ਪਿਛਲੇ ਲੰਮੇਂ ਸਮੇਂ ਤੋਂ ਇਹ ਟੁੱਟੀਆਂ ਸਲੈਬਾਂ ਹੋਣ ਕਾਰਨ ਆਵਾਜਾਈ ਵਿਚ ਰੁਕਾਵਟ ਪੈਂਦੀ ਸੀ। ਜਿਸ ਕਾਰਨ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਸੀ। ਮਾਮਲਾ ਉਜਾਗਰ ਹੋਣ ਤੋਂ ਦੂਜੇ ਦਿਨ ਹੀ ਸਰਕਾਰ ਵੱਲੋਂ ਇਸ ਪੱਕੇ ਨਾਲੇ ਦੀ ਥਾਂ 'ਤੇ ਸੀਵਰੇਜ ਪਾਈਪ ਲਾਈਨ ਪਾਉਣ ਲਈ ਪਾਸ ਹੋਏ ਪ੍ਰਾਜੈਕਟ ਨੂੰ ਸ਼ੁਰੂ ਕਰਨ ਲਈ ਸੀਵਰੇਜ ਪਾਈਪਾਂ ਭੇਜੀਆਂ ਗਈਆਂ ਹਨ ਅਤੇ ਨਗਰ ਕੌਂਸਲ ਸਨੌਰ ਇਹ ਕੰਮ ਸ਼ੁਰੂ ਕਰਨ ਲਈ ਪੱਬਾਂ ਭਾਰ ਨਜ਼ਰ ਆ ਰਿਹਾ ਹੈ। ਇੰਨਾ ਹੀ ਨਹੀਂ ਸਥਾਨਕ ਲੋਕਾਂ ਨੇ ਪਾਈਪਾਂ ਦੇਖ ਕੇ ਸੁੱਖ ਦਾ ਸਾਹ ਲਿਆ ਹੈ ਕਿ ਚਲੋ ਦੇਰ ਨਾਲ ਹੀ ਸਹੀ ਕੰਮ ਸਹੀ ਦਿਸ਼ਾ ਵੱਲ ਅੱਗੇ ਵਧ ਰਿਹਾ ਹੈ। ਜਿਕਰਯੋਗ ਹੈ ਕਿ ਸਨੌਰ ਬੱਸ ਸਟੈਂਡ ਤੋਂ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ, ਫਤਹਿਪੁਰ ਚੌਂਕ ਤੋਂ ਸ੍ਰੀ ਨਾਥਾਂ ਵਾਲਾ ਮੰਦਰ ਤੱਕ ਪੈਣ ਵਾਲੀ ਇਸ ਸੀਵਰੇਜ ਪਾਈਪ ਲਾਈਨ ਦੀ ਲੰਬਾਈ ਸਵਾ ਕਿਲੋਮੀਟਰ ਬਣਦੀ ਹੈ, ਇਸ ਕੰਮ ਨੂੰ ਮੁਕੰਮਲ ਕਰਨ ਵਿਚ 6 ਮਹੀਨਿਆਂ ਦੇ ਸਮੇਂ ਦਾ ਲੋਕਾਂ ਨੂੰ ਇੰਤਜ਼ਾਰ ਕਰਨਾ ਪਵੇਗਾ। ਇਸ ਤੋਂ ਪਹਿਲਾਂ ਭਾਖੜਾ ਵਾਲੇ ਪਾਣੀ ਦੀ ਪਾਈਪ ਲਾਈਨ ਪਾਈ ਗਈ ਸੀ, ਜਿਸ ਵਿਚ ਕਈ ਥਾਵਾਂ 'ਤੇ ਲੀਕੇਜ਼ ਦੀ ਸਮੱਸਿਆ ਪੇਸ਼ ਆ ਰਹੀ ਹੈ, ਜਿਸ ਕਾਰਨ ਇਹ ਸੀਵਰੇਜ ਵਾਲਾ ਕੰਮ ਲਟਕਦਾ ਦਿਖਾਈ ਦੇ ਰਿਹਾ ਹੈ। ਜਿਉਂ ਹੀ ਪਾਣੀ ਵਾਲੀ ਪਾਈਪ ਲਾਈਨ ਦਾ ਕੰਮ ਦਾ ਸਮਾਂ ਮੁਕੰਮਲ ਹੁੰਦਾ ਹੈ, ਤਿਉਂ ਹੀ ਸੀਵਰੇਜ ਪਾਈਪ ਲਾਈਨ ਪਾਉਣ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਜਾਵੇਗਾ।

**ਵਿਧਾਨ ਸਭਾ ਹਲਕਾ ਸਨੌਰ ਦੇ ਕੰਮਾਂ ਨੂੰ ਪਹਿਲ ਦੇ ਰਹੀ ਹੈ ਸੂਬਾ ਸਰਕਾਰ: ਹੜਾਣਾ**

ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਪੀ. ਆਰ. ਟੀ. ਸੀ. ਵਿਭਾਗ ਦੇ ਚੇਅਰਮੈਨ ਰਣਜੋਧ ਸਿੰਘ ਹੜਾਣਾ ਨੂੰ ਵਿਧਾਨ ਸਭਾ ਹਲਕਾ ਸਨੌਰ ਦਾ ਇੰਚਾਰਜ ਵੀ ਲਗਾਇਆ ਹੋਇਆ ਹੈ, ਜਿਨ੍ਹਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਲਕਾ ਸਨੌਰ ਦੇ ਕੰਮਾਂ ਨੂੰ ਸੂਬਾ ਸਰਕਾਰ ਪਹਿਲ ਦੇ ਆਧਾਰ 'ਤੇ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਨਗਰ ਕੌਂਸਲ ਸਨੌਰ ਅੰਦਰ ਨਵੇਂ ਵਿਕਾਸ ਸ਼ੁਰੂ ਹੋ ਰਹੇ ਹਨ ਅਤੇ ਹਲਕਾ ਸਨੌਰ ਨੂੰ ਇੱਕ ਨੰਬਰ ਦਾ ਹਲਕਾ ਬਣਾਉਣ ਲਈ ਪੂਰੀ ਵਾਹ ਲਗਾਈ ਜਾਵੇਗੀ ਤਾਂ ਜੋ ਆਮ ਲੋਕਾਂ ਨੂੰ ਵੱਧ ਤੋਂ ਵੱਧ ਤੇ ਵਧੀਆ ਸਹੂਲਤਾਂ ਮਿਲ ਸਕਣ।

**ਸੜਕ ਨੂੰ ਬਣਾਉਣ ਲਈ ਟੈਂਡਰ ਪ੍ਰੀਕ੍ਰਿਆ ਪੂਰੀ: ਈ. ਓ. ਸਨੌਰ**

ਨਗਰ ਕੌਂਸਲ ਸਨੌਰ ਦੇ ਈ. ਓ. ਲਖਵੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਸਰਕਾਰ ਦੇ ਧਿਆਨ ਵਿਚ ਹੈ ਅਤੇ ਇਸ ਸੰਬੰਧੀ ਟੈਂਡਰ ਪ੍ਰੀਕ੍ਰਿਆ ਪੂਰੀ ਹੋ ਚੁੱਕੀ ਹੈ, ਸਾਮਾਨ ਆਉਣਾ ਸ਼ੁਰੂ ਹੋ ਗਿਆ ਹੈ, ਜਲਦ ਤੋਂ ਜਲਦ ਇਸ ਕੰਮ ਨੂੰ ਮੁਕੰਮਲ ਕਰਕ ਲੋਕਾਂ ਨੂੰ ਰੁਕਾਵਟ ਰਹਿਤ ਆਵਾਜਾਈ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ।

## ਪੰਚਕੂਲਾ ਵਿੱਚ ਕੌਮੀ ਸਿਖਿਆ ਨੀਤੀ ਲਾਗੂ ਕਰਨ ਐਕਸੀਲੈਂਸ ਸਨਮਾਨ ਸਮਾਰੋਹ -2025 ਆਯੋਜਿਤ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਅੱਜ ਗੋਲਡਨ ਜੈਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ, ਸੈਕਟਰ-3 ਪੰਚਕੂਲਾ ਵਿੱਚ ਆਯੋਜਿਤ ਇੱਕ ਰਾਜ ਪੱਧਰੀ ਪ੍ਰੋਗਰਾਮ ਵਿੱਚ ਹਰਿਆਣਾ ਰਾਜ ਕੌਮੀ ਸਿਖਿਆ ਨੀਤੀ (NEP) 2020 ਲਾਗੂ ਕਰਨ ਐਕਸੀਲੈਂਸ ਸਨਮਾਨ ਪੁਰਸਕਾਰ ਵੰਡੇ।

ਇਸ ਮੌਕੇ 'ਤੇ ਸੰਬੋਧਿਤ ਕਰਦੇ ਹੋਏ ਸ੍ਰੀ ਮਹੀਪਾਲ ਢਾਂਡਾ ਨੇ ਦਸਿਆ ਕਿ ਇਹ ਮੌਕਾ ਸਿਰਫ ਇੱਕ ਸਨਮਾਨ ਸਮਾਰੋਹ ਨਹੀਂ ਹੈ, ਸਗੋ ਇਹ ਹਰਿਆਣਾ ਦੀ ਉੱਚ ਸਿਖਿਆ ਯਾਤਰਾ ਵਿੱਚ ਇੱਕ ਮਹਤੱਵਪੂਰਣ ਮੀਲ ਦਾ ਪੱਥਰ ਹੈ। ਰਾਜ ਸਰਕਾਰ ਨੇ ਆਪਣੇ ਸਪਸ਼ਟ ਅਤੇ ਦ੍ਰਿੜ ਸੰਕਲਪ ਅਨੁਰੂਪ ਸਾਲ 2025 ਦੇ ਆਖੀਰ ਤੱਕ ਕੌਮੀ ਸਿਖਿਆ ਨੀਤੀ 2020 ਨੂੰ ਜਿਆਦਾਤਰ ਪ੍ਰਮੁੱਖ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਹਨ।

ਹਰਿਆਣਾ ਰਾਜ ਉੱਚ ਸਿਖਿਆ ਪਰਿਸ਼ਦ ਅਤੇ ਸਿਖਿਆ ਵਿਭਾਗ ਦੇ ਲਗਾਤਾਰ, ਤਾਲਮੇਲ ਅਤੇ ਨਤੀਜਾਮੁੱਖ ਯਤਨਾਂ ਦੇ ਫਲਸਰੂਪ ਰਾਜ ਦੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਰਾਸ਼ਟਰੀ ਸਿਖਿਆ ਨੀਤੀ 2020 ਦਾ ਪ੍ਰਭਾਵੀ ਲਾਗੂ ਕਰਨ ਸਿਰਫ ਨੀਤੀ ਪੱਧਰਾਂ ਤੱਕ ਸੀਮਤ ਨਹੀਂ ਰਿਹਾ, ਸਗੋ ਇਹ ਧਰਾਤਲ 'ਤੇ ਸਾਕਾਰ ਹੋ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਦੇ ਸਾਰੀ ਯੂਨੀਵਰਸਿਟੀਆਂ ਅਤੇ ਉਨ੍ਹਾਂ ਨਾਲ ਏਫਲੀਏਟਿਡ ਕਾਲਜਾਂ ਵਿੱਚ ਕੌਮੀ ਸਿਖਿਆ ਨੀਤੀ ਦੀ ਪ੍ਰਮੁੱਖ ਅਨੁਸ਼ਾਸਾਵਾਂ ਨੂੰ ਗੰਭੀਰਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਦਸਿਆ ਕਿ ਰਾਸ਼ਟਰੀ ਸਿਖਿਆ ਨੀਤੀ 2020 ਭਾਰਤ ਦੀ ਸਿਖਿਆ ਵਿਵਸਥਾ ਵਿੱਚ ਇੱਕ ਵਿਆਪਕ ਦੂਰਦਰਸ਼ੀ ਅਤੇ ਬਦਲਾਅਕਾਰੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਇਹ ਨੀਤੀ ਸਿਰਫ ਕੋਰਸ ਬਦਲਣ ਤੱਕ ਸੀਮਤ ਨਹੀਂ ਹੈ, ਸਗੋ ਇਹ ਸਿੱਖਣ ਦੀ ਪੂਰੀ ਸਭਿਆਚਾਰ ਨੂੰ ਮੁੜ ਪਰਿਭਾਸ਼ਤ ਕਰਦੀ ਹੈ। ਬਹੁ ਵਿਸ਼ਾ ਸਿਖਿਆ, ਸਕਿਲ ਵਿਕਾਸ, ਇਨੋਵੇਸ਼ਨ, ਖੋਜ, ਸਥਾਨਕ ਜਰੂਰਤਾਂ ਨਾਲ ਜੁੜਾਵ ਅਤੇ ਵਿਸ਼ਵ ਮਾਨਕਾਂ ਦੇ ਅਨੁਰੂਪ ਗੁਣਵੱਤਾ-ਇਹ ਸਾਰੇ ਇਸ ਨੀਤੀ ਦੇ ਮੂਲ ਥੰਮ੍ਹ ਹਨ। ਉਨ੍ਹਾਂ ਨੇ ਦਸਿਆ ਕਿ ਜਿਨ੍ਹਾਂ ਉੱਚ ਵਿਦਿਅਕ ਅਦਾਰਿਆਂ ਨੇ ਸੀਮਤ ਸਰੋਤਾਂ ਦੇ ਬਾਵਜੂਦ ਨਵਾਚਾਰ ਨੂੰ ਅਪਣਾਇਆ, ਵਿਦਿਅਕ ਪੱਧਤੀਆਂ ਵਿੱਚ ਲਚੀਲਾਪਨ ਲਿਆਏ, ਵਿਦਿਆਰਥੀਆਂ ਨੂੰ ਕੇਂਦਰ ਵਿੱਚ ਰੱਖ ਕੇ ਫੈਸਲੇ ਕੀਤੇ, ਸਿਖਿਆ ਨੂੰ ਰੁਜਗਾਰ ਉਨਮੁੱਖ ਅਤੇ ਸਮਾਜ ਉਪਯੋਗੀ ਬਣਾਉਣ ਦੀ ਦਿਸ਼ਾ ਵਿੱਚ ਵਰਨਣਯੋਗ ਕੰਮ ਕੀਤਾ,ਕੌਮੀ ਸਿਖਿਆ ਨੀਤੀ ਦੇ ਲਾਗੂ ਕਰਨ ਵਿੱਚ ਅਸਾਧਾਰਣ ਪ੍ਰਤੀਬੱਧਤਾ, ਨਵਾਚਾਰ ਅਤੇ ਅਗਵਾਈ ਦਾ ਪਰਿਚੈ ਦਿੱਤਾ, ਉਨ੍ਹਾਂ ਨੂੰ ਸਨਮਾਨਿਤ ਕਰਨ ਅਤੇ ਰਾਜ ਦੇ ਉੱਚ ਸਿਖਿਆ ਸਿਸਟਮ ਵਿੱਚ ਲਗਾਤਾਰ ਸੁਧਾਰ, ਮੁਕਾਬਲੇਬਾਜੀ ਐਕਸੀਲੈਂਸ ਅਤੇ ਨਵਾਚਾਰ ਦਾ ਸਭਿਆਚਾਰ ਨੂੰ ਹੋਰ ਵੱਧ ਮਜਬੂਤ ਕਰਨ ਦੇ ਉਦੇਸ਼ ਨਾਲ ਹਰਿਆਣਾ ਰਾਜ ਕੌਮੀ ਸਿਖਿਆ ਨੀਤੀ 2020 ਲਾਗੂ ਐਕਸੀਲੈਂਸ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਨੇ ਅੱਗੇ ਦਸਿਆ ਕਿ ਇਹ ਸਮਾਰੋਹ ਉਨ੍ਹਾਂ ਅਦਾਰਿਆਂ ਦੇ ਯਤਨਾਂ ਦਾ ਪਬਲਿਕ ਸਨਮਾਨ ਹੈ, ਜੋ ਮੌਜੂਦਾ ਵਿੱਚ ਨਵੀਂ ਸਿਖਿਆ, ਨਵਾਂ ਭਾਰਤ ਦੀ ਭਾਵਨਾ ਦੇ ਮਜਬੂਤ ਵਾਹਕ ਹਨ। ਉਨ੍ਹਾਂ ਨੇ ਸਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਅਪੀਲ ਕੀਤੀ ਕਿ ਹਰਿਆਣਾ ਸਰਕਾਰ ਦੇ ਵਿਜ਼ਨ ਡਾਕਿਯੂਮੈਂਟ 2047 ਵਿੱਚ ਰੱਖੇ ਟੀਚਿਆਂ ਨੂੰ ਪ੍ਰਾਪਤ ਕਰਨ ਤਹਿਤ ਕਦਮ ਚੁੱਕੇ ਜਾਣ, ਤਾਂ ਜੋ ਹਰਿਆਣਾ ਦਾ ਹਰ ਨੌਜੁਆਨ 2047 ਤੱਕ ਵਿਸ਼ਵ ਬਾਜਾਰ ਲਈ ਜਰੂਰੀ ਨਿਪੁੰਣਤਾ ਹਾਸਲ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਪੂਰਾ ਕਰਨ ਲਈ ਸਾਰੀ ਉੱਚ ਸਿਖਿਆ ਸੰਸਥਾਨਾਂ ਨੂੰ ਉੱਚ ਗੁਣਵੱਤਾ ਮਾਨਕਾਂ ਨੂੰ ਪੂਰਾ ਕਰਨ ਤਹਿਤ ਕਦਮ ਚੁੱਕਣੇ ਚਾਹੀਦੇ ਹਨ ਅਤੇ ਏਕ੍ਰੀਡੇਟਿਸ਼ਨ ਦੇ ਲਈ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ।

ਉਨ੍ਹਾਂ ਨੇ ਇਹ ਭਰੋਸਾ ਵਿਅਕਤ ਕੀਤਾ ਕਿ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਆਉਣ ਵਾਲੇ ਸਮੇਂ ਵਿੱਚ ਵੀ ਰਾਸ਼ਟਰੀ ਸਿਖਿਆ ਨੀਤੀ 2020 ਦੀ ਭਾਵਨਾ ਅਨੁਰੂਪ ਸਮੂਚੇ, ਲਚੀਲੀ, ਗੁਣਵੱਤਾਪੂਰਣ ਅਤੇ ਨਤੀਜਾਮੁੱਖ ਉੱਚ ਸਿਖਿਆ ਨੂੰ ਮਜਬੂਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹਿਣਗੇ। ਇਸ ਮੌਕੇ 'ਤੇ ਉਨ੍ਹਾਂ ਨੇ ਭਾਰਤ ਬੈਂਚਕਸ ਕਿਤਾਬ ਸੰਚ ਦਾ ਵੀ ਉਦਘਾਟਨ ਕੀਤਾ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਵਿਸ਼ੇਸ਼ ਕਾਰਜਕਾਰਤ ਅਧਿਕਾਰੀ ਡਾ. ਰਾਜ ਨਹਿਰੂ, ਉੱਚੇਰੀ ਸਿਖਿਆ ਮਹਾਨਿਦੇਸ਼ਕ ਸ੍ਰੀ ਐਸ ਨਰਾਇਣਨ ਨੇ ਵੀ ਆਪਣੇ ਵਿਚਾਰ ਵਿਅਕਤ ਕੀਤੇ। ਪ੍ਰੋਗਰਾਮ ਵਿੱਚ ਰਾਜ ਦੀ ਯੂਨੀਵਰਸਿਟੀਆਂ ਦੇ ਕੁਲਗੁਰੂ, ਕਾਲਜਾਂ ਦੇ ਪ੍ਰਿੰਸੀਪਲ ਅਤੇ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਜਨ ਸ਼ਿਕਾਇਤਾਂ ਦੇ ਤੁਰੰਤ ਹੱਲ ਲਈ ਸਰਕਾਰ ਪ੍ਰਤੀਬੱਧ : ਖੇਤੀਬਾੜੀ ਮੰਤਰੀ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਮੌਜੂਦਾ ਸਰਕਾਰ ਜਨਤਾ ਦੀ ਸਮਸਿਆਵਾਂ ਦਾ ਗੰਭੀਰਤਾ ਨਾਲ ਸੁਨਣ ਅਤੇ ਹੱਲ ਕਰਨ ਨੂੰ ਲੈ ਕੇ ਪ੍ਰਤੀਬੱਧ ਹਨ। ਹਰੇਕ ਮਹੀਨੇ ਗ੍ਰੀਵੇਂਸ ਕਮੇਟੀ ਦੀ ਮੀਟਿੰਗ ਆਯੋਜਿਤ ਕੀਤੀ ਜਾਂਦੀ ਹੈ ਜਿਸ ਵਿੱਚ ਜਨ ਸਮਸਿਆਵਾਂ 'ਤੇ ਸੁਣਵਾਈ ਕੀਤੀ ਜਾਂਦੀ ਹੈ। ਹਰੇਕ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਆਮ ਜਨਤਾ ਦੇ ਪ੍ਰਤੀ ਜਿਮੇਵਾਰ ਹਨ ਅਤੇ ਉਨ੍ਹਾਂ ਨੂੰ ਸਰਕਾਰ ਦੀ ਮੰਸ਼ਾ ਅਨੁਸਾਰ ਲੋਕਾਂ ਦੀ ਭਲਾਈ ਲਈ ਕੰਮ ਕਰਨੇ ਹਨ।

ਖੇਤੀਬਾੜੀ ਮੰਤਰੀ ਅੱਜ ਚਰਖੀ ਦਾਦਰੀ ਵਿੱਚ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਇਸ ਮੀਟਿੰਗ ਵਿੱਚ ਚਰਖੀ ਦਾਦਰੀ ਜਿਲ੍ਹਾ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਤੋਂ ਆਏ ਨਾਗਰਿਕਾਂ ਦੀ ਕੁੱਲ 14 ਸ਼ਿਕਾਇਤਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 6 ਮਾਮਲਿਆਂ ਦਾ ਹੱਲ ਮੀਟਿੰਗ ਦੌਰਾਨ ਹੀ ਕਰ ਦਿੱਤਾ ਗਿਆ, ਜਦੋਂ ਕਿ ਬਾਕੀ ਸ਼ਿਕਾਇਤਾਂ ਨੂੰ ਅਗਲੀ ਸੁਣਵਾਈ ਲਈ ਰੱਖਿਆ ਗਿਆ ਹੈ।ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਅਪਧਕਾਰੀਆਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਗਏ ਹਨ ਕਿ ਸ਼ਿਕਾਇਤਾਂ ਦੀ ਜਾਂਚ ਵਿੱਚ ਪਾਰਦਰਸ਼ਿਤਾ ਬਣਾਏ ਰੱਖਣ ਅਤੇ ਸੰਤੋਸ਼ਜਨਕ ਹੋਣ। ਸਰਕਾਰ ਦੀ ਜਨਭਲਾਈਕਾਰੀ ਯੋਜਨਾਵਾਂ ਤਾਂਹੀ ਸਾਰਥਕ ਹੁੰਦੀਆਂ ਹਨ ਜਦੋਂ ਉਨ੍ਹਾਂ ਦਾ ਲਾਭ ਸਿੱਧੇ ਆਖੀਰੀ ਲਾਇਨ ਵਿੱਚ ਖੜ੍ਹੇ ਆਮ ਨਾਗਰਿਕ ਤੱਕ ਪਹੁੰਚੇ। ਇਸੀ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਵਿਭਾਗ ਸ਼ਿਕਾਇਤਾਂ ਅਤੇ ਸਮਸਿਆਵਾਂ ਨੂੰ ਸਮੇਂਬੱਧ ਹੱਲ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸ੍ਰੀ ਰਾਣਾ ਨੇ ਕਿਹਾ ਕਿ ਸ਼ਕਾਇਤ ਕਮੇਟੀ ਦੀ ਮੀਟਿੰਗਾਂ ਸਰਕਾਰ ਅਤੇ ਨਾਗਰਿਕਾਂ ਦੇ ਵਿੱਚ ਸੁਗਮ ਸੰਵਾਦ ਦਾ ਸਰੋਤ ਹੈ, ਆਮ ਜਨਤਾ ਆਪਣੀ ਗੱਲ ਸਿੱਧੇ ਸ਼ਾਸਨ-ਪ੍ਰਸਾਸ਼ਨ ਤੱਕ ਪਹੁੰਚਿਆ ਸਕਦੇ ਹਨ।

## ਹਰਿਆਣਾ ਵਿੱਚ ਪਲਾਸਟਿਕ ਪੋਲੀਥੀਨ 'ਤੇ ਸਖਤ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਾਤਾਵਰਣ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਪਲਾਸਟਿਕ ਪੋਲੀਥੀਨ ਦਾ ਮੈਨੁਫੈਕਚਰਿੰਗ ਅਤੇ ਵਰਤੋ ਸਾਲ 2013 ਤੋਂ ਪ੍ਰਤੀਬੰਧਿਤ ਹੈ, ਇਸ ਦੇ ਬਾਵਜੂਦ ਇਸ ਦਾ ਇਸਤੇਮਾਲ ਪ੍ਰਦੂਸ਼ਣ ਦੀ ਵੱਡੀ ਸਮਸਿਆ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਨੇ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੋਲੀਥੀਨ ਦੇ ਨੁਕਸਾਨ ਦੇ ਬਾਰੇ ਵਿੱਚ ਆਮਜਨਤਾ ਨੂੰ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਵਿਸ਼ੇਸ਼ ਮੁਹਿੰਮ ਚਲਾਈ ਜਾਵੇ।



ਇਸ ਮੁਹਿੰਮ ਵਿੱਚ ਜਨ ਸਿਹਤ ਇੰਜੀਨੀਅਰਿੰਗ ਵਿਭਾਗ, ਸਿੰਚਾਈ ਅਤੇ ਜਲ੍ਹ ਸੰਸਾਧਨ, ਉਦਯੋਗ ਅਤੇ ਵਪਾਰ ਅਤੇ ਸ਼ਹਿਰੀ ਸਥਾਨਕ ਵਿਭਾਗ ਦੀ ਵੀ ਸਰਗਰਮ ਭਾਗੀਦਾਰੀ ਯਕੀਨੀ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਮੁਹਿੰਮ ਦੀ ਸ਼ੁਰੂਆਤ ਸ਼ਹਿਰਾਂ ਤੋਂ ਕੀਤੀ ਜਾਵੇ ਅਤੇ ਇਸ ਦੇ ਲਈ ਇੱਕ ਵਿਸਤਾਰ ਕਾਰਜਯੋਜਨਾ ਇੱਕ ਮਹੀਨੇ ਦੇ ਅੰਦਰ ਤਿਆਰ ਕਰ ਪੇਸ਼ ਕੀਤੀ ਜਾਵੇ।

ਰਾਓ ਨਰਬੀਰ ਸਿੰਘ ਅੱਜ ਇੱਥੇ ਆਪਣੇ ਦਫਤਰ ਵਿੱਚ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਜਪ੍ਰਣਾਲੀ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਬੋਰਡ ਦੇ ਚੇਅਰਮੈਨ ਸ੍ਰੀ ਵਿਨੀਤ ਗਰਗ ਸਮੇਤ ਸਬੰਧਿਤ ਵਿਭਾਗਾਂ ਦੇ ਵਧੀਕ ਮੁੱਖ ਸਕੱਤਰ ਅਤੇ ਨਾਮਜਦ ਨੋਡਲ ਅਧਿਕਾਰੀ ਮੌਜੂਦ ਰਹੇ।

ਵਾਤਾਵਰਣ ਮੰਤਰੀ ਨੇ ਕਿਹਾ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਅਧਿਕਾਰੀ ਉਦਯੋਗਾਂ ਦਾ ਨਿਜੀ ਨਿਰੀਖਣ ਜਰੂਰ ਕਰਨ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਉਦਯੋਗ ਲਗਾਉਣ ਜਾ ਐਨਓਸੀ ਲਈ ਆਨਲਾਹਿਨ ਪੋਰਟਲ 'ਤੇ ਬਿਨੈ ਆਉਣ 'ਤੇ ਖੇਤਰੀ ਅਧਿਕਾਰੀ ਸਾਰੇ ਇਤਰਾਜਾਂ ਇੱਕ ਹੀ ਵਾਰ ਵਿੱਚ ਦਰਜ ਕਰਨ। ਵਾਰ-ਵਾਰ ਵੱਖ-ਵੱਖ ਇਤਰਾਜਾਂ ਲਗਾਉਣ ਨਾਲ ਉਦਯੋਗ ਲਗਾਉਣ ਵਾਲਿਆਂ ਨੂੰ ਗੈਰ-ਜਰੂਰੀ ਰੂਪ ਨਾਲ ਪਰੇਸ਼ਾਨ ਹੋਣਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਕਈ ਵਾਰ ਬੋਰਡ ਦੇ ਚੱਕਰ ਲਗਾਉਣੇ ਪੈਂਦੇ ਹਨ। ਅਜਿਹੀ ਸਥਿਤੀ ਨੂੰ ਹਰ ਹਾਲ ਵਿੱਚ ਰੋਕਿਆ ਜਾਵੇ।

ਮੀਟਿੰਗ ਵਿੱਚ ਮੰਤਰੀ ਨੂੰ ਜਾਣੂ ਕਰਾਇਆ ਕਿ ਹਰਿਆਣਾ ਵਿੱਚ ਯਮੁਨਾ ਨਦੀ ਵਿੱਚ ਕੁੱਲ 11 ਮੁੱਖ ਡ੍ਰੇਨ ਮਿਲਦੀ ਹਨ ਜਿਨ੍ਹਾਂ ਰਾਹੀਂ ਉਦਯੋਗਾਂ ਦਾ ਦੂਸ਼ਿਤ ਪਾਣੀ ਪਹੁੰਚਦਾ ਹੈ। ਇਸ 'ਤੇ ਚਿੰਤਾ ਵਿਅਕਤ ਕਰਦੇ ਹੋਏ ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਸੀਈਟੀਪੀ ਅਤੇ ਐਸਟੀਪੀ ਨਾਲ ਜੁੜੇ ਕੰਮਾਂ ਵਿੱਚ ਤੇਜੀ ਲਿਆਈ ਜਾਵੇ। ਰਿਵਾੜੀ, ਬਾਵਲ ਅਤੇ ਧਾਰੂਹੇੜਾ ਦੇ ਐਸਟੀਪੀ 'ਤੇ ਵਿਸ਼ੇਸ਼ ਧਿਆਨ ਦੇਣ ਦੇ ਵੀ ਨਿਰਦੇਸ਼ ਦਿੱਤੇ ਗਏ।

ਉਨ੍ਹਾਂ ਨੇ ਕਿਹਾ ਕਿ ਸਮਾਨੀ ਬੈਰਾਜ ਦੇ ਨੇੜੇ ਲਗਭਗ 25-26 ਪਿੰਡਾਂ ਵਿੱਚ ਜਲਭਰਾਵ ਦੀ ਸਥਿਤੀ ਬਣੀ ਰਹਿੰਦੀ ਹੈ। ਸਿੰਚਾਈ ਵਿਭਾਗ ਪਾਇਪਲਾਇਨ ਰਾਹੀਂ ਇਸ ਪਾਣੀ ਦੀ ਨਿਕਾਸੀ ਕਰ ਇਸ ਨੂੰ ਰਾਜਸਥਾਨ ਦੇ ਵੱਲ ਵੱਗਣ ਵਾਲੀ ਨਦੀ ਤੱਕ ਪਹੁੰਚਾਉਣ ਦੀ ਯੋਜਨਾ ਤਿਆਰ ਕਰਨ ਅਤੇ ਇਸ ਪਾਣੀ ਨੂੰ ਓਪਚਾਰਿਤ ਕਰ ਖੇਤੀਬਾੜੀ ਵਿੱਚ ਮੁੜ ਵਰਤੋ ਕੀਤੀ ਜਾਵੇ। ਇਸ ਨਾਲ ਖੋਲ ਅਤੇ ਬਾਵਲ ਬਲਾਕ ਦੇ ਕਿਸਾਨਾਂ ਨੂੰ ਵੱਡਾ ਲਾਭ ਮਿਲੇਗਾ ਅਤੇ ਨਹਿਰੀ ਪਾਣੀ ਦੀ ਕਮੀ ਵੀ ਕਾਫੀ ਹੱਦ ਤੱਕ ਪੂਰ ਹੋਵੇਗੀ।

ਸ੍ਰੀ ਰਾਓ ਨਰਬੀਰ ਸਿੰਘ ਨੇ ਸਪਸ਼ਟ ਕਿਹਾ ਕਿ ਰੇਡ, ਆਰੇਂਜ ਅਤੇ ਗ੍ਰੀਨ ਕੈਟੇਗਰੀ ਦੇ ਉਦਯੋਗਾਂ ਦੇ ਲਾਇਸੈਂਸ ਨਵੀਨੀਕਰਣ ਤੋਂ ਪਹਿਲਾਂ ਖੇਤਰੀ ਅਧਿਕਾਰੀਆਂ ਵੱਲੋਂ ਸਾਇਟ 'ਤੇ ਜਾ ਕੇ ਨਿਜੀ ਨਿਰੀਖਣ ਕੀਤਾ ਜਾਣਾ ਚਾਹੀਦਾ ਹੈ। ਸਿਰਫ ਦਫਤਰ ਵਿੱਚ ਬੈਠ ਕੇ ਦਲਾਲੀ ਰਾਹੀ ਖਾਨਾਪੂਰਤੀ ਕਿਸੇ ਵੀ ਸਥਿਤੀ ਵਿੱਚ ਬਰਦਾਸ਼ਤ ਨਹੀਂ ਹੋਵੇਗੀ।

ਮੀਟਿੰਗ ਦੌਰਾਨ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਸ੍ਰੀ ਯੋਗੇਸ਼ ਕੁਮਾਰ ਨੇ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਅਗਲੇ ਹਫਤੇ ਵਿੱਚ ਪਾਣੀਪਤ, ਸੋਨੀਪਤ, ਝੱਜਰ ਅਤੇ ਗੁਰੂਗ੍ਰਾਮ ਸਥਿਤ ਐਸਟੀਪੀ ਦਾ ਖੁਦ ਨਿਰੀਖਣ ਕਰਣਗੇ ਅਤੇ ਸਬੰਧਿਤ ਖੇਤਰੀ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਵੀ ਕਰਣਗੇ।

## ਸਰਕਾਰ ਵੱਲੋਂ ਦੂਜਾ ਬੱਚਾ ਧੀ ਦੇ ਜਨਮ ਤੇ ਦਿੱਤੀ ਜਾਂਦੀ ਹੈ 6000 ਰੁਪਏ ਦੀ ਮਾਲੀ ਮਦਦ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਅਤੇ ਮਾਤਾ-ਬੱਚਾ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਲੋਕ-ਹਿਤੈਸ਼ੀ ਕਦਮ ਚੁੱਕੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਚਾਲੂ ਵਿੱਤੀ ਸਾਲ ਦੌਰਾਨ 26.06 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਪਹਿਲੇ ਬੱਚੇ ਦੇ ਜਨਮ 'ਤੇ ਲਾਭਪਾਤਰੀ ਔਰਤਾਂ ਨੂੰ 5000 ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਰਕਮ ਦੋ ਕਿਸ਼ਤਾਂ ਵਿੱਚ ਅਦਾ ਕੀਤੀ ਜਾਂਦੀ ਹੈ, ਜਿਸ ਵਿੱਚ ਪਹਿਲੀ ਕਿਸ਼ਤ 3000 ਰੁਪਏ ਅਤੇ ਦੂਜੀ ਕਿਸ਼ਤ 2000 ਰੁਪਏ ਦੀ ਹੁੰਦੀ ਹੈ।

ਉਨ੍ਹਾਂ ਦੱਸਿਆ ਕਿ ਦੂਜੇ ਬੱਚੇ ਦੇ ਜਨਮ 'ਤੇ, ਜੇਕਰ ਦੂਜਾ ਬੱਚਾ ਲੜਕੀ ਹੋਵੇ, ਤਾਂ ਸਰਕਾਰ ਵੱਲੋਂ 6000 ਰੁਪਏ ਦੀ ਮਾਲੀ ਸਹਾਇਤਾ ਇੱਕ ਹੀ ਕਿਸ਼ਤ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਰਕਮ ਲਾਭਪਾਤਰੀ ਔਰਤਾਂ ਦੇ ਖਾਤਿਆਂ ਵਿੱਚ ਡਾਇਰੈਕਟ ਬੈਨਿਫਿਟ ਟ੍ਰਾਂਸਫਰ (ਡੀ.ਬੀ.ਟੀ.) ਰਾਹੀਂ ਭੇਜੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਸਮੇਂ-ਸਿਰ ਮਦਦ ਯਕੀਨੀ ਬਣਾਈ ਜਾ ਰਹੀ ਹੈ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਹੁਣ ਤੱਕ 69,110 ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2025-26 ਦੌਰਾਨ 1.14 ਲੱਖ ਲਾਭਪਾਤਰੀ ਔਰਤਾਂ ਨੂੰ ਇਸ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਯੋਜਨਾ ਸਿਰਫ਼ ਵਿੱਤੀ ਸਹਾਇਤਾ ਤੱਕ ਸੀਮਿਤ ਨਹੀਂ, ਸਗੋਂ ਮਾਵਾਂ ਦੀ ਸਿਹਤ, ਪੋਸ਼ਣ ਅਤੇ ਨਵਜੰਮੇ ਬੱਚਿਆਂ ਦੀ ਸੰਭਾਲ ਨੂੰ ਮਜ਼ਬੂਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਕੋਈ ਵੀ ਮਾਂ ਆਰਥਿਕ ਤੰਗੀ ਕਾਰਨ ਜ਼ਰੂਰੀ ਸਿਹਤ ਸੇਵਾਵਾਂ ਤੋਂ ਵਾਂਝੀ ਨਾ ਰਹੇ ਅਤੇ ਹਰ ਬੱਚੇ ਨੂੰ ਜਨਮ ਤੋਂ ਹੀ ਸੁਰੱਖਿਅਤ ਅਤੇ ਸਿਹਤਮੰਦ ਸ਼ੁਰੂਆਤ ਮਿਲੇ।

ਉਨ੍ਹਾਂ ਨੇ ਅੰਤ ਵਿੱਚ ਦੁਹਰਾਇਆ ਕਿ ਮਾਨ ਸਰਕਾਰ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਹਰ ਹੱਕਦਾਰ ਤੱਕ ਪਹੁੰਚਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ।

## ਯੁੱਧ ਨਸ਼ਿਆਂ ਵਿਰੁੱਧ: 303ਵੇਂ ਦਿਨ, ਪੰਜਾਬ ਪੁਲਿਸ ਨੇ 848 ਗ੍ਰਾਮ ਹੈਰੋਇਨ ਸਮੇਤ 73 ਨਸ਼ਾ ਤਸਕਰਾਂ ਨੂੰ ਕੀਤਾ ਕਾਬੂ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 303ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 311 ਥਾਵਾਂ @ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 58 ਐਫਆਈਆਰਜ਼ ਦਰਜ ਕਰਕੇ 73 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 303 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 42,297 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 848 ਗ੍ਰਾਮ ਹੈਰੋਇਨ, 80 ਕੁਇੰਟਲ ਭੁੱਕੀ, 543 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 5570 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ।

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 72 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 311 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 317 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ @ਡੀ-ਅਡਿਕਸ਼ਨ@ ਹਿੱਸੇ ਵਜੋਂ ਅੱਜ 36 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਐਚਟੇਟ ਪ੍ਰੀਖਿਆ ਤਹਿਤ 4 ਜਨਵਰੀ ਤੱਕ ਬਿਨੈ ਕਰਨਾ ਯਕੀਨੀ ਕਰਨ ਉਮੀਦਵਾਰ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਕੂਲ ਸਿਖਿਆ ਬੋਰਡ ਭਿਵਾਨੀ ਵੱਲੋਂ ਸੰਚਾਲਿਤ ਕਰਵਾਏ ਜਾਣ ਵਾਲੀ ਹਰਿਆਣਾ ਅਧਿਆਪਕ ਯੋਗਤਾ ਪ੍ਰੀਖਿਆ (ਐਚਟੇਟ)-2025 ਦਾ ਬਿਨ੍ਹਾਂ ਰੁਕਾਵਟ ਸੰਚਾਲਨ ਕਰਨ, ਭਰੋਸੇਯੋਗ ਤੇ ਪਵਿੱਤਰਾ ਬਰਕਰਾਰ ਰੱਖਣ ਲਈ ਸਿਖਿਆ ਬੋਰਡ ਵੱਲੋਂ ਅਭੂਤਪੂਰਵ ਪ੍ਰਬੰਧ ਕੀਤੇ ਜਾ ਰਹੇ ਹਨ।ਇਸ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਬੋਰਡ ਬੁਲਾਰੇ ਨੇ ਦਸਿਆ ਕਿ ਹਰਿਆਣਾ ਅਧਿਆਪਕ ਯੋਗਤਾ ਪ੍ਰੀਖਿਆ-2025 (ਐਚਟੇਟ) ਲੇਵਲ-1, 2 ਤੇ 3 ਤਹਿਤ ਬਿਨੈ 24 ਦਸੰਬਰ, 2025 ਤੋਂ ਲਾਇਵ ਕਰ ਦਿੱਤੇ ਗਏ ਹਨ। ਇਛੁੱਕ ਉਮੀਦਵਾਰ ਬੋਰਡ ਦੀ ਅਥੋਰਾਇਜਡ ਵੈਬਸਾਇਟ www.bseh.org.in 'ਤੇ ਦਿੱਤੇ ਗਏ ਲਿੰਕ ਰਾਹੀਂ ਮਹਤੱਵਪੂਰਣ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹ ਕੇ /ਸਮਝਕੇ 04 ਜਨਵਰੀ, 2026 (ਰਾਤ 12:00 ਵਜੇ) ਤੱਕ ਆਨਲਾਇਨ ਬਿਨੈ ਕਰਨਾ ਯਕੀਨੀ ਕਰਨ। ਆਨਲਾਇਨ ਬਿਨੈ ਤੇ ਪ੍ਰੀਖਿਆ ਫੀਸ ਦੇ ਸਫਲਤਾਪੂਰਵਕ ਜਮ੍ਹਾ ਕਰਨ ਦੇ ਬਾਅਦ ਉਮੀਦਵਾਰ ਕੰਫਰਮੇਸ਼ਨ ਪੇਜ ਦਾ ਪ੍ਰਿੰਟ ਲੈਣਾ ਯਕੀਨੀ ਕਰ ਲੈਣ। ਉਨ੍ਹਾਂ ਨੇ ਅੱਗੇ ਦਸਿਆ ਕਿ ਉਮੀਦਵਾਰ ਆਪਣੇ ਵੰਡ, ਫੋਟੋ, ਦਸਤਖਤ, ਅੰਗੂਠੇ ਦਾ ਨਿਸ਼ਾਨ, ਲੇਲਵ ਵਿਸ਼ਾ ਦਾ ਚੋਣ (ਲੇਵਲ 2 ਤੇ 3), ਜਾਤੀ ਵਰਗ, ਦਿਵਆਂਗ ਸ਼੍ਰੇਣੀ ਤੇ ਗ੍ਰਹਿ ਰਾਜ ਵਿੱਚ 4 ਤੇ 5 ਜਨਵਰੀ, 2026 ਨੂੰ ਆਨਲਾਇਨ ਸੋਧ ਕਰ ਸਕਦੇ ਹਨ।

ਉਨ੍ਹਾਂ ਨੇ ਉਮੀਦਵਾਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸੋਸ਼ਲ ਮੀਡੀਆ 'ਤੇ ਫੈਲੀ ਹੋਈ ਕਿਸੇ ਵੀ ਤਰ੍ਹਾ ਦੀ ਗੁਮਰਾਹ ਖਬਰਾਂ/ਗਲਤ ਪ੍ਰਚਾਰ 'ਤੇ ਧਿਆਨ ਨਾ ਅਤੇ ਸਮੇਂ ਰਹਿੰਦੇ ਪ੍ਰੀਖਿਆ ਤਹਿਤ ਬਿਨੈ ਕਰਨਾ ਯਕੀਨੀ ਕਰਨ। ਕਿਸੇ ਵੀ ਤਰ੍ਹਾ ਦੀ ਗੁਮਰਾਹ ਖਬਰਾਂ ਨੂੰ ਜੇਕਰ ਕਿਸੇ ਉਮੀਦਵਾਰ ਦੇ ਜਾਣਕਾਰੀ ਵਿੱਚ ਆਉਂਦੀ ਹੈ ਤਾਂ ਬੋਰਡ ਦੀ ਵੈਬਸਾਇਟ 'ਤੇ ਦਿੱਤੇ ਗਏ ਟੈਲੀਫੋਨ ਨੰਬਰਾਂ 'ਤੇ ਹਰਿਆਣਾ ਸਕੂਲ ਸਿਖਿਆ ਬੋਰਡ ਭਿਵਾਨੀ ਨੂੰ ਤੁਰੰਤ ਸੂਚਿਤ ਕਰਨ, ਸੂਚਨਾ ਦੇਣ ਵਾਲੇ ਉਮੀਦਵਾਰਾਂ ਦੇ ਨਾਮ ਗੁਪਤ ਰੱਖੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਉਮੀਦਵਾਰ ਨਵੀਨਤਮ ਅਪਡੇਟ ਲਈ ਬੋਰਡ ਦੀ ਅਧਿਕਾਰਕ ਵੈਬਸਾਇਟ ਦਾ ਨਿਯਮਤ ਤੌਰ 'ਤੇ ਅਵਲੋਕਨ ਕਰਦੇ ਰਹਿਣ, ਤਾਂ ਜੋ ਉਹ ਕਿਸੇ ਵੀ ਮਹਤੱਵਪੂਰਣ ਤੇ ਗੈਰ-ਜਰੂਰੀ ਜਾਣਕਾਰੀ/ਸੂਚਨਾ ਤੋਂ ਵਾਂਝਾ ਨਾ ਰਹਿ ਜਾਵੇ।ਬੋਰਡ ਬੁਲਾਰੇ ਨੇ ਦਸਿਆ ਕਿ ਪ੍ਰੀਖਿਆ ਦੇ ਸਫਲ ਤੇ ਪਾਰਦਰਸ਼ੀ ਸੰਚਾਲਨ ਤਹਿਤ ਪੂਰੇ ਸੂਬੇ ਵਿੱਚ ਪ੍ਰੀਖਿਆ ਕੇਂਦਰਾਂ ਦੀ ਸਖਤ ਨਿਗਰਾਨੀ ਤਹਿਤ ਬੋਰਡ ਵੱਲੋਂ ਪ੍ਰਭਾਵੀ ਫਲਾਇੰਗ ਸਕੁਆਡ ਦਾ ਗਠਨ ਕੀਤਾ ਜਾਵੇਗਾ। ਪ੍ਰੀਖਿਆਵਾਂ ਦੀ ਪਲ-ਪਲ ਦੀ ਮਾਰਕਟਿੰਗ ਕਰਨ ਦੇ ਉਦੇਸ਼ ਨਾਲ ਭਿਵਾਨੀ ਬੋਰਡ ਮੁੱਖ ਦਫਤਰ 'ਤੇ ਇੱਕ ਆਧੁਨਿਕ ਏ ਆਈ ਤਕਨੀਕ ਨਾਲ ਲੈਸ ਹਾਈਟੈਕ ਕਮਾਂਡ ਐਂਡ ਕੰਟਰੋਲ ਸੈਂਟਰ ਬਣਾਇਆ ਜਾਵੇਗਾ। ਪ੍ਰੀਖਿਆ ਕੇਂਦਰਾਂ 'ਤੇ ਕਿਸੇ ਵੀ ਬਾਹਰੀ ਦਖਲਅੰਦਾਜੀ ਨੂੰ ਰੋਕਣ ਲਈ ਕਾਫੀ ਗਿਣਤੀ ਵਿੱਚ ਪੁਲਿਸ ਫੋਰਸ ਪ੍ਰੀਖਿਆ ਸ਼ੁਰੂ ਹੋਣ ਤੋਂ ਕਾਫੀ ਸਮੇਂ ਪਹਿਲਾਂ ਪ੍ਰੀਖਿਆ ਕੇਂਦਰਾਂ ਦੇ ਬਾਹਰ ਤੈਨਾਤ ਰਹੇਗੀ।

## ਕੈਬਨਿਟ ਨੇ ਭੂਮੀ ਮਾਲੀਆ ਕਾਨੂੰਨ ਵਿੱਚ ਸੋਧਾਂ ਨੂੰ ਦਿੱਤੀ ਪ੍ਰਵਾਨਗੀ, ਡਿਜੀਟਲ ਭੂਮੀ ਰਿਕਾਰਡ ਨੂੰ ਕੀਤਾ ਮਜ਼ਬੂਤ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ ਨਾਗਰਿਕਾਂ ਦੀ ਸਰਕਾਰ ਤੱਕ ਸਿੱਧੀ ਅਤੇ ਸੁਖਾਲੀ ਪਹੁੰਚ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਸੁਧਾਰਾਂ ਦੀ ਲੜੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ (ਐਸ.ਏ.ਐਸ.) ਨਗਰ ਜ਼ਿਲ੍ਹੇ ਵਿੱਚ ਸਬ-ਤਹਿਸੀਲ ਬਨੂੜ ਨੂੰ ਤਹਿਸੀਲ ਵਜੋਂ ਅਪਗ੍ਰੇਡ ਕਰਨ, ਹੁਸ਼ਿਆਰਪੁਰ ਵਿੱਚ ਹਰਿਆਣਾ ਨੂੰ ਨਵੀਂ ਸਬ-ਤਹਿਸੀਲ ਬਣਾਉਣ, ਡਿਜੀਟਲ ਰਿਕਾਰਡਾਂ ਰਾਹੀਂ ਭੂਮੀ ਮਾਲੀਆ ਕਾਨੂੰਨਾਂ ਨੂੰ ਆਧੁਨਿਕ ਬਣਾਉਣ ਲਈ ਸੋਧਾਂ ਕਰਨ ਅਤੇ ਸਮੱਗਰ ਸਿੱਖਿਆ ਅਭਿਆਨ ਅਧੀਨ ਵਿਸ਼ੇਸ਼ ਅਧਿਆਪਕ ਸਿੱਖਿਅਕਾਂ ਨੂੰ ਚਿਰੋਕਣੀ ਰਾਹਤ ਪ੍ਰਦਾਨ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ, ਜੋ ਕਿ ਨਾਗਰਿਕਾਂ ਨੂੰ ਪਹਿਲ ਅਤੇ ਸੇਵਾ-ਮੁਖੀ ਪ੍ਰਸ਼ਾਸਨ ਵੱਲ ਸਪੱਸ਼ਟ ਬਦਲਾਅ ਨੂੰ ਦਰਸਾਉਂਦਾ ਹੈ।ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਦੱਸਿਆ ਕਿ ਇਸ ਕਦਮ ਨਾਲ ਵਸਨੀਕਾਂ ਲਈ ਪ੍ਰਬੰਧਕੀ ਸੇਵਾਵਾਂ ਤੱਕ ਵਧੇਰੇ ਆਸਾਨ ਪਹੁੰਚ ਯਕੀਨੀ ਬਣਾਈ ਜਾਵੇਗੀ ਅਤੇ ਉਨ੍ਹਾਂ ਨੂੰ ਰੋਜ਼ਾਨਾ ਦੇ ਸਰਕਾਰੀ ਕੰਮਾਂ ਲਈ ਦੂਰੋਂ ਆਉਣ ਦੀ ਜ਼ਰੂਰਤ ਨਹੀਂ ਰਹੇਗੀ। ਇਹ ਫੈਸਲਾ ਜਲਦ ਅਤੇ ਵਧੇਰੇ ਸੁਵਿਧਾਜਨਕ ਸੇਵਾ ਪ੍ਰਦਾਨ ਕਰਨ ਲਈ ਵਡੇਰੇ ਜਨਤਕ ਹਿੱਤ ਵਿੱਚ ਲਿਆ ਗਿਆ ਹੈ।

ਨਾਗਰਿਕਾਂ ਨੂੰ ਵੱਡੀ ਰਾਹਤ ਦਿੰਦਿਆਂ, ਮੰਤਰੀ ਮੰਡਲ ਨੇ ਪੰਜਾਬ ਲੈਂਡ ਰੈਵੇਨਿਊ ਐਕਟ, 1887 ਵਿੱਚ ਅਪੀਲ ਪ੍ਰਕਿਰਿਆ ਸਬੰਧੀ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਸੋਧਾਂ ਦਾ ਉਦੇਸ਼ ਬੇਲੋੜੀ ਮੁਕੱਦਮੇਬਾਜ਼ੀ ਨੂੰ ਘਟਾਉਣਾ, ਮੁਕੱਦਮੇਬਾਜ਼ਾਂ ਦੇ ਸਮੇਂ ਦੀ ਬੱਚਤ ਕਰਨਾ ਅਤੇ ਗੈਰ-ਮੁਕੱਦਮੇਬਾਜ਼ਾਂ ਨੂੰ ਬੇਲੋੜੀ ਪਰੇਸ਼ਾਨੀ ਤੋਂ ਬਚਾਉਣਾ ਹੈ।

ਇਹ ਸੋਧਾਂ ਡਿਜੀਟਲ ਰਿਕਾਰਡਾਂ ਅਤੇ ਡਿਜੀਟਲ ਦਸਤਖਤਾਂ ਨੂੰ ਕਾਨੂੰਨੀ ਮਾਨਤਾ ਦੇਣਗੀਆਂ ਅਤੇ ਨਾਗਰਿਕ ਪੱਖੀ, ਕਾਗਜ਼ ਰਹਿਤ ਰਿਕਾਰਡ ਰੱਖਣ ਨੂੰ ਮਜ਼ਬੂਤ ਕਰਨਗੀਆਂ ਅਤੇ ਭੂਮੀ ਪ੍ਰਬੰਧਨ ਵਿੱਚ ਪਾਰਦਰਸ਼ਤਾ ਲਿਆਉਣਗੀਆਂ।

## ਪੰਜਾਬ ਨੇ ਸਾਲ 2025 ਦੌਰਾਨ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੇ ਖੇਤਰ 'ਚ ਵਿਖਾਈ ਚੰਗੀ ਕਾਰਗੁਜ਼ਾਰੀ: ਡਾ. ਰਵਜੋਤ ਸਿੰਘ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੇ ਸਾਲ 2025 ਦੌਰਾਨ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੇ ਖੇਤਰ 'ਚ ਵਿਖਾਈ ਚੰਗੀ ਕਾਰਗੁਜ਼ਾਰੀ ਹੈ। ਭਾਰਤ ਸਰਕਾਰ ਦੇ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਕਰਵਾਏ ਗਏ ਸਵੱਛ ਸਰਵੇਖਣ ਵਿੱਚ ਨਗਰ ਨਿਗਮ ਬਠਿੰਡਾ ਨੇ ਸਵੱਛ ਸ਼ਹਿਰ ਪੁਰਸਕਾਰ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ 25 ਯੂ.ਐਲ.ਬੀਜ਼ ਕੂੜਾ ਮੁਕਤ ਸਟਾਰ-1, 01 ਯੂਐਲਬੀ ਕੂੜਾ ਮੁਕਤ ਸਟਾਰ-3, 46 ਯੂ.ਐਲ.ਬੀਜ਼ ਪਾਣੀ+ ਵਜੋਂ, 53 ਯੂ.ਐਲ.ਬੀਜ਼ ਓਡੀਐਫ++ ਵਜੋਂ, 43 ਯੂ.ਐਲ.ਬੀਜ਼ ਓਡੀਐਫ+ ਵਜੋਂ ਅਤੇ 22 ਯੂ.ਐਲ.ਬੀਜ਼ ਓ.ਡੀ.ਐਫ ਵਜੋਂ ਪ੍ਰਮਾਣਿਤ ਕੀਤੇ ਗਏ ਹਨ।

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਦੀਆਂ ਚਾਲੂ ਵਰ੍ਹੇ ਦੌਰਾਨ ਕੀਤੀਆਂ ਪਹਿਲਕਦਮੀਆਂ ਬਾਰੇ ਵੇਰਵੇ ਦਿੰਦਿਆਂ ਦੱਸਿਆ ਕਿ ਪੰਜਾਬ ਨੇ ਸੂਬੇ ਦੀ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਤਹਿਤ 131 ਯੂ.ਐਲ.ਬੀਜ਼ ਵਿੱਚ ਪੁਰਾਣੇ ਕੂੜੇ ਪ੍ਰਬੰਧਨ ਕੀਤਾ ਹੈ। ਇਸੇ ਤਹਿਤ ਕੁੱਲ 84.09 ਲੱਖ ਮੀਟਰਕ ਟਨ ਪੁਰਾਣੇ ਕੂੜੇ ਵਿੱਚੋਂ 40.78 ਲੱਖ ਮੀਟਰਕ ਟਨ ਪਹਿਲਾਂ ਹੀ ਠੀਕ ਕੀਤਾ ਜਾ ਚੁੱਕਾ ਹੈ, ਜਦਕਿ 43.31 ਲੱਖ ਮੀਟਰਕ ਟਨ ਰਹਿੰਦ-ਖੂੰਹਦ (35 ਯੂ.ਐਲ.ਬੀਜ਼) ਨੂੰ ਅਪ੍ਰੈਲ, 2027 ਤੱਕ ਠੀਕ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ।

ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਾਲ 2025 ਦੌਰਾਨ ਤਾਜ਼ੇ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ, ਜਿਸ ਤਹਿਤ ਯੂ.ਐਲ.ਬੀਜ਼ ਵੱਲੋਂ ਘਰ-ਘਰ ਕੂੜਾ ਇਕੱਠਾ ਕਰਨ, ਸਰੋਤ @ਤੇ ਇਸਦੀ ਵੰਡ ਅਤੇ ਪ੍ਰੋਸੈਸਿੰਗ ਨੂੰ ਬਿਹਤਰ ਬਣਾਉਣ ਲਈ ਕੰਮ ਕੀਤਾਗਿਆ। ਉਨ੍ਹਾਂ ਦੱਸਿਆ ਕਿ ਕੁੱਲ 4008 ਟੀਪੀਡੀ ਠੋਸ ਰਹਿੰਦ-ਖੂੰਹਦ ਵਿੱਚੋਂ 3243 ਟੀਪੀਡੀ (81ਫੀਸਦੀ) ਗਿੱਲੇ ਕੂੜੇ ਦੀ ਖਾਦ ਅਤੇ ਬਾਇਓ-ਮੀਥੇਨੇਸ਼ਨ ਅਤੇ ਸੁੱਕੇ ਕੂੜੇ ਦੇ ਚੈਨਲਾਈਜ਼ੇਸ਼ਨ ਦੁਆਰਾ ਪ੍ਰੋਸੈਸ ਵੀ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕਬਾੜ ਡੀਲਰਾਂ ਅਤੇ ਕੂੜਾ ਇਕੱਠਾ ਕਰਨ ਵਾਲਿਆਂ ਦੁਆਰਾ ਰੀ-ਸਾਈਕਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕੂੜਾ ਇਕੱਠਾ ਕਰਨ ਅਤੇ ਢੋਆ-ਢੁਆਈ ਲਈ 9812 ਟ੍ਰਾਈਸਾਈਕਲ ਅਤੇ 3162 ਮਸ਼ੀਨੀ ਵਾਹਨ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੂੜੇ ਦੀ ਪ੍ਰੋਸੈਸਿੰਗ ਲਈ 8436 ਖਾਦ ਪਿਟ (ਏਰੋਬਿਕ ਹਨੀਕੌਂਬ) ਅਤੇ 276 ਸਮੱਗਰੀ ਰਿਕਵਰੀਸਹੂਲਤਾਂ ਬਣਾਈਆਂ ਗਈਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਮਾਰਟ ਸਿਟੀਜ਼ ਮਿਸ਼ਨ ਅਧੀਨ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਸੁਲਤਾਨਪੁਰ ਲੋਧੀ ਦੇ ਵਿਭਿੰਨ ਪ੍ਰਾਜੈਕਟ ਪ੍ਰਗਤੀ ਅਧੀਨ ਹਨ। ਲੁਧਿਆਣਾ ਸਮਾਰਟ ਸਿਟੀ ਪ੍ਰਾਜੈਕਟ ਤਹਿਤ 769.18 ਕਰੋੜ ਰੁਪਏ ਦੇ 71 ਪ੍ਰੋਜੈਕਟ ਪੂਰੇ ਹੋਏ ਚੁੱਕੇ ਹਨ, ਜਦਕਿ 138.05 ਕਰੋੜ ਰੁਪਏ ਦੇ 08 ਪ੍ਰੋਜੈਕਟ ਵਿਕਾਸ ਅਧੀਨ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਸਮਾਰਟ ਸਿਟੀ ਪ੍ਰਾਜੈਕਟ ਦੇ 580 ਕਰੋੜ ਰੁਪਏ ਦੇ 19 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ, ਜਦਕਿ 245 ਕਰੋੜ ਰੁਪਏ ਦੇ 10 ਪ੍ਰੋਜੈਕਟ ਵਿਕਾਸ ਅਧੀਨ ਹਨ। ਇਸੇ ਤਰ੍ਹਾਂ ਜਲੰਧਰ ਸਮਾਰਟ ਸਿਟੀ ਦੇ 771.57 ਕਰੋੜ ਰੁਪਏ ਦੇ 56 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ, ਜਦਕਿ 162.88 ਕਰੋੜ ਰੁਪਏ ਦੇ 04 ਪ੍ਰੋਜੈਕਟ ਵਿਕਾਸ ਅਧੀਨ ਹਨ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਤਹਿਤ 29.57 ਕਰੋੜ ਰੁਪਏ ਦੇ 06 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ ਅਤੇ 136.28 ਕਰੋੜ ਰੁਪਏ ਦੇ 14 ਪ੍ਰੋਜੈਕਟ ਪ੍ਰਗਤੀ ਅਧੀਨ ਹਨ। ਉਨ੍ਹਾਂ ਦੱਸਿਆ ਕਿ ਉਪਰੋਕਤ ਤੋਂ ਇਲਾਵਾ, ਮਾਰਚ, 2022 ਤੋਂ ਪੰਜਾਬ ਸਰਕਾਰ ਦੁਆਰਾ ਪੀ.ਆਈ.ਡੀ.ਬੀ ਰਾਹੀਂ ਪ੍ਰਦਾਨ ਕੀਤੇ ਗਏ ਫੰਡਾਂ ਨਾਲ 166 ਯੂ.ਐਲ.ਬੀਜ਼ ਵਿੱਚ 850 ਕਰੋੜ ਰੁਪਏ ਦੇਬੁਨਿਆਦੀ ਢਾਂਚੇ ਦੇ ਕੰਮ ਕੀਤੇ ਗਏ ਹਨ। ਇਸ ਦੇ ਨਾਲ ਹੀ ਐਮ.ਸੀ ਫੰਡਾਂ ਨਾਲ 166 ਯੂ.ਐਲ.ਬੀਜ਼ ਵਿੱਚ 1700 ਕਰੋੜ ਰੁਪਏ ਦੇ ਵਿਕਾਸ ਕਾਰਜ ਕੀਤੇ ਗਏ ਹਨ, ਜਦਕਿ 05 ਨਗਰ ਨਿਗਮਾਂ ਅਤੇ 49 ਨਗਰ ਕੌਂਸਲਾਂ ਵਿੱਚ 450 ਕਰੋੜ ਰੁਪਏ ਦੇ ਵਿਕਾਸ ਕਾਰਜ ਕੀਤੇ ਗਏ ਹਨ।

ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਆਟੋ-ਰਿਕਸ਼ਾਵਾਂ ਦੇ ਪੁਨਰ ਸੁਰਜੀਤੀ (RAAHI) ਯੋਜਨਾ ਦੇ ਤਹਿਤ 1200 ਪੁਰਾਣੇ ਡੀਜ਼ਲ ਆਟੋ ਰਿਕਸ਼ਿਆਂ ਨੂੰ ਨਵੇਂ ਇਲੈਕਟ੍ਰਿਕ ਆਟੋ ਨਾਲ ਬਦਲਿਆ ਗਿਆ ਹੈ। ਇਸ ਤੋਂ ਇਲਾਵਾ, ਸ਼ਹਿਰ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਲਈ ਮਹਿਲਾ ਲਾਭਪਾਤਰੀਆਂ ਨੂੰ 90 ਫੀਸਦੀ ਸਬਸਿਡੀ ਵਾਲੀ ਕੀਮਤ @ਤੇ 200 ਪਿੰਕ ਈ-ਆਟੋ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੇ ਵੱਡੇ ਸ਼ਹਿਰਾਂ ਵਿੱਚ ਜ਼ੀਰੋ ਐਮੀਸ਼ਨ ਨਾਲ ਕੁਸ਼ਲ ਜਨਤਕ ਆਵਾਜਾਈ ਪ੍ਰਣਾਲੀ ਪ੍ਰਦਾਨ ਕਰਨ ਲਈ ਅੰਮ੍ਰਿਤਸਰ (100), ਜਲੰਧਰ (97), ਲੁਧਿਆਣਾ(100), ਪਟਿਆਲਾ (50) ਅਤੇ ਐਸ.ਏ.ਐਸ ਨਗਰ (ਮੋਹਾਲੀ) ਕਲੱਸਟਰ (100) ਨਾਮਕ ਪ੍ਰਮੁੱਖ ਸ਼ਹਿਰਾਂ ਲਈ 447 ਈ-ਬੱਸਾਂ ਖਰੀਦੀਆਂ ਜਾ ਰਹੀਆਂ ਹਨ, ਜਿਸ ਨਾਲ ਜਨਤਕ ਆਵਾਜਾਈ ਪ੍ਰਣਾਲੀ ਵਿੱਚ ਸੁਧਾਰ ਹੋਵੇਗਾ ਅਤੇ ਸੂਬੇ ਦੇ ਵੱਡੇ ਸ਼ਹਿਰਾਂ ਵਿੱਚ ਨਿੱਜੀ ਆਵਾਜਾਈ ਦੇ ਸਾਧਨਾਂ @ਤੇ ਨਿਰਭਰਤਾ ਘਟੇਗੀ।

ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਥਾਨਕ ਸਰਕਰਾਂ ਵਿਭਾਗ ਨੇ ਸੇਵਾਵਾਂ ਦੀ ਡੋਰ ਸਟੈਪ ਡਿਲੀਵਰੀ ਨੂੰ ਸਫਲਤਾਪੂਰਵਕ ਸ਼ੁਰੂ ਕੀਤਾ ਹੈ, ਜਿਸ ਨਾਲ ਨਾਗਰਿਕਾਂ ਦੀ ਸਹੂਲਤ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਨਗਰ ਨਿਗਮ ਸੇਵਾਵਾਂ ਸਰਕਾਰੀ ਦਫ਼ਤਰਾਂ ਵਿੱਚ ਜਾਣ ਦੀ ਜ਼ਰੂਰਤ ਤੋਂ ਬਿਨਾਂ ਪਹੁੰਚਯੋਗ ਹੋਣ ਨੂੰ ਯਕੀਨੀ ਬਣਾਇਆ ਗਿਆ ਹੈ।

## ਚੰਗੀਆਂ ਸੇਵਾਵਾਂ ਬਦਲੇ ਸੈਨਟਰੀ ਇੰਸਪੈਕਟਰ ਸੁਖਦੇਵ ਬਿੱਟੂ ਰੋਪੜ ਪ੍ਰਸ਼ਾਸਨ ਵੱਲੋਂ ਸਨਮਾਨਿਤ

**ਮਾਛੀਵਾੜਾ ਸਾਹਿਬ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀ ਸਾਹਿਬ ਮਾਛੀਵਾੜਾ ਸਾਹਿਬ ਆਸੀ ਸੈਨਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੂੰ ਰੋਪੜ ਪ੍ਰਸ਼ਾਸਨ ਵੱਲੋਂ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ ਹੈ। ਬੀਤੇ ਦਿਨੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਮੌਕੇ ਸੁਖਦੇਵ ਸਿੰਘ ਬਿੱਟੂ ਨੂੰ ਵਿਭਾਗ ਵੱਲੋਂ ਸੰਗਤਾਂ ਲਈ ਉਚੇਚੇ ਤੌਰ ਤੇ ਲਗਾਏ ਗਏ ਟੈਂਟ ਅਤੇ ਸਫਾਈ ਪ੍ਰਬੰਧਾਂ ਦੀ ਡਿਊਟੀ ਸੰਭਾਲੀ ਗਈ ਸੀ ,ਜਿਸ ਨੂੰ ਉਹਨਾਂ ਸੁਚੱਜੇ ਢੰਗ ਨਾਲ ਨਿਭਾਇਆ ਅਤੇ ਪ੍ਰਬੰਧਾਂ ਦੀ ਦੇਖਰੇਖ ਕੀਤੀ। ਜਿਲਾ ਰੂਪਨਗਰ ਦੇ ਡੀ.ਸੀ. ਵਰਜੀਤ ਵਾਲੀਆ ਅਤੇ ਐਸ.ਐਸ.ਪੀ. ਗੁਲਨੀਤ ਸਿੰਘ ਖੁਰਾਣਾ ਵੱਲੋਂ ਸੈਕਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੂੰ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਡਿਊਟੀ ਹੋਰ ਤਨਦੇਹੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਬੀਤੇ ਦਿਨੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਮੌਕੇ ਸੁਖਦੇਵ ਸਿੰਘ ਬਿੱਟੂ ਨੂੰ ਵਿਭਾਗ ਵੱਲੋਂ ਸੰਗਤਾਂ ਲਈ ਉਚੇਚੇ ਤੌਰ ਤੇ ਲਗਾਏ ਗਏ ਟੈਂਟ ਅਤੇ ਸਫਾਈ ਪ੍ਰਬੰਧਾਂ ਦੀ ਡਿਊਟੀ ਸੰਭਾਲੀ ਗਈ ਸੀ ,ਜਿਸ ਨੂੰ ਉਹਨਾਂ ਸੁਚੱਜੇ ਢੰਗ ਨਾਲ ਨਿਭਾਇਆ ਅਤੇ ਪ੍ਰਬੰਧਾਂ ਦੀ ਦੇਖਰੇਖ ਕੀਤੀ।ਖਦੇਵ ਸਿੰਘ ਬਿੱਟੂ ਨੂੰ ਸਨਮਾਨਿਤ ਕਰਨ ਮੌਕੇ ਉਹਨਾਂ ਕਿਹਾ ਕਿ ਹੋਰਨਾਂ ਮੁਲਾਜ਼ਮਾਂ ਨੂੰ ਵੀ ਸੁਖਦੇਵ ਸਿੰਘ ਬਿੱਟੂ ਦੀ ਤਰ੍ਹਾਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ॥

## ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਨੇ ਗੁਰਦਾਸਪੁਰ ਵਿਖੇ ਕ੍ਰਿਸਮਿਸ ਸਬੰਧੀ ਕਰਵਾਏ ਸਟੇਟ ਪੱਧਰੀ ਸਮਾਗਮ 'ਚ ਕੀਤੀ ਸ਼ਿਰਕਤ

**ਗੁਰਦਾਸਪੁਰ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵਲੋਂ ਅੱਜ ਦਾਨਾ ਮੰਡੀ ਗੁਰਦਾਸਪੁਰ ਵਿਖੇ ਕ੍ਰਿਸਮਿਸ ਦੇ ਸ਼ੁੱਭ ਦਿਹਾੜੇ 'ਤੇ ਸਟੇਟ ਪੱਧਰ 'ਤੇ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਤੇ ਆਪ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਇਸਾਈ ਭਾਈਚਾਰੇ ਨਾਲ ਇਸ ਪਵਿੱਤਰ ਦਿਹਾੜੇ ਦੀ ਖੁਸ਼ੀ ਸਾਂਝੀ ਕਰਦਿਆਂ ਆਪ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮੁਨੀਸ਼ ਸਿਸੋਦੀਆ ਵਲੋਂ ਸਮੁੱਚੇ ਸੂਬਾ ਵਾਸੀਆਂ ਨੂੰ ਕ੍ਰਿਸਮਿਸ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਅਪੋਸਟੋਲ ਡਾ. ਅੰਕੁਰ ਯੂਸਫ਼ ਨਰੂਲਾ ਵਲੋਂ ਵੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਤੇ ਸਮੁੱਚੀ ਸੰਗਤ ਨੂੰ ਕ੍ਰਿਸਮਿਸ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰਭੂ ਯਿਸੂ ਮਸੀਹ ਨੇ ਸਮੁੱਚੀ ਮਾਨਵਤਾ ਨੂੰ ਜਿੰਦਗੀ ਵਿੱਚ ਜਿੰਨੀਆਂ ਵੀ ਔਕੜਾਂ ਆ ਜਾਣ ਬਾਵਜੂਦ ਸੱਚ ਉੱਤੇ ਪੂਰੀ ਦ੍ਰਿੜਤਾ ਤੇ ਲਗਨ ਨਾਲ ਚੱਲਣ ਦਾ ਰਾਹ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਕ੍ਰਿਸਮਸ ਦਾ ਤਿਉਹਾਰ ਸਾਨੂੰ ਆਪਸੀ ਪਿਆਰ, ਸਦਭਾਵਨਾ, ਦਇਆ ਅਤੇ ਦੂਜਿਆਂ ਨੂੰ ਮੁਆਫ਼ ਕਰਨ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਵੱਲੋਂ ਕੁੱਲ ਲੋਕਾਈ ਨੂੰ ਦਿੱਤਾ ਸ਼ਾਂਤੀ ਅਤੇ ਮਾਨਵਤਾ ਦਾ ਸੰਦੇਸ਼ ਸਾਰਿਆਂ ਨੂੰ ਹਮੇਸ਼ਾ ਮਨੁੱਖਤਾ ਦੀ ਭਲਾਈ ਅਤੇ ਸੇਵਾ ਲਈ ਯਤਨ ਕਰਦੇ ਰਹਿਣ ਲਈ ਪ੍ਰੇਰਿਤ ਕਰਦਾ ਰਹੇਗਾ।

ਇਸ ਮੌਕੇ ਉਨ੍ਹਾਂ ਆਪ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮੁਨੀਸ਼ ਸਿਸੋਦੀਆ ਵਲੋਂ ਸਮੂਹ ਇਸਾਈ ਭਾਈਚਾਰੇ ਨੂੰ ਕ੍ਰਿਸਮਿਸਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਕੈਬਨਿਟ ਮੰਤਰੀ ਅਤੇ ਆਪ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਆਪ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ,ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮੁਨੀਸ਼ ਸਿਸੋਦੀਆ ਵਲੋਂ ਸਮੂਹ ਇਸਾਈ ਭਾਈਚਾਰੇ ਨੂੰ ਕ੍ਰਿਸਮਿਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਨੇ ਆਪਸੀ ਪਿਆਰ, ਸਾਂਝੀਵਾਲਤਾ ਅਤੇ ਭਾਈਚਾਰਕ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿ ਪੰਜਾਬ ਸਰਕਾਰ ਵਲੋਂ ਮਸੀਹ ਭਾਈਚਾਰੇ ਦੀ ਮੰਗ ਪੂਰੀ ਕਰਦਿਆਂ ਪਰਮੇਸ਼ੁਰ ਦੀ ਕਿਰਪਾ ਨਾਲ ਅੱਜ ਗੁਰਦਾਸਪੁਰ ਵਿੱਚ ਸਟੇਟ ਪੱਧਰ 'ਤੇ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ ਹੈ ਅਤੇ ਅਗਲੇ ਸਾਲ ਨੀ ਪੰਜਾਬ ਸਰਕਾਰ ਵਲੋਂ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ ਸਗੋਂ ਮਨੁੱਖਤਾ ਦੀ ਸੇਵਾ ਭਾਵਨਾ ਪ੍ਰਤੀ ਸਮਾਜ ਨੂੰ ਪ੍ਰੇਰਿਤ ਵੀ ਕਰਦੇ ਹਨ।ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਅੱਜ ਦੇ ਵਰਤਮਾਨ ਯੁੱਗ ਵਿੱਚ ਵੀ ਸਾਰਥਕ ਹਨ ਅਤੇ ਲੋਕਾਂ ਲਈ ਰਾਹ ਦਸੇਰਾ ਹਨ।

ਉਨ੍ਹਾਂ ਕਿਹਾ ਕਿ ਉਹਨਾਂ ਨੂੰ ਅੱਜ ਇਸ ਪਵਿੱਤਰ ਦਿਹਾੜੇ ਕਰਵਾਏ ਗਏ ਸਮਾਗਮ ਵਿੱਚ ਸ਼ਿਰਕਤ ਕਰਕੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪ੍ਰਭੂ ਯਿਸੂ ਮਸੀਹ ਵਲੋਂ ਦਰਸਾਏ ਮਾਰਗ ਨੂੰ ਅਪਣਾਉਂਦਿਆਂ ਸਮੁੱਚੀ ਮਾਨਵਤਾ ਦੀ ਭਲਾਈ ਲਈ ਹੋਰ ਵੱਧ ਚੜ੍ਹ ਕੇ ਅੱਗੇ ਆਉਣ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਪਵਿੱਤਰ ਦਿਹਾੜਾ ਕ੍ਰਿਸਮਿਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅੱਜ ਪੰਜਾਬ ਸਰਕਾਰ ਵਲੋਂ ਗੁਰਦਾਸਪੁਰ ਵਿਖੇ ਰਾਜ ਪੱਧਰ ਤੇ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ ਹੈ। ਉਨ੍ਹਾਂ ਸਮੂਹ ਇਸਾਈ ਭਾਈਚਾਰੇ ਨੂੰ ਕ੍ਰਿਸਮਿਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਧਰਮ ਦਾ ਪੂਰਾ ਸਤਿਕਾਰ ਕਰਦੀ ਹੈ, ਜਿਸਦੇ ਚੱਲਦਿਆਂ ਅੱਜ ਇਹ ਪਾਵਨ ਤਿਉਹਾਰ ਮਨਾਇਆ ਗਿਆ ਹੈ। ਇਸ ਮੌਕੇ ਪੰਜਾਬ ਹੈਰੀਟੇਜ ਅਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਹਰੇਕ ਧਰਮ ਦਾ ਪੂਰਾ ਸਤਿਕਾਰ ਕਰਦੀ ਹੈ, ਜਿਸ ਦੇ ਚੱਲਦਿਆਂ ਆਪ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਮੁਨੀਸ਼ ਸਿਸੋਦੀਆ ਵਲੋਂ ਵਿਸ਼ੇਸ਼ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ ਹੈ। ਉਨ੍ਹਾਂ ਸਮੁੱਚੀ ਸੰਗਤ ਨੂੰ ਕ੍ਰਿਸਮਿਸ ਦੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਜਤਿੰਦਰ ਮਸੀਹ ਗੌਰਵ, ਚੇਅਰਮੈਨ ਘੱਟ ਗਿਣਤੀ ਕਮਿਸ਼ਨ ਪੰਜਾਬ, ਡੈਨੀਅਲ ਭੱਟੀ, ਚੇਅਰਮੈਨ ਕ੍ਰਿਸਚੀਅਨ ਵੈਲਫੇਅਰ ਬੋਰਡ ਪੰਜਾਬ ਵਲੋਂ ਵੀ ਅੱਜ ਦੇ ਇਸ ਪਵਿੱਤਰ ਕ੍ਰਿਸਮਿਸ ਸਮਾਗਮ ਲਈ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ ਤੇ ਅਪੋਸਟੋਲ ਡਾ. ਅੰਕੁਰ ਯੂਸਫ਼ ਨਰੂਲਾ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਵਲੋਂ ਮਸੀਹ ਭਾਈਚਾਰੇ ਨਾਲ ਸਬੰਧਤ ਵੱਖ ਵੱਖ ਮੰਗਾਂ ਵੀ ਰੱਖੀਆਂ, ਜਿਨ੍ਹਾਂ ਨੂੰ ਪੂਰਾ ਕਰਨ ਦਾ ਭਰੋਸਾ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਵਲੋਂ ਕੀਤਾ ਗਿਆ। ਇਸ ਮੌਕੇ ਜੋਬਨ ਰੰਧਾਵਾ, ਚੇਅਰਮੈਨ ਜਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਅਤੇ ਜਿਲਾ ਪ੍ਰਧਾਨ ਵਲੋਂ ਸਮੂਹ ਇਸਾਈ ਭਾਈਚਾਰੇ ਨੂੰ ਕ੍ਰਿਸਮਿਸ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦਾਸਪੁਰ, ਬਟਾਲਾ, ਡੇਰਾ ਬਾਬਾ ਨਾਨਕ, ਧਾਰੀਵਾਲ ਅਤੇ ਫਤਿਹਗੜ੍ਹ ਚੂੜੀਆਂ ਵਿੱਚ ਮਸੀਹ ਚੌਂਕ ਬਣਾਉਣ ਦਾ ਐਲਾਨ ਵੀ ਕੀਤਾ ਗਿਆ।

ਇਸ ਤੋਂ ਪਹਿਲਾਂ ਅਪੋਸਟੋਲ ਡਾ. ਅੰਕੁਰ ਯੂਸਫ ਯੂਸੁਫ਼ ਨਰੂਲਾ ਵਲੋਂ ਆਪਣੇ ਪ੍ਰਵਚਨਾਂ ਰਾਹੀਂ ਸਾਰਿਆਂ ਨੂੰ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਪ੍ਰਭੂ ਯਿਸੂ ਮਸੀਹ ਨੇ ਸਮੁੱਚੀ ਕਾਇਨਾਤ ਨੂੰ ਅਮਨ-ਸਾਂਤੀ ਅਤੇ ਪਿਆਰ ਦਾ ਸੰਦੇਸ਼ ਦਿੱਤਾ ਹੈ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿੱਚ ਮਨਰੇਗਾ ਦੀਆਂ ਬੇਨਿਯਮੀਆਂ ’ਤੇ ਇੱਕ ਵਾਈਟ ਪੇਪਰ ਜਾਰੀ ਕਰੇ: ਪਰਮਜੀਤ ਕੈਂਥ

## ਵੀਬੀ ਜੀ ਰਾਮ ਜੀ ਐਕਟ, 2025 ਦੁਨੀਆ ਦੇ ਸਭ ਤੋਂ ਵੱਡੇ ਪੇਂਡੂ ਰੁਜ਼ਗਾਰ-ਅਤੇ-ਬੁਨਿਆਦੀ ਢਾਂਚੇ ਵਿੱਚੋਂ ਇੱਕ ਹੈ; ਗਰੰਟੀ 125 ਦਿਨਾਂ ਤੱਕ ਵਧਾ ਦਿੱਤੀ ਗਈ ਹੈ, ਹਫ਼ਤਾਵਾਰੀ ਉਜਰਤ ਦੀ ਅਦਾਇਗੀ ਲਾਜ਼ਮੀ ਕੀਤੀ ਗਈ ਹੈ : ਕੈਂਥ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਹੋਈਆਂ ਕਥਿਤ ਬੇਨਿਯਮੀਆਂ ’ਤੇ ਇੱਕ ਵਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ, ਅਤੇ ਜਿੱਥੇ ਗਲਤੀ ਪਾਈ ਜਾਂਦੀ ਹੈ, ਉੱਥੇ ਸਪੱਸ਼ਟ ਵਸੂਲੀ ਅਤੇ ਮੁਕੱਦਮਾ ਚਲਾਉਣ ਦੀ ਸਮਾਂਬੱਧ, ਉੱਚ-ਪੱਧਰੀ ਜਾਂਚ ਦਾ ਆਦੇਸ਼ ਦੇਣਾ ਚਾਹੀਦਾ ਹੈ, ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਮੰਗ ਕਰਦਿਆਂ ਕਿਹਾ ਕਿ ਜੇਕਰ ਰਾਜ ਸਰਕਾਰ ਆਪਣੇ ਸ਼ਾਸਨ ਰਿਕਾਰਡ ’ਤੇ ਭਰੋਸਾ ਰੱਖਦੀ ਹੈ, ਤਾਂ ਉਸਨੂੰ ਜਨਤਕ ਖੇਤਰ ਵਿੱਚ ਪ੍ਰਮਾਣਿਤ ਤੱਥ - ਜ਼ਿਲ੍ਹਾ-ਵਾਰ, ਬਲਾਕ-ਵਾਰ ਅਤੇ ਗ੍ਰਾਮ ਪੰਚਾਇਤ-ਵਾਰ - ਰੱਖਣੇ ਚਾਹੀਦੇ ਹਨ ਜਿਸ ਵਿੱਚ ਜਾਰੀ ਕੀਤੇ ਗਏ ਜੌਬ ਕਾਰਡ, ਮੰਗ ਰਜਿਸਟਰਡ, ਰੁਜ਼ਗਾਰ ਪ੍ਰਦਾਨ ਕੀਤਾ ਗਿਆ, ਮਸਟਰ ਰੋਲ, ਕੰਮ ਦੇ ਮਾਪ, ਸਮੱਗਰੀ ਖਰੀਦ, ਭੁਗਤਾਨ ਅਤੇ ਸਮਾਜਿਕ ਆਡਿਟ ਪਾਲਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇੱਕ ਵ੍ਹਾਈਟ ਪੇਪਰ ਜਵਾਬਦੇਹੀ ਦਾ ਇੱਕ ਘੱਟੋ-ਘੱਟ ਮਿਆਰ ਹੈ ਅਤੇ ਨਾਗਰਿਕਾਂ ਨੂੰ ਇਹ ਮੁਲਾਂਕਣ ਕਰਨ ਦੀ ਆਗਿਆ ਦੇਵੇਗਾ ਕਿ ਕੀ ਫੰਡ ਅਸਲ ਲਾਭਪਾਤਰੀਆਂ ਤੱਕ ਪਹੁੰਚੇ ਹਨ ਅਤੇ ਕੀ ਬਣਾਈਆਂ ਗਈਆਂ ਸੰਪਤੀਆਂ ਟਿਕਾਊ ਅਤੇ ਉਪਯੋਗੀ ਹਨ।

ਕੈਂਥ ਨੇ ਕਿਹਾ ਕਿ ਸਾਲਾਂ ਦੌਰਾਨ ਸ਼ਿਕਾਇਤਾਂ ਅਤੇ ਆਡਿਟ ਨਿਰੀਖਣ ਵਾਰ-ਵਾਰ ਜੋਖਮ ਪੈਟਰਨਾਂ ਵੱਲ ਇਸ਼ਾਰਾ ਕਰਦੇ ਹਨ ਜੋ ਫੋਰੈਂਸਿਕ ਜਾਂਚ ਦੀ ਵਾਰੰਟੀ ਦਿੰਦੇ ਹਨ, ਜਿਸ ਵਿੱਚ ਜਾਅਲੀ ਜਾਂ ਡੁਪਲੀਕੇਟ ਜੌਬ ਕਾਰਡਾਂ ਦੇ ਦੋਸ਼, ਜਾਅਲੀ ਜਾਂ ਭਰੋਸੇਯੋਗ ਦਸਤਾਵੇਜ਼ਾਂ ਦੁਆਰਾ ਸਮਰਥਤ ਭੁਗਤਾਨ, ਮਸਟਰ ਰੋਲ ਮਹਿੰਗਾਈ ਅਤੇ ਸੰਬੰਧਿਤ ਕੰਮ ਤੋਂ ਬਿਨਾਂ ਭੁਗਤਾਨ, ਟਿਕਾਊ ਆਉਟਪੁੱਟ ਤੋਂ ਬਿਨਾਂ ਪੂਰਾ ਕੀਤੇ ਗਏ ਦਿਖਾਏ ਗਏ ਕੰਮ, ਅਤੇ ਅਯੋਗ ਜਾਂ ਮ੍ਰਿਤਕ ਵਿਅਕਤੀਆਂ ਨੂੰ ਲਾਭਪਾਤਰੀਆਂ ਵਜੋਂ ਸ਼ਾਮਲ ਕਰਨਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਵ੍ਹਾਈਟ ਪੇਪਰ ਵਿੱਚ ਵਿਭਾਗੀ ਪੁੱਛਗਿੱਛਾਂ, ਦਰਜ ਕੀਤੀਆਂ ਗਈਆਂ ਐਫਆਈਆਰ, ਕੀਤੀਆਂ ਗਈਆਂ ਵਸੂਲੀਆਂ, ਅਧਿਕਾਰੀਆਂ ਅਤੇ ਪੰਚਾਇਤ ਕਾਰਜਕਰਤਾਵਾਂ ਵਿਰੁੱਧ ਕਾਰਵਾਈਆਂ,



ਅਤੇ ਦੁਹਰਾਓ ਨੂੰ ਰੋਕਣ ਲਈ ਅਪਣਾਏ ਗਏ ਸੁਧਾਰਾਤਮਕ ਨਿਯੰਤਰਣਾਂ ਦੀ ਸਥਿਤੀ ਦਾ ਵੀ ਖੁਲਾਸਾ ਕਰਨਾ ਚਾਹੀਦਾ ਹੈ।

ਕੈਂਥ ਨੇ ਵਿਕਾਸ ਭਾਰਤ—ਰੋਜ਼ਗਾਰ ਅਤੇ ਅਜੀਵਿਕਾ ਮਿਸ਼ਨ (ਗ੍ਰਾਮੀਣ) (ਵੀਬੀ ਜੀ ਰਾਮ ਜੀ ) ਐਕਟ, 2025 ਦੇ ਲਾਗੂ ਹੋਣ ਦਾ ਵੀ ਸਵਾਗਤ ਕੀਤਾ, ਇਸਨੂੰ ਪੇਂਡੂ ਰੁਜ਼ਗਾਰ ਸਪੁਰਦਗੀ ਨੂੰ ਆਧੁਨਿਕ ਬਣਾਉਣ ਅਤੇ ਇਸਨੂੰ ਟਿਕਾਊ ਪੇਂਡੂ ਬੁਨਿਆਦੀ ਢਾਂਚੇ ਦੇ ਨਿਰਮਾਣ ਨਾਲ ਸਿੱਧੇ ਤੌਰ ’ਤੇ ਜੋੜਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਸੁਧਾਰ ਢਾਂਚਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਭ ਤੋਂ ਵੱਡੇ ਪੇਂਡੂ ਰੋਜ਼ੀ-ਰੋਟੀ ਅਤੇ ਬੁਨਿਆਦੀ ਢਾਂਚੇ ਦੇ ਦਖਲਅੰਦਾਜ਼ੀ ਵਿੱਚੋਂ ਇੱਕ ਹੈ ਅਤੇ ਇਸਨੂੰ ਸਪੱਸ਼ਟ ਸੇਵਾ ਮਿਆਰਾਂ ਅਤੇ ਮਜ਼ਬੂਤ ਜਵਾਬਦੇਹੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ, ਖਾਸ ਕਰਕੇ ਉਨ੍ਹਾਂ ਰਾਜਾਂ ਵਿੱਚ ਜਿੱਥੇ ਇਮਾਨਦਾਰੀ ਦੀਆਂ ਚਿੰਤਾਵਾਂ ਉਠਾਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਹ ਐਕਟ ਪ੍ਰਤੀ ਵਿੱਤੀ ਸਾਲ ਪ੍ਰਤੀ ਪੇਂਡੂ ਪਰਿਵਾਰ ਪ੍ਰਤੀ ਵਿੱਤੀ ਸਾਲ ਲਈ 125 ਦਿਨਾਂ ਦੀ ਮਜ਼ਦੂਰੀ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਵਧਾ ਕੇ ਅਤੇ ਹਫਤਾਵਾਰੀ ਤਨਖਾਹ ਭੁਗਤਾਨਾਂ ਦੀ ਜ਼ਰੂਰਤ ਦੁਆਰਾ ਭੁਗਤਾਨ ਅਨੁਸ਼ਾਸਨ ਨੂੰ ਸਖ਼ਤ ਕਰਕੇ, ਅਤੇ ਕਿਸੇ ਵੀ ਸਥਿਤੀ ਵਿੱਚ ਕੰਮ ਪੂਰਾ ਹੋਣ ਦੇ 15 ਦਿਨਾਂ ਦੇ ਅੰਦਰ ਭੁਗਤਾਨ ਕਰਕੇ, ਰੋਜ਼ੀ-ਰੋਟੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਢਾਂਚਾ ਸਮਾਜਿਕ ਆਡਿਟ ਨੂੰ ਲਾਜ਼ਮੀ ਬਣਾਉਂਦਾ ਹੈ ਅਤੇ ਮਜ਼ਬੂਤ ਪਾਰਦਰਸ਼ਤਾ ਵਿਧੀਆਂ ਦੇ ਨਾਲ-ਨਾਲ ਔਰਤਾਂ ਦੀ ਭਾਗੀਦਾਰੀ ਅਤੇ ਸਵੈ-ਸਹਾਇਤਾ ਸਮੂਹਾਂ ਸਮੇਤ ਭਾਈਚਾਰਕ ਸੰਸਥਾਵਾਂ ’ਤੇ ਜ਼ੋਰ ਦਿੰਦਾ ਹੈ।

ਭਾਜਪਾ ਨੇਤਾ ਕੈਂਥ ਨੇ ਕਿਹਾ ਕਿ ਨਵਾਂ ਢਾਂਚਾ ਟਿਕਾਊ ਕੰਮਾਂ ਨੂੰ ਤਰਜੀਹ ਦੇਣ ਲਈ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਦੇ ਮਾਪਣਯੋਗ ਨਤੀਜੇ ਹਨ, ਜਿਸ ਵਿੱਚ ਪਾਣੀ ਦੀ ਸੁਰੱਖਿਆ, ਮੁੱਖ ਪੇਂਡੂ ਬੁਨਿਆਦੀ ਢਾਂਚਾ, ਰੋਜ਼ੀ-ਰੋਟੀ ਨਾਲ ਸਬੰਧਤ ਬੁਨਿਆਦੀ ਢਾਂਚਾ, ਅਤੇ ਅਤਿਅੰਤ ਮੌਸਮ ਘਟਾਉਣ ਦੇ ਕੰਮ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਯੋਜਨਾਬੰਦੀ ਵਿਕਾਸ ਗ੍ਰਾਮ ਪੰਚਾਇਤ ਯੋਜਨਾਵਾਂ ਅਤੇ ਪੰਚਾਇਤ-ਅਗਵਾਈ ਲਾਗੂਕਰਨ ਵਿੱਚ ਕੇਂਦਰਿਤ ਹੋਵੇਗੀ, ਜੋ ਤਕਨਾਲੋਜੀ-ਸਮਰਥਿਤ ਨਿਗਰਾਨੀ ਦੁਆਰਾ ਸਮਰਥਤ ਹੈ, ਜਿਸ ਵਿੱਚ ਬਾਇਓਮੈਟ੍ਰਿਕ ਪ੍ਰਮਾਣਿਕਤਾ, ਭੂ-ਸਥਾਨਕ ਯੋਜਨਾਬੰਦੀ ਅਤੇ ਮਾਪ, ਅਤੇ ਲੀਕੇਜ ਨੂੰ ਘਟਾਉਣ ਅਤੇ ਆਡਿਟਯੋਗਤਾ ਨੂੰ ਬਿਹਤਰ ਬਣਾਉਣ ਲਈ ਰੀਅਲ-ਟਾਈਮ ਡੈਸ਼ਬੋਰਡ ਅਤੇ ਜਨਤਕ ਖੁਲਾਸਾ ਪ੍ਰਣਾਲੀਆਂ ਸ਼ਾਮਲ ਹਨ।

ਉਨ੍ਹਾਂ ਅੱਗੇ ਕਿਹਾ ਕਿ ਕੇਂਦਰੀ ਸਪਾਂਸਰਡ ਸਕੀਮ ਆਰਕੀਟੈਕਚਰ, ਜਿਸ ਵਿੱਚ ਜ਼ਿਆਦਾਤਰ ਰਾਜਾਂ ਲਈ 60:40 ਕੇਂਦਰ-ਰਾਜ ਲਾਗਤ ਵੰਡ (ਵਿਸ਼ੇਸ਼-ਸ਼੍ਰੇਣੀ ਦੇ ਰਾਜਾਂ ਅਤੇ ਕੁਝ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਵੱਖਰੇ ਪੈਟਰਨਾਂ ਦੇ ਨਾਲ) ਸ਼ਾਮਲ ਹੈ, ਇੱਕ ਵਧੇਰੇ ਢਾਂਚਾਗਤ ਵਿੱਤ ਪਹੁੰਚ ਪੇਸ਼ ਕਰਦਾ ਹੈ ਜੋ ਭਵਿੱਖਬਾਣੀ ਨੂੰ ਬਿਹਤਰ ਬਣਾ ਸਕਦਾ ਹੈ, ਪਰ ਇਹ ਰਾਜ-ਪੱਧਰੀ ਲਾਗੂਕਰਨ ਅਨੁਸ਼ਾਸਨ ਅਤੇ ਸਮੇਂ ਸਿਰ ਲਾਗੂ ਕਰਨ ਦੀ ਮਹੱਤਤਾ ਨੂੰ ਵੀ ਵਧਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪੰਜਾਬ ਨੂੰ ਮਾਪ, ਮਨਜ਼ੂਰੀਆਂ, ਭੁਗਤਾਨਾਂ ਅਤੇ ਸ਼ਿਕਾਇਤ ਨਿਵਾਰਣ ਲਈ ਖੇਤਰੀ ਸਮਰੱਥਾ ਬਣਾਉਣ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਕਾਨੂੰਨੀ ਗਰੰਟੀਆਂ ਜ਼ਮੀਨੀ ਪੱਧਰ ’ਤੇ ਭਰੋਸੇਯੋਗ ਡਿਲੀਵਰੀ ਵਿੱਚ ਅਨੁਵਾਦ ਹੋ ਸਕਣ।

ਕੈਂਥ ਨੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੇ ਫੈਸਲੇ ਦੀ ਆਲੋਚਨਾ ਕੀਤੀ, ਕਿਹਾ ਕਿ ਇਸਨੂੰ ਪੇਂਡੂ ਵਿਕਾਸ, ਪ੍ਰੋਗਰਾਮ ਦੀ ਇਕਸਾਰਤਾ ਅਤੇ ਡਿਲੀਵਰੀ ਨਤੀਜਿਆਂ ਵਿੱਚ ਸ਼ਾਸਨ ਤਰਜੀਹਾਂ ਤੋਂ ਧਿਆਨ ਭਟਕਾਉਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਜਨਤਕ ਹਿੱਤ ਲਈ ਪਿਛਲੇ ਮਨਰੇਗਾ ਲਾਗੂਕਰਨ ਵਿੱਚ ਪਾਰਦਰਸ਼ਤਾ ਅਤੇ ਵੀਬੀ ਜੀ ਰਾਮ ਜੀ ਢਾਂਚੇ ਵਿੱਚ ਤਬਦੀਲੀ ਲਈ ਭਰੋਸੇਯੋਗ ਤਿਆਰੀ ਦੀ ਲੋੜ ਹੈ, ਜਿਸ ਵਿੱਚ ਸਮੇਂ ਸਿਰ ਤਨਖਾਹ ਭੁਗਤਾਨ, ਬਿਨਾਂ ਕਿਸੇ ਬਾਹਰੀ ਸ਼ਮੂਲੀਅਤ, ਅਤੇ ਟਿਕਾਊ ਸੰਪਤੀਆਂ ਦੀ ਸਿਰਜਣਾ ਨੂੰ ਯਕੀਨੀ ਬਣਾਉਣ ਵਾਲੇ ਨਿਯੰਤਰਣ ਸ਼ਾਮਲ ਹਨ ਜੋ ਪੇਂਡੂ ਜੀਵਨ ਪੱਧਰ ਨੂੰ ਸਪੱਸ਼ਟ ਤੌਰ ’ਤੇ ਬਿਹਤਰ ਬਣਾਉਂਦੇ ਹਨ।

## ਭਾਈ ਗੁਰਮੀਤ ਸਿੰਘ ਬੂਹੀ ਦੀ ਮਾਤਾ ਸੁਰਜੀਤ ਕੌਰ ਦੀ ਹੋਈ ਅੰਤਿਮ ਅਰਦਾਸ



**ਨਾਭਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਸਦਭਾਵਨਾ ਦਲ ਦੇ ਸੀਨੀਅਰ ਆਗੂ ਅਤੇ ਸ਼ੇਰ ਏ ਪੰਜਾਬ ਦਲ ਦੇ ਮੀਤ ਪ੍ਰਧਾਨ ਭਾਈ ਗੁਰਮੀਤ ਸਿੰਘ ਬੂਹੀ ਦੇ ਮਾਤਾ ਸਰਦਾਰਨੀ ਸੁਰਜੀਤ ਕੌਰ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਛੱਡ ਗਏ ਸਨ. ਮਾਤਾ ਸੁਰਜੀਤ ਕੌਰ ਦੇ ਧਾਰਮਿਕ ਪ੍ਰਵਿਰਤੀ ਦੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ. .ਮਾਤਾ ਸੁਰਜੀਤ ਕੌਰ ਅਪਣੇ ਪਿੱਛੇ ਤਿੰਨ ਪੁੱਤਰ ਪਿਆਰਾ ਸਿੰਘ , ਪਰਮਜੀਤ ਸਿੰਘ ,ਗੁਰਮੀਤ ਸਿੰਘ ਤੇ ਤਿੰਨ ਧੀਆਂ ਸਿੰਦਰ ਕੌਰ , ਮਨਜੀਤ ਕੌਰ ,ਪਰਮਜੀਤ ਕੌਰ ਭਰਿਆ ਪੂਰਾ ਪਰਿਵਾਰ ਛੱਡ ਗਏ ਸਨ . ਉਨਾਂ ਦੀਆਂ ਸਿੱਖਿਆਵਾਂ ਅਤੇ ਗੁਰੂ ਘਰ ਵਿੱਚ ਅਥਾਹ ਸ਼ਰਧਾ ਦੇ ਨਾਲ਼ ਹੀ ਉਨਾਂ ਦੇ ਸਪੁੱਤਰ ਭਾਈ ਸਾਹਿਬ ਗੁਰਮੀਤ ਸਿੰਘ ਬੂਹੀ ਦੁਨੀਆ ਭਰ ਵਿਚ ਗੁਰੂ ਗ੍ਰੰਥ ਸਹਿਬ ਨੂੰ ਸਮਰਪਿਤ ਜੀਵਨ ਦੇ ਨਾਮ ਨਾਲ ਜਾਣੇ ਜਾਂਦੇ ਹਨ. ਮਾਤਾ ਸੁਰਜੀਤ ਕੌਰ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਹਿਬ ਦੇ ਪਾਠ ਦੇ ਭੋਗ ਦੀ ਮਾਤਾ ਜੀ ਨੂੰ ਸਮਰਪਿਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਬੂਹੀ ਵਿਖੇ ਹੋਈ ਇਸ ਮੌਕੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਅਤੇ ਸਾਥੀ ਕੀਰਤਨ ਦਰਬਾਰ ਸਜਾਇਆ ਇਸ ਤੋਂ ਇਲਾਵਾ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ , ਮਹਾਰਾਣੀ ਪ੍ਰੀਤੀ ਸਿੰਘ ਨਾਭਾ, ਰਣਜੀਤ ਸਿੰਘ ਧਾਰੋਂਕੀ ਕਾਰਜਕਾਰੀ ਇੰਜੀਨੀਅਰ, ਸਤਵਿੰਦਰ ਸਿੰਘ ਟੌਹੜਾ , ਸਰਬਜੀਤ ਸਿੰਘ ਮੱਖਣ (ਤਰਖਾਨਮਾਜਰਾ), ਧਰਮਪਾਲ ਜੱਸੋਮਜਾਰਾ, ਦੀਚਰਨਜੀਤ ਬਾਤਿਸ਼, ਪਰਮਜੀਤ ਸਿੰਘ ਸਹੋਲੀ , ਬਨੀ ਖਹਿਰਾ, ਮਨਿੰਦਰ ਕਪਿਆਲ, ਜੀਤ ਕਪਿਆਲ, ਰਿਟਾ. ਇੰਸਪੈਕਟਰ ਮਨਮੋਹਨ ਸਿੰਘ, ਰਿਟਾ. ਏ ਐਸ ਆਈ ਜਗਤਾਰ ਸਿੰਘ ਪੰਜ ਗਰਾਇਆਂ, ਮਨਪ੍ਰੀਤ ਸਿੰਘ ਧਾਰੋਂਕੀ ਟਰੱਕ ਯੂਨੀਅਨ ਪ੍ਰਧਾਨ ਨਾਭਾ, ਹਾਕਮ ਪਹਾੜਪੁਰ, ਐਡਵੋਕੇਟ ਸ਼ਿਵਪ੍ਰਤਾਪ ਸਿੰਘ ਖੱਟੜਾ, ਸੁਸ਼ੀਲ ਜੈਨ, ਧਰਮਪਾਲ ਜੱਸੋਮਾਜਰਾ, ਜਗਤਾਰ ਸਿੰਘ ਰਾਮਗੜ੍ਹ, ਕੁਲਵੰਤ ਸਿੰਘ ਖੱਟੜਾ, ਜਗਜੀਤ ਸਿੰਘ ਰਿੰਪੀ, ਗੁਰਜੀਤ ਸਿੰਘ ਰਾਜਪੁਰਾ, ਅਵਤਾਰ ਸਿੰਘ ਫਲੌਰ, ਜਗਮਿੰਦਰ ਸਿੰਘ ਸਵਾਜਪੁਰ, ਸਿਮਰਨ ਸਿੰਘ ਪਟਿਆਲਾ, ਸਰਬਜੀਤ ਸਿੰਘ ਪਟਿਆਲਾ, ਗੁਰਜੀਤ ਸਿੰਘ ਬਰਨਾਲਾ, ਰਾਜਵੰਤ ਸਿੰਘ ਨਵਾਂ ਸ਼ਹਿਰ, ਰਣਧੀਰ ਸਿੰਘ , ਮਨਪ੍ਰੀਤ ਸਿੰਘ ਰਤਨਗੜ੍ਹ ਹਰਿਆਣਾ, ਕੇਵਲ ਧਾਰੋਂਕੀ, ਦਲਵਾਰਾ ਨਰਮਾਣਾ, ਭੀਮ ਸਿੰਘ ਨਾਭਾ ਆਦਿ ਤੋਂ ਹੋਰ ਬਹੁਤ ਸਾਰੀਆ ਸੰਗਤਾਂ ਸਾਮਿਲ ਸਨ ।

# ਵਿਕਸਿਤ ਭਾਰਤ-ਜੀ ਰਾਮ ਜੀ ਨੇ ਮਨਰੇਗਾ ਨੂੰ ਕਮਜ਼ੋਰ ਕੀਤਾ, ਬੋਝ ਸੂਬਿਆਂ ਉੱਤੇ ਥੋਪਿਆ : ਰਾਣਾ ਗੁਰਜੀਤ ਸਿੰਘ

## ਕੇਂਦਰ ਪਿੰਡਾਂ ਵਿੱਚ ਰੋਜ਼ਗਾਰ ਦੀ ਜ਼ਿੰਮੇਵਾਰੀ ਸੂਬਿਆਂ ਉਤੇ ਪਾ ਰਿਹਾ ਹੈ : ਵਿਧਾਇਕ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਪੂਰਥਲਾ ਤੋਂ ਵਿਧਾਇਕ ਅਤੇ ਕਾਂਗਰਸ ਦੇ ਸੀਨੀਅਰ ਆਗੂ ਰਾਣਾ ਗੁਰਜੀਤ ਸਿੰਘ ਨੇ ਅੱਜ ਭਾਰਤ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਐਕਟ (ਮਨਰੇਗਾ) ਦਾ ਨਾਂ ਬਦਲ ਕੇ ਵਿਕਸਿਤ ਭਾਰਤ—ਗਾਰੰਟੀ ਫ਼ਾਰ ਰੋਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵਿਕਸਿਤ ਭਾਰਤ-ਜੀ ਰਾਮ ਜੀ) ਬਿਲ, 2025 ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਨਵੀਆਂ ਸਕੀਮਾਂ ਦੇ ਨਾਂ ਰੱਖਣ ਨਾਲ ਕੋਈ ਇਤਰਾਜ਼ ਨਹੀਂ ਹੈ ਅਤੇ ਕੇਂਦਰ ਸਰਕਾਰ ਵਿਕਸਿਤ ਭਾਰਤ ਦੇ ਨਾਂ ਹੇਠ ਜਿੰਨੀਆਂ ਮਰਜ਼ੀ ਯੋਜਨਾਵਾਂ ਲਿਆ ਸਕਦੀ ਹੈ, ਪਰ ਉਨ੍ਹਾਂ ਨੇ ਉਸ ਇਤਿਹਾਸਕ ਕਲਿਆਣਕਾਰੀ ਕਾਨੂੰਨ ਦੀ ਸਟਿਰੀਓਟਾਈਪਿੰਗ ਅਤੇ ਕਮਜ਼ੋਰੀ ਉੱਤੇ ਇਤਰਾਜ਼ ਜਤਾਇਆ ਜੋ ਲਗਭਗ ਦੋ ਦਹਾਕਿਆਂ ਤੋਂ ਭਾਰਤ ਦੇ ਪਿੰਡਾਂ ਲਈ ਜੀਵਨ-ਰੇਖਾ ਸਾਬਤ ਹੋਇਆ ਹੈ।

ਉਨ੍ਹਾਂ ਯਾਦ ਦਿਵਾਇਆ ਕਿ ਇਹ ਬਿਲ 16 ਦਸੰਬਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਪਾਸ ਹੋਣ ਤੋਂ ਬਾਅਦ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਚੁੱਕੀ ਹੈ। ਮਨਰੇਗਾ, ਜੋ 2005 ਵਿੱਚ ਲਾਗੂ ਹੋਇਆ ਅਤੇ 2 ਫਰਵਰੀ, 2006 ਤੋਂ ਅਮਲ ਵਿੱਚ ਆਇਆ, ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਯੂਪੀਏ ਸਰਕਾਰ ਵੱਲੋਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਲਿਆਂਦਾ ਗਿਆ ਸੀ, ਜਿਸ ਤਹਿਤ ਹਰ ਪਿੰਡ ਪਰਿਵਾਰ ਨੂੰ ਸਾਲਾਨਾ 100 ਦਿਨਾਂ ਦੀ ਮਜ਼ਦੂਰੀ ਵਾਲਾ ਰੋਜ਼ਗਾਰ ਕਾਨੂੰਨੀ ਗਾਰੰਟੀ ਨਾਲ ਦਿੱਤਾ ਗਿਆ,ਇਹ ਇੱਕ ਮੰਗ-ਅਧਾਰਿਤ ਪ੍ਰੋਗਰਾਮ ਸੀ, ਜਿਸ ਅਧੀਨ ਗ੍ਰਾਮ ਪੰਚਾਇਤਾਂ ਨੂੰ ਗ੍ਰਾਮ ਪੰਚਾਇਤ ਵਿਕਾਸ ਯੋਜਨਾ (GPDP) ਦੇ ਤਹਿਤ ਕੰਮ ਚੁਣਨ ਦਾ ਅਧਿਕਾਰ ਮਿਲਿਆ। ਇਸ ਵਿਕੇਂਦਰੀਕ੍ਰਿਤ ਢਾਂਚੇ ਨਾਲ, ਉਨ੍ਹਾਂ ਕਿਹਾ ਲੋਕਤੰਤਰ ਹੇਠਾਂ ਤੱਕ ਮਜ਼ਬੂਤ ਹੋਇਆ ਅਤੇ ਸਥਾਨਕ ਵਿਕਾਸ ਦੀਆਂ ਤਰਜੀਹਾਂ ਨੂੰ ਪੂਰਾ ਕੀਤਾ ਗਿਆ।

ਰਾਣਾ ਗੁਰਜੀਤ ਸਿੰਘ ਨੇ ਜ਼ੋਰ ਦਿੱਤਾ



ਕਿ ਕੋਰੋਨਾ ਮਹਾਂਮਾਰੀ ਦੌਰਾਨ ਮਨਰੇਗਾ ਨੇ ਰਾਸ਼ਟਰੀ ਖਾਦ ਸੁਰੱਖਿਆ ਕਾਨੂੰਨ, 2013 ਦੇ ਨਾਲ ਮਿਲ ਕੇ ਪਿੰਡਾਂ ਵਿੱਚ ਵੱਡੇ ਪੱਧਰ ਦੀ ਤਕਲੀਫ਼ ਤੋਂ ਬਚਾਅ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਵਿੱਤੀ ਸਾਲ 2024-25 ਵਿੱਚ ਹੀ ਇਸ ਸਕੀਮ ਤਹਿਤ 286.18 ਕਰੋੜ ਮਨੁੱਖ-ਦਿਨ ਰੋਜ਼ਗਾਰ ਪੈਦਾ ਹੋਇਆ, 5.78 ਕਰੋੜ ਘਰਾਣਿਆਂ ਨੂੰ ਸਹਾਰਾ ਮਿਲਿਆ ਅਤੇ 7.88 ਕਰੋੜ ਵਿਅਕਤੀਆਂ ਨੂੰ ਕੰਮ ਪ੍ਰਦਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਵਿੱਚੋਂ 58 ਫੀਸਦੀ ਔਰਤਾਂ ਸਨ, ਜਦਕਿ 18 ਫੀਸਦੀ ਅਨੁਸੂਚਿਤ ਜਾਤੀਆਂ ਅਤੇ 18 ਫੀਸਦੀ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਸਨ। ਇਸ ਤੋਂ ਇਲਾਵਾ 4.82 ਲੱਖ ਦਿਵਿੰਗ ਵਿਅਕਤੀਆਂ ਨੂੰ ਵੀ ਇਸ ਪ੍ਰੋਗਰਾਮ ਤੋਂ ਲਾਭ ਮਿਲਿਆ। ਵਿਕਸਿਤ ਭਾਰਤ-ਜੀ ਰਾਮ ਜੀ ਬਿਲ ਦੀ ਨਿਖੇਧੀ ਕਰਦਿਆਂ ਕਪੂਰਥਲਾ ਦੇ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਮੰਤਰੀ ਨੇ ਕਿਹਾ ਕਿ ਇਹ ਪਹਿਲਾਂ ਹੀ ਸਰੋਤਾਂ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਸੂਬਾ ਸਰਕਾਰਾਂ, ਖ਼ਾਸ ਕਰਕੇ ਪੰਜਾਬ, ਜੋ ਗੰਭੀਰ ਵਿੱਤੀ ਸੰਕਟ ਵਿੱਚ ਹੈ, ਉੱਤੇ ਵਾਧੂ ਵਿੱਤੀ ਬੋਝ ਪਾਏਗਾ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮਨਰੇਗਾ ਤਹਿਤ ਔਸਤਨ ਕਰੀਬ 40 ਦਿਨਾਂ ਦਾ ਕੰਮ ਹੀ ਮਿਲਦਾ ਰਿਹਾ ਹੈ, ਇਸ ਲਈ 125 ਦਿਨਾਂ ਦੇ ਦਾਅਵੇ ਬੇਈਮਾਨੇ ਹਨ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਮਜ਼ਦੂਰ ਯੂਨੀਅਨਾਂ ਅਤੇ ਸੰਸਦ ਵਰਗੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਇੱਕਤਰਫ਼ਾ ਤਰੀਕੇ ਨਾਲ ਪਾਸ ਕੀਤਾ ਗਿਆ ਹੈ।

ਰਾਣਾ ਗੁਰਜੀਤ ਸਿੰਘ ਨੇ ਇਸ ਨਵੇਂ ਕਾਨੂੰਨ ਨੂੰ ਫੈਡਰਲਿਜ਼ਮ ਉੱਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਅਸਲ ਮੰਤਵ ਸ਼ਕਤੀ ਦਾ ਕੇਂਦਰੀਕਰਨ ਹੈ। ਭਾਵੇਂ ਕਾਨੂੰਨ ਸਾਲਾਨਾ ਗਾਰੰਟੀਸ਼ੁਦਾ ਰੋਜ਼ਗਾਰ ਨੂੰ 100 ਤੋਂ 125 ਦਿਨ ਕਰਨ ਦਾ ਵਾਅਦਾ ਕਰਦਾ ਹੈ, ਪਰ ਉਨ੍ਹਾਂ ਚੇਤਾਵਨੀ ਦਿੱਤੀ ਕਿ ਇਹ ਗਾਰੰਟੀ ਕੇਂਦਰ ਸਰਕਾਰ ਦੀਆਂ ਬਜਟ ਵੰਡਾਂ ਉੱਤੇ ਨਿਰਭਰ ਹੈ।

ਵਿਕਸਿਤ ਭਾਰਤ-ਜੀ ਰਾਮ ਜੀ ਐਕਟ ਦੇ ਵਿੱਤੀ ਢਾਂਚੇ ਅਨੁਸਾਰ, ਸੂਬਿਆਂ ਨੂੰ ਸਕੀਮ ਦੀ ਲਾਗਤ ਦਾ ਵੱਡਾ ਹਿੱਸਾ (ਅਕਸਰ 40 ਫੀਸਦੀ) ਭਰਨਾ ਪਵੇਗਾ, ਜੋ ਮਨਰੇਗਾ ਦੇ ਕੇਂਦਰ-ਪ੍ਰਧਾਨ ਫੰਡਿੰਗ ਮਾਡਲ ਤੋਂ ਵੱਡਾ ਬਦਲਾਅ ਹੈ। ਮਨਰੇਗਾ ਦੇ ਉਲਟ, ਜੋ ਮੰਗ-ਅਧਾਰਿਤ ਸੀ, ਨਵਾਂ ਬਿਲ ਨਿਯਮਤ (ਨਾਰਮੇਟਿਵ) ਵੰਡ ਪ੍ਰਣਾਲੀ ਦੀ ਪੇਸ਼ਕਸ਼ ਕਰਦਾ ਹੈ, ਜਿਸ ਅਧੀਨ ਫੰਡ ਵਸਤੂਨਿਸ਼ਠ ਮਾਪਦੰਡਾਂ ਦੇ ਆਧਾਰ ’ਤੇ ਸੂਬਿਆਂ ਨੂੰ ਦਿੱਤੇ ਜਾਣਗੇ। ਉਨ੍ਹਾਂ ਸਵਾਲ ਉਠਾਇਆ, ਜੇ ਕੇਂਦਰ ਸਰਕਾਰ ਦੀ ਅਨੁਮਾਨਿਤ ਵੰਡ 125 ਦਿਨਾਂ ਦੇ ਗਾਰੰਟੀਸ਼ੁਦਾ ਰੋਜ਼ਗਾਰ ਲਈ ਨਾਕਾਫ਼ੀ ਹੋਈ ਤਾਂ ਕੀ ਹੋਵੇਗਾ ? ਉਨ੍ਹਾਂ ਇਹ ਵੀ ਪੁੱਛਿਆ ਕਿ ਜਦੋਂ ਸੂਬਿਆਂ ਤੋਂ ਇਕੱਠੇ ਕੀਤੇ ਟੈਕਸਾਂ, ਜੀਐਸਟੀ ਸਮੇਤ, ਦਾ ਵੱਡਾ ਹਿੱਸਾ ਕੇਂਦਰੀ ਖਜ਼ਾਨੇ ਵਿੱਚ ਜਾਂਦਾ ਹੈ, ਤਾਂ ਕੇਂਦਰ ਗਰੀਬਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਹਿਚਕਿਚਾ ਕਿਉਂ ਰਿਹਾ ਹੈ। ਮਨਰੇਗਾ ਦੇ ਮੂਲ ਉਦੇਸ਼ ਸਮਝਾਉਂਦਿਆਂ ਰਾਣਾ ਗੁਰਜੀਤ ਸਿੰਘ ਨੇ ਦੱਸਿਆ ਕਿ ਇਹ ਯੋਜਨਾ ਭਾਰਤੀ ਰਾਸ਼ਟਰੀ ਕਾਂਗਰਸ ਦੀ ਅਗਵਾਈ ਹੇਠ ਯੂਪੀਏ ਸਰਕਾਰ ਵੱਲੋਂ ਪਿੰਡਾਂ ਦੀ ਬੇਰੁਜ਼ਗਾਰੀ ਨਾਲ ਨਜਿੱਠਣ, ਗਰੀਬੀ ਘਟਾਉਣ, ਮਜਬੂਰੀ ਹਿਜ਼ਰਤ ਰੋਕਣ ਅਤੇ ਪਿੰਡ ਪਰਿਵਾਰਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਨ ਲਈ ਲਿਆਂਦੀ ਗਈ ਸੀ। ਇਸ ਤੋਂ ਪਹਿਲਾਂ ਪਿੰਡਾਂ ਵਿੱਚ ਰੋਜ਼ਗਾਰ ਅਨਿਸ਼ਚਿਤ ਯੋਜਨਾਵਾਂ ’ਤੇ ਨਿਰਭਰ ਸੀ, ਜਿੱਥੇ ਕੰਮ ਦੀ ਕੋਈ ਕਾਨੂੰਨੀ ਗਾਰੰਟੀ ਨਹੀਂ ਸੀ ਅਤੇ ਕਿਸਾਨ, ਮਜ਼ਦੂਰ ਤੇ ਬੇਜ਼ਮੀਨ ਪਰਿਵਾਰ ਸੁੱਕਿਆਂ ਅਤੇ ਖੇਤੀਬਾੜੀ ਦੇ ਮੰਦੇ ਮੌਸਮ ਦੌਰਾਨ ਅਸੁਰੱਖਿਅਤ ਰਹਿੰਦੇ ਸਨ।

ਅੰਤ ਵਿੱਚ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਮਨਰੇਗਾ ਦੀ ਆਤਮਾ ਦੀ ਰੱਖਿਆ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਨਵਾਂ ਕਾਨੂੰਨ ਪਿੰਡ ਰੋਜ਼ਗਾਰ ਦੀ ਗਾਰੰਟੀ ਨੂੰ ਕਮਜ਼ੋਰ ਕਰਨ ਦੀ ਥਾਂ ਹੋਰ ਮਜ਼ਬੂਤ ਕਰੇ।

## ਚੰਗੀਆਂ ਸੇਵਾਵਾਂ ਬਦਲੇ ਸੈਨਟਰੀ ਇੰਸਪੈਕਟਰ ਸੁਖਦੇਵ ਬਿੱਟੂ ਰੋਪੜ ਪ੍ਰਸ਼ਾਸਨ ਵੱਲੋਂ ਸਨਮਾਨਿਤ

**ਮਾਛੀਵਾੜਾ ਸਾਹਿਬ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਆਸੀ ਸੈਨਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੂੰ ਰੋਪੜ ਪ੍ਰਸ਼ਾਸਨ ਵੱਲੋਂ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ ਹੈ। ਬੀਤੇ ਦਿਨੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਮੌਕੇ ਸੁਖਦੇਵ ਸਿੰਘ ਬਿੱਟੂ ਨੂੰ ਵਿਭਾਗ ਵੱਲੋਂ ਸੰਗਤਾਂ ਲਈ ਉਚੇਚੇ ਤੌਰ ਤੇ ਲਗਾਏ ਗਏ ਟੈਂਟ ਅਤੇ ਸਫਾਈ ਪ੍ਰਬੰਧਾਂ ਦੀ ਡਿਊਟੀ ਸੰਭਾਲੀ ਗਈ ਸੀ ,ਜਿਸ ਨੂੰ ਉਹਨਾਂ ਸੁਚੱਜੇ ਢੰਗ ਨਾਲ ਨਿਭਾਇਆ ਅਤੇ ਪ੍ਰਬੰਧਾਂ ਦੀ ਦੇਖਰੇਖ ਕੀਤੀ।



ਜਿਲਾ ਰੂਪਨਗਰ ਦੇ ਡੀ.ਸੀ. ਵਰਜੀਤ ਵਾਲੀਆ ਅਤੇ ਐਸ.ਐਸ.ਪੀ. ਗੁਲਨੀਤ ਸਿੰਘ ਖੁਰਾਣਾ ਵੱਲੋਂ ਸੈਕਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੂੰ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਡਿਊਟੀ ਹੋਰ ਤਨਦੇਹੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸੁਖਦੇਵ ਸਿੰਘ ਬਿੱਟੂ ਨੂੰ ਸਨਮਾਨਿਤ ਕਰਨ ਮੌਕੇ ਉਹਨਾਂ ਕਿਹਾ ਕਿ ਹੋਰਨਾਂ ਮੁਲਾਜ਼ਮਾਂ ਨੂੰ ਵੀ ਸੁਖਦੇਵ ਸਿੰਘ ਬਿੱਟੂ ਦੀ ਤਰ੍ਹਾਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ॥

## ਵਿਧਾਇਕ ਨੇ 524 ਲਾਭਪਾਤਰੀਆਂ ਨੂੰ ਆਵਾਸ ਯੋਜਨਾ ਤਹਿਤ 13 ਕਰੋੜ 10 ਲੱਖ ਰੁਪਏ ਦੇ ਪ੍ਰਵਾਨਗੀ ਪੱਤਰ ਸੌਂਪੇ



**ਮਲੇਰਕੋਟਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਅੱਜ ਆਪਣੇ ਦਫ਼ਤਰ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) 2.0 ਦੇ 524 ਲਾਭਪਾਤਰੀਆਂ ਨੂੰ ਕਰੀਬ 13 ਕਰੋੜ 10 ਲੱਖ ਰੁਪਏ ਦੇ ਪ੍ਰਵਾਨਗੀ ਪੱਤਰ ਵੰਡੇ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਅਤੇ ਸੰਵੇਦਨਸ਼ੀਲ ਅਗਵਾਈ ਸਦਕਾ ਸੂਬੇ ਦਾ ਹਿੱਸਾ ਵਧਿਆ ਹੈ, ਜਿਸ ਕਾਰਨ ਲੋੜਵੰਦ ਪਰਿਵਾਰਾਂ ਨੂੰ ਅਸਲ ਲਾਭ ਮਿਲ ਰਿਹਾ ਹੈ।

ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਆਮ ਲੋਕਾਂ ਦਾ ਨੁਮਾਇੰਦਾ ਹੋਣ ਦੇ ਨਾਤੇ ਉਨ੍ਹਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਯੋਗ ਲਾਭਪਾਤਰੀਆਂ ਤੱਕ ਸਮੇਂ ਸਿਰ ਪਹੁੰਚੇ। ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਉਦੇਸ਼ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੁਰੱਖਿਅਤ ਅਤੇ ਸਨਮਾਨਜਨਕ ਰਿਹਾਇਸ਼ ਪ੍ਰਦਾਨ ਕਰਨਾ ਹੈ, ਅਤੇ ਮਾਲੇਰਕੋਟਲਾ ਨਗਰ ਕੌਂਸਲ ਵੱਲੋਂ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨ ਸ਼ਲਾਂਘਾਯੋਗ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਬੇਘਰੇ ਲੋਕਾਂ ਜਿਨ੍ਹਾਂ ਕੋਲ ਆਪਣਾ ਪੱਕਾ ਘਰ ਨਹੀਂ ਹੈ ਜਾਂ ਜਿਨ੍ਹਾਂ ਕੋਲ ਘਾਹ-ਫੂਸ ਦੀ ਛੱਤ ਵਾਲਾ ਘਰ ਹੈ, ਨੂੰ ਪੱਕਾ ਘਰ ਬਣਾਉਣ ਵਿੱਚ ਮਦਦ ਕੀਤੀ ਜਾਂਦੀ ਹੈ।

ਡਾ ਜਮੀਲ ਉਰ ਰਹਿਮਾਨ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰੀ ਯੋਜਨਾਵਾਂ ਉਦੋਂ ਹੀ ਸਫਲ ਹੁੰਦੀਆਂ ਹਨ ਜਦੋਂ ਉਨ੍ਹਾਂ ਦੇ ਲਾਭ ਅਸਲ ਲੋੜਵੰਦਾਂ ਤੱਕ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਮੇਰਾ ਇਹ ਸੰਕਲਪ ਹੈ ਕਿ ਮੈਂ ਲੋਕ ਭਲਾਈ ਸਕੀਮਾਂ ਦਾ ਲਾਭ ਹਰੇਕ ਲੋੜਵੰਦ ਤੱਕ ਪੁਜਦਾ ਕਰਨ ਲਈ ਸੱਚੀ ਨਿਸ਼ਠਾ ਨਾਲ ਕੰਮ ਕਰ ਰਿਹਾ ਹਾਂ ਤਾਂ ਜੋ ਉਹ ਸਮਾਜ ਵਿੱਚ ਸਨਮਾਨ ਦਾ ਜੀਵਨ ਬਤੀਤ ਕਰ ਸਕਣ ।

ਨਗਰ ਕੌਂਸਲ ਦੇ ਨੁਮਾਇੰਦੇ ਮੁਹੰਮਦ ਆਦੀਲ ਨੇ ਦੱਸਿਆ ਕਿ ਸਰਕਾਰ ਵੱਲੋਂ ਪਹਿਲੀ ਕਿਸ਼ਤ ਵਜੋਂ ਇੱਕ ਕਰੋੜ 21 ਲੱਖ ਰੁਪਏ ਦੀ ਰਕਮ ਨਗਰ ਕੌਂਸਲ ਦੇ ਖਾਤੇ ਵਿੱਚ ਜਮ੍ਹਾ ਹੋ ਚੁੱਕੀ ਹੈ। ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਲਾਭਪਾਤਰੀਆਂ ਦੇ ਘਰ ਦਾ ਕੰਮ ਸੁਰੂ ਹੋਣ ਉਪਰੰਤ ਨੀਂਹਾਂ ਦੇ ਪੱਧਰ ਤੇ ਪੁਜਣ ਤੇ ਲਾਭਪਾਰਤੀਆਂ ਦੇ ਖਾਤਿਆਂ ਵਿੱਚ 50 ਹਜਾਰ ਰੁਪਏ ਦੀ ਰਕਮ ਪਹਿਲੀ ਕਿਸ਼ਤਾਂ ਵਜੋਂ ਟਰਾਸਫਰ ਕਰ ਦਿੱਤੀ ਜਾਵੇਗੀ ।

ਇਸ ਉਪਰੰਤ ਲੈਂਟਰ ਲੈਵਲ ਤੇ ਪੁਜਣ ਤੇ ਦੂਜੀ ਕਿਸਤ ਇੱਕ ਲੱਖ ਰੁਪਏ ਦੀ ਜਾਰੀ ਕਰ ਦਿੱਤੇ ਜਾਵੇਗੀ। ਲੈਂਟਰ ਪੈਣ ਉਪਰੰਤ 50 ਹਜਾਰ ਤੀਜੀ ਕਿਸ਼ਤ ਵਜੋਂ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ । ਘਰ ਮੁਕੰਮਲ ਹੋਣ ਉਪਰੰਤ ਬਾਕੀ ਬੱਚੀ ਰਕਮ ਜਾਰੀ ਕਰ ਦਿੱਤੀ ਜਾਵੇਗੀ ।

## ਹਰਿਆਣਾ ਵਿੱਚ ਪੈਂਡਿੰਗ ਭੂਮੀ ਵੰਡ ਮਾਮਲਿਆਂ ਦੇ ਤੁਰੰਤ ਨਿਪਟਾਰੇ ਲਈ ਵਿਆਪਕ ਨਿਰਦੇਸ਼ ਜਾਰੀ

# ਐਫਸੀਆਰ ਡਾ. ਸੁਮਿਤਾ ਮਿਸ਼ਰਾ ਨੇ ਮਹੀਨਾ ਟੀਚਾ, ਏਡੀਆਰ ਵਿਵਸਥਾ ਅਤੇ ਪ੍ਰਦਰਸ਼ਨ-ਅਧਾਰਿਤ ਪ੍ਰੋਤਸਾਹਨ ਸਮੇਤ ਸਖਤ ਕਦਮਾਂ ਦਾ ਐਲਾਨ ਕੀਤਾ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ (ਐਫਸੀਆਰ) ਡਾ. ਸੁਮਿਤਾ ਮਿਸ਼ਰਾ ਨੇ ਅੱਜ ਪੂਰੇ ਸੂਬੇ ਵਿੱਚ ਭੂਮੀ ਵੰਡ (ਪਾਰਟਿਸ਼ਨ) ਮਾਮਲਿਆਂ ਦੇ ਜਲਦੀ ਹੱਲ ਦੇ ਉਦੇਸ਼ ਨਾਲ ਵਿਆਪਕ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਪਹਿਲ ਦਾ ਉਦੇਸ਼ ਰਵੀਨਿਊ ਕੋਰਟਾਂ ਵਿੱਚ ਦੇਰੀ ਦੇ ਕਾਰਨ ਲੰਬੇ ਸਮੇਂ ਤੋਂ ਪਰੇਸ਼ਾਨ ਹਜਾਰਾਂ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ। ਡਾ. ਮਿਸ਼ਰਾ ਨੇ ਕਿਹਾ ਕਿ ਭੂਮੀ ਵੰਡ ਕਾਰਵਾਈ ਮਾਲ ਅਧਿਕਾਰੀਆਂ ਦੀ ਸੱਭ ਤੋਂ ਮਹਤੱਵਪੂਰਣ ਵਿਗਿਆਨਕ ਜਿਮੇਵਾਰੀਆਂ ਵਿੱਚੋਂ ਇੱਕ ਹੈ। ਵਿਸਤਾਰ ਸਮੀਖਿਆ ਦੇ ਬਾਅਦ ਐਫਸੀਆਰ ਨੇ ਸਮੇਂਬੱਧ ਨਿਪਟਾਰੇ ਨੂੰ ਯਕੀਨੀ ਕਰਨ ਲਈ ਤੁਰੰਤ ਪਾਲਣ ਤਹਿਤ ਕਈ ਨਿਰਦੇਸ਼ ਜਾਰੀ ਕੀਤੇ ਹਨ।

ਨਵੇਂ ਨਿਰਦੇਸ਼ਾਂ ਤਹਿਤ ਹਰੇਕ ਸਹਾਇਕ ਕਲੈਕਟਰ (ਦੂਜੀ ਸ਼੍ਰੇਣੀ) ਨੂੰ ਪ੍ਰਤੀ ਮਹੀਨਾ ਘੱਟੋ ਘੱਟ 12 ਵੰਡ ਮਾਮਲਿਆਂ ਦਾ ਨਿਪਟਾਰਾ ਜਰੂਰੀ ਰੂਪ ਨਾਲ ਕਰਨਾ ਹੋਵੇਗਾ। ਇੰਨ੍ਹਾਂ ਟੀਚਿਆਂ ਦੀ ਸਖਤੀ ਨਾਲ ਨਿਗਰਾਨੀ ਲਈ ਤਿੰਨ-ਪੱਧਰੀ ਮਜਬੂਤ ਨਿਗਰਾਨੀ ਸਿਸਟਮ ਸਥਾਪਿਤ ਕੀਤਾ ਗਿਆ ਹੈ। ਪਾਲਣ ਦੀ ਸਮੀਖਿਆ ਉੱਪ ਕਮਿਸ਼ਨਰ, ਡਿਵੀਜਨਲ ਕਮਿਸ਼ਨਰ ਅਤੇ ਵਿੱਤ ਕਮਿਸ਼ਨਰ (ਮਾਲ) ਪੱਧਰ ’ਤੇ ਮਹੀਨਾ ਰੂਪ ਨਾਲ ਕੀਤੀ ਜਾਵੇਗੀ। ਸਾਰੇ ਜਿਲ੍ਹਿਆਂ ਨੂੰ ਸਖਤ ਨਿਗਰਾਨੀ ਯਕੀਨੀ ਕਰਨ ਅਤੇ ਬਿਨ੍ਹਾਂ ਚੂਕ ਮਹੀਨਾ ਪ੍ਰਗਤੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਕਾਰਜਭਾਰ ਦੇ ਅਸਮਾਲ ਵੰਡ ’ਤੇ ਚਿੰਤਾ ਵਿਅਕਤ ਕਰਦੇ ਹੋਏ ਡਾ. ਮਿਸ਼ਰਾ ਨੇ ਕਿਹਾ ਕਿ ਮੌਜੂਦਾ ਵਿੱਚ ਕੁੱਝ ਤਹਿਸੀਲਦਾਰ ਮੁਕਾਬਲਤਨ ਘੱਟ ਕਾਰਜਭਾਰ ਵਾਲੀ ਬ੍ਰਾਂਚਾਂ ਵਿੱਚ ਤੈਨਾਤ ਹਨ। ਸੰਸਾਧਨਾਂ ਦੇ ਬਿਹਤਰ ਵਰਤੋਂ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਪੈਂਡਿੰਗ ਵੰਡ ਮਾਮਲਿਆਂ ਨੂੰ ਅਜਿਹੇ ਤਹਿਸੀਲਦਾਰਾਂ ਨੂੰ ਟ੍ਰਾਂਸਫਰ ਕਰਨ। ਇੰਨ੍ਹਾਂ ਅਧਿਕਾਰੀਆਂ ਲਈ ਪ੍ਰਤੀ ਮਹੀਨਾ ਘੱਟੋ ਘੱਟ 20 ਮਾਮਲਿਆਂ ਦਾ ਟੀਚਾ ਤੈਅ ਕੀਤਾ ਗਿਆ ਹੈ। ਨਾਲ ਹੀ, ਜਿਲ੍ਹਾ ਕਲੈਕਟਰਾਂ ਨੂੰ ਆਪਣੇ ਪ੍ਰਸ਼ਾਸਨਿਕ ਕੰਟਰੋਲ ਵਿੱਚ ਸਾਰੀ ਮਾਲ ਕੋਰਟਾਂ ਦੇ ਵਿੱਚ ਵੰਡ ਮਾਮਲਿਆਂ ਦਾ ਨਿਆਂਸੰਗਤ ਵੰਡ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਆਪਸੀ ਸਹਿਮਤੀ ਨਾਲ ਹੱਲ ਨੂੰ ਪ੍ਰੋਤਸਾਹਨ ਦੇਣ ਅਤੇ ਮੁਕੱਦਮੇਬਾਜੀ ਘੱਟ ਕਰਨ ਲਈ ਐਫਸੀਆਰ ਵਿੱਚ ਵੈਕਲਪਿਕ ਵਿਵਾਦ ਸੰਸਾਧਨ (ਏਡੀਆਰ) ਸਿਸਟਮ ਲਾਗੂ ਕੀਤਾ ਹੈ। ਇਸ ਦੇ ਤਹਿਤ ਡਿਪਟੀ ਕਮਿਸ਼ਨ ਠੇਕੇ ਦੇ ਆਧਾਰ ’ਤੇ ਸੇਵਾਮੁਕਤ ਮਾਲ ਅਧਿਕਾਰੀਆਂ ਦੀ ਸੇਵਾਵਾਂ ਲੈ ਕੇ ਪੈਂਡਿੰਗ ਵੰਡ ਮਾਮਲਿਆਂ ਦਾ ਨਿਪਟਾਰਾ ਕਰ ਸਕਦੇ ਹਨ।

ਡਾ. ਮਿਸ਼ਰਾ ਨੇ ਦਸਿਆ ਕਿ ਇਹ ਸੇਵਾ ਮੁਕਤ ਅਧਿਕਾਰੀ ਪਿੰਡ ਪੱਧਰ ’ਤੇ ਏਡੀਆਰ ਕੈਂਪ ਆਯੋਜਿਤ ਕਰਣਗੇ, ਜਿੱਥੇ ਵਿਵਾਦਿਤ ਪੱਖਾਂ ਨੂੰ ਆਪਸੀ ਸਹਿਮਤੀ ਨਾਲ ਹੱਲ ਲਹੀ ਪ੍ਰੋਤਸਾਹਿਤ ਕੀਤਾ ਜਾਵੇਗਾ। ਸਹਿਮਤੀ ਬਨਣ ਦੇ ਬਾਅਦ ਸਬੰਧਿਤ ਪੱਖ ਲੀਗਲ ਲਾਗੂ ਕਰਨ ਲਈ ਸਬੰਧਿਤ ਮਾਲ ਅਧਿਕਾਰੀ ਦੇ ਸਾਹਮਣੇ ਪੇਸ਼ ਹੋਣਗੇ। ਇਸ ਵਿਵਸਥਾ ਨੂੰ ਪ੍ਰੋਤਸਾਹਿਤ ਕਰਨ ਲਈ ਪ੍ਰਤੀ ਸਫਲ ਨਿਪਟਾਰੇ ’ਤੇ 10,000 ਰੁਪਏ ਦਾ ਮਾਣਭੱਤਾ ਮੰਜੂਰ ਕੀਤਾ ਗਿਆ ਹੈ, ਜਿਸ ਨੂੰ ਵਿਵਾਦਿਤ ਪੱਖ ਸਮਾਨ ਰੂਪ ਨਾਲ ਭੁਗਤਾਨ ਕਰਣਗੇ। ਪਾਰਦਰਸ਼ਿਤਾ ਅਤੇ ਨਿਰਪੱਖਤਾ ਯਕੀਨੀ ਕਰਨ ਤਹਿਤ ਏਡੀਆਰ ਸਿਸਟਮ ਲਈ ਵਿਸਤਾਰ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ।

ਸੰਸਥਾਗਤ ਸਮਰੱਥਾ ਵਧਾਉਣ ਦੀ ਜਰੂਰਤ ਨੂੰ ਰੇਖਾਂਕਿਤ ਕਰਦੇ ਹੋਏ ਡਾ. ਸੁਮਿਤਾ ਮਿਸ਼ਰਾ ਨੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜਿੱਥੇ ਜਰੂਰੀ ਹੋਵੇ ਉੱਥੇ ਮਾਲ ਅਧਿਕਾਰੀਆਂ ਨੂੰ ਵੱਧ ਸੁਤੰਤਰ ਰੀਡਰ ਉਪਲਬਧ ਕਰਾਏ ਜਾਣ ਅਤੇ ਸੁਤੰਤਰ ਮਾਲ ਕੋਰਟ ਸਥਾਪਿਤ ਕੀਤੇ ਜਾਣ। ਨਿਯਮਤ ਨਿਆਂ ਉਪਲਬਧਤਾ ਯਕੀਨੀ ਕਰਨ ਲਈ ਨਿਯਮਤ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਫਤੇ ਵਿੱਚ ਘੱਟੋ ਘੱਟ ਤਿੰਨ ਦਿਨ ਮਾਲ ਕੋਰਟ ਲਗਾਉਣ ਅਤੇ ਹੋਰ ਨਾਮਜਦ ਅਧਿਕਾਰੀਆਂ ਨੂੰ ਹਫਤੇ ਵਿੱਚ ਪੰਜ ਦਿਨ ਕੋਰਟ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।



ਡਾ. ਮਿਸ਼ਰਾ ਨੇ ਕਿਹਾ ਕਿ ਕਾਰਜਕੁਸ਼ਲਤਾ ਵਧਾਉਣ ਅਤੇ ਜਵਾਬਦੇਹੀ ਯਕੀਨੀ ਕਰਨ ਲਈ ਇੱਕ ਵਿਆਪਕ ਪ੍ਰਦਰਸ਼ਨ ਸਮੀਖਿਆ ਸਿਸਟਮ ਲਾਗੂ ਕੀਤਾ ਗਿਆ ਹੈ। ਵੰਡ ਮਾਮਲਿਆਂ ਨਾਲ ਜੁੜੇ ਅਧਿਕਾਰੀਆਂ ਦੇ ਪ੍ਰਦਰਸ਼ਨ ਦੀ ਤਿੰਨ ਮਹੀਨੇ ਸਮੀਖਿਆ ਕੀਤੀ ਜਾਵੇਗੀ। ਪ੍ਰੋਤਸਾਹਨ ਸਵਰੂਪ, ਸਿਖਰ ਪੰਜ ਪ੍ਰਦਰਸ਼ਨ ਕਰਨ ਵਾਲੇ ਅਧਿਕਾਰੀਆਂ (ਜੋ ਪਹਿਲਾਂ ਤੋਂ ਮਾਲ ਭੂਮਿਕਾਵਾਂ ਵਿੱਚ ਨਹੀਂ ਹਨ) ਨੂੰ ਪ੍ਰਸ਼ਾਸਨਿਕ ਵਿਵਹਾਰਤਾ ਅਧੀਨ ਆਪਣਾ ਪਸੰਦ ਦੀ ਤਹਿਸੀਲਾਂ ਵਿੱਚ ਤੈਨਾਤੀ ਦਿੱਤੀ ਜਾ ਸਕਦੀ ਹੈ।

ਉੱਥੇ ਹੀ ਜਵਾਬਦੇਹੀ ਯਕੀਨੀ ਕਰਨ ਲਈ ਲਗਾਤਾਰ ਟੀਚਿਆਂ ਨੂੰ ਪੂਰਾ ਨਾ ਕਰ ਪਾਉਣ ਵਾਲੇ ਤਹਿਸੀਲਾਂ ਵਿੱਚ ਤੈਨਾਤ ਹੇਠਲੇ ਪੰਜ ਅਧਿਕਾਰੀਆਂ ਨੂੰ ਗੈਰ-ਮਾਲ ਜਿਮੇਵਾਰੀਆਂ ਵਿੱਚ ਟ੍ਰਾਂਸਫਰ ਕੀਤਾ ਜਾ ਸਕਦਾ ਹੈ। ਇਹ ਕੈਟਰ ਐਂਡ ਸਟਿਕ ਨੀਤੀ ਮਾਲ ਪ੍ਰਸ਼ਾਸਨ ਵਿੱਚ ਕੁਸ਼ਲਤਾ ਅਤੇ ਸੰਵੇਦਲਸ਼ੀਲਤਾ ਦੀ ਮੰਜੂਰੀ ਵਿਕਸਿਤ ਕਰਨ ਲਈ ਅਪਨਾਈ ਗਈ ਹੈ।

**ਪ੍ਰਤੀਸਥਾਪਿਤ ਧਾਰਾ 111ਏ ਦਾ ਤੁਰੰਤ ਲਾਗੂ ਕਰਨਾ**

ਉਨ੍ਹਾਂ ਨੇ ਅੱਗੇ ਦਸਿਆ ਕਿ ਨਿਰਦੇਸ਼ਾਂ ਦਾ ਇੱਕ ਮਹਤੱਵਪੂਰਣ ਪਹਿਲੂ ਪ੍ਰਤੀਸਥਾਪਿਤ ਧਾਰਾ 111ਏ ਦੇ ਬਦਲਾਅ ਨਾਲ ਸਬੰਧਿਤ ਹੈ, ਜੋ ਸੰਯੁਕਤ ਖਾਤੇਦਾਰੀ ਦੇ ਮਾਮਲਿਆਂ ਵਿੱਚ ਜਰੂਰੀ ਵੰਡ ਨਾਲ ਜੁੜੀ ਹੈ। ਇਸ ਧਾਰਾ ਤਹਿਤ ਡਿਵੀਜਨਲ ਕਮਿਸ਼ਨਰ ਨੂੰ ਨੋਟੀਫਿਕੇਸ਼ਨ ਜਾਰੀ ਕਰ ਇਹ ਨਿਰਦੇਸ਼ ਕਰਨਾ ਹੁੰਦਾ ਹੈ ਕਿ ਇਹ ਪ੍ਰਾਵਧਾਨ ਕਿਸ ਮਿੱਤੀ ਤੋਂ ਅਤੇ ਕਿੰਨ੍ਹਾਂ ਮਾਲ ਖੇਤਰਾਂ ’ਤੇ ਲਾਗੂ ਹੋਵੇਗਾ। ਆਖੀਰ ਸਾਰੇ ਡਿਵੀਜਨਲ ਕਮਿਸ਼ਨਰਾਂ ਨੂੰ ਨਿਰਧਾਰਿਤ ਪ੍ਰਾਰੂਪ ਦੇ ਅਨੁਸਾਰ ਤਿੰਨ ਦਿਨਾਂ ਦੇ ਅੰਦਰ ਜਰੂਰੀ ਨੋਟੀਫਿਕੇਸ਼ ਤੁਰੰਤ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਐਫਸੀਆਰ ਦੇ ਸਾਰੇ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਪਰੋਕਤ ਸਾਰੇ ਆਦੇਸ਼ਾਂ ਨੂੰ ਤੁਰੰਤ ਲਾਗੂ ਕਰਨਾ ਯਕੀਨੀ ਕੀਤਾ ਜਾਵੇ। ਵੰਡ ਮਾਮਲਿਆਂ ਨੂੰ ਮਾਲ ਕੋਰਟਾਂ ਦੇ ਕੰਮਾਂ ਵਿੱਚ ਪ੍ਰਾਥਮਿਕਤਾ ਦਿੱਤੀ ਜਾਵੇਗੀ ਅਤੇ ਨਿਰਧਾਰਿਤ ਟੀਚਿਆਂ, ਸਮੇਂ-ਸੀਮਾਵਾਂ ਤੇ ਪ੍ਰਕ੍ਰਿਆਵਾਂ ਵਿੱਚ ਕਿਸੇ ਵੀ ਤਰ੍ਹਾ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਰੇ ਜਿਲ੍ਹਿਆਂ ਨੂੰ ਪ੍ਰਤੀਸਥਾਪਿਤ ਧਾਰਾ 111ਏ ਦੇ ਪ੍ਰਾਵਧਾਨਾਂ ਨੂੰ ਬਿਨ੍ਹਾ ਕਿਸੇ ਹੋਰ ਦੇਰੀ ਦੇ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਡਾ. ਮਿਸ਼ਰਾ ਨੇ ਅੱਗੇ ਕਿਹਾ ਕਿ ਨਿਰਧਾਰਿਤ ਸਮੇਂ ਅੰਦਰ ਨਿਯਮਤ ਪ੍ਰਗਤੀ ਰਿਪੋਰਟ ਵਿੱਤ ਕਮਿਸ਼ਨਰ (ਮਾਲ) ਦਫਤਰ ਨੂੰ ਭੇਜਣਾ ਜਰੂਰੀ ਹੋਵੇਗੀ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਇਸ ਪਹਿਲ ਦਾ ਉਦੇਸ਼ ਜਨਤਾ ਨੂੰ ਲੰਬੇ ਸਮੇਂ ਤੋਂ ਪੈਂਡਿੰਗ ਰਾਹਤ ਪ੍ਰਦਾਨ ਕਰਨਾ ਅਤੇ ਮਾਲ ਨਿਆਂ ਵੰਡ ਪ੍ਰਣਾਲੀ ਵਿੱਚ ਭਰੋਸਾ ਬਹਾਲ ਕਰਨਾ ਹੈ।

ਉਨ੍ਹਾਂ ਨੇ ਇਸ ਗੱਲ ’ਤੇ ਵੀ ਜੋਰ ਦਿੱਤਾ ਕਿ ਹਰੇਮ ਮਾਲ ਅਧਿਕਾਰੀ ਦੀ ਪ੍ਰਗਤੀ ਅਤੇ ਪ੍ਰਦਰਸ਼ਨ ਦੀ ਇੰਨ੍ਹਾਂ ਨਿਰਦੇਸ਼ਾਂ ਅਨੁਸਾਰ ਸਖਤੀ ਨਾਲ ਸਮੀਖਿਆ ਕੀਤੀ ਜਾਵੇਗੀ ਅਤੇ ਕਿਸੇ ਵੀ ਤਰ੍ਹਾ ਦੀ ਲਾਪ੍ਰਵਾਹੀ ’ਤੇ ਅਨੁਸਾਸ਼ਨਾਤਮਕ ਕਾਰਵਾਹੀ ਕੀਤੀ ਜਾਵੇਗੀ।

## ਭਾਜਪਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੇ ਕਾਰਟੂਨ ਬਣਾ ਕੇ ਉਨ੍ਹਾਂ ਦਾ ਅਪਮਾਨ ਕੀਤਾ, ਪਰ ਕੋਈ ਕਾਰਵਾਈ ਨਹੀਂ ਹੋਈ: ਭਗਵੰਤ ਮਾਨ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਧੀ ਚੁਣੌਤੀ ਦਿੰਦੇ ਹੋਏ ਕਿਹਾ ਕਿ ਆਪਣੇ ਗਲਤ ਕੰਮਾਂ ਦੀ ਜਵਾਬਦੇਹੀ ਤੋਂ ਬਚਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਵਰਗੀਆਂ ਪਵਿੱਤਰ ਸੰਸਥਾਵਾਂ ਨੂੰ ਢਾਲ ਵਜੋਂ ਵਰਤਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਹੋਏ ਸਰੂਪਾਂ ਦੇ ਮਾਮਲੇ ਵਿੱਚ ਲਗਾਤਾਰ ਕਾਰਵਾਈ ਨਾ ਹੋਣ ਕਾਰਨ ਸੰਗਤ ਵਿੱਚ ਡੂੰਘਾ ਗੁੱਸਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਅਕਾਲੀ ਲੀਡਰਸ਼ਿਪ ਦੇ ਨੇੜਲੇ ਧਨਾਢਾਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ, ਜੋ ਇਸ ਗੰਭੀਰ ਅਪਰਾਧ ਵਿੱਚ ਸ਼ਾਮਲ ਹਨ।

ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਅਤੇ ਸਿੱਖ ਭਾਈਚਾਰਾ ਡੂੰਘੇ ਸਦਮੇ ਵਿੱਚ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਲਾਪਤਾ ਹੋਣ ਦੇ ਮਾਮਲੇ ਵਿੱਚ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਥਕ ਸੰਗਠਨਾਂ ਅਤੇ ਸੰਤ ਸਮਾਜ ਨੇ ਲੰਬੇ ਸਮੇਂ ਤੋਂ ਇਸ ਸਬੰਧ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਇਸ ਮਕਸਦ ਲਈ ਸੂਬਾ ਸਰਕਾਰ ਤੱਕ ਵੀ ਪਹੁੰਚ ਕੀਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਨੈਤਿਕ ਜ਼ਿੰਮੇਵਾਰੀ ਤਹਿਤ ਸੂਬਾ ਸਰਕਾਰ ਨੇ ਇਸ ਸਬੰਧ ਵਿੱਚ ਐਫ.ਆਈ.ਆਰ. ਦਰਜ ਕੀਤੀ ਹੈ ਅਤੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਐਫ.ਆਈ.ਆਰ. ਤੋਂ ਤੁਰੰਤ ਬਾਅਦ ਆਪਣੇ ਆਕਾਵਾਂ ਦੇ ਨਿਰਦੇਸ਼ਾਂ ’ਤੇ ਸ਼੍ਰੋਮਣੀ ਕਮੇਟੀ ਨੇ ਪ੍ਰੈਸ ਨੂੰ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਲਈ ਸੂਬਾ ਸਰਕਾਰ ਵਿਰੁੱਧ ਜ਼ਹਿਰ ਉਗਲਦੇ ਹੋਏ ਦੋਸ਼ਾਂ ਦਾ ਖੰਡਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਖੀ ਨੇ ਮੰਨਿਆ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਰੋਜ਼ਾਨਾ 10-12 ਘੁਟਾਲੇ ਹੁੰਦੇ ਹਨ, ਜੋ ਦਰਸਾਉਂਦੇ ਹਨ ਕਿ ਸ਼ਰਧਾਲੂਆਂ ਦੁਆਰਾ ਚੜ੍ਹਾਏ ਗਏ ਗੋਲਕ ਦੇ ਪੈਸੇ ਦੀ ਦੁਰਵਰਤੋਂ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ 2020 ਦੌਰਾਨ ਆਪਣੀ ਮੀਟਿੰਗ ਵਿੱਚ ਕਮੇਟੀ ਦੇ ਦੋਸ਼ੀ ਕਰਮਚਾਰੀਆਂ ਅਤੇ ਪ੍ਰਕਾਸ਼ਕਾਂ ਵਿਰੁੱਧ ਇਸੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਕਈ ਬੇਨਿਯਮੀਆਂ ਦੇ ਬਾਵਜੂਦ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਖੁਦ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵਰਗੇ ਧਨਾਢਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਕਰਨ ਲਈ ਮਤਾ ਪਾਸ ਕੀਤਾ ਸੀ।

## ਛੋਟੇ ਸਾਹਿਬਜ਼ਾਦਿਆਂ ਦੀ ਯਾਦ ‘ਚ ਬਰੈੱਡ ਪਕੋੜਿਆਂ ਤੇ ਚਾਹ ਦਾ ਲੰਗਰ ਲਗਾਇਆ

**ਮਲੇਰਕੋਟਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆ ਦੇ ਸ਼ਹੀਦੀ ਦਿਵਸ ਦੀ ਯਾਦ ‘ਚ ਸਥਾਨਕ ਲੋਹਾ ਬਾਜ਼ਾਰ, ਢਾਬੀ ਗੇਟ ਵਿਖੇ ਸਵ.ਹੈਪੀ (ਕਾਲਾ) ਦੀ ਸਪੁੱਤਰੀ ਸਮਾਜ ਸੇਵੀ ਮੈਡਮ ਵਰਸ਼ਾ ਵੱਲੋਂ ਸਰਬਤ ਦੇ ਭਲੇ ਲਈ ਬਰੈੱਡ ਪਕੋੜੇ ਤੇ ਚਾਹ ਦਾ ਲੰਗਰ ਲਗਾਇਆ ਗਿਆ। ਸਭ ਤੋਂ ਪਹਿਲਾਂ ਸਮਾਜ ਸੇਵੀ ਮੈਡਮ ਵਰਸ਼ਾ, ਹੈਮਿਸ, ਜਤਿਨ, ਰਜਿੰਦਰ ਕੁਮਾਰ ਨੀਟਾ, ਭਵੀ, ਪੁਲਕਿਤ, ਮੁਹੰਮਦ ਨਜ਼ੀਰ, ਚੋਧਰੀ ਮੁਹੰਮਦ ਸ਼ਕੀਲ (ਦੋਵੇਂ ਕੋਂਸਲਰ), ਮੁਹੰਮਦ ਸਾਜਿਦ, ਮੁਹੰਮਦ ਅਮਜ਼ਦ, ਮੁਹੰਮਦ ਇਰਸ਼ਾਦ ਅਤੇ ਹੋਰ ਦੁਕਾਨਦਾਰਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆ ਨੂੰ ਯਾਦ ਕੀਤਾ ਅਤੇ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਬਰੈੱਡ ਪਕੋੜੇ ਤੇ ਚਾਹ ਦਾ ਲੰਗਰ ਵੰਡਿਆ ਗਿਆ। ਇਸ ਮੌਕੇ ਮੈਡਮ ਵਰਸ਼ਾ ਨੇ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਕਿਸੇ ਵੀ ਦਬਾਅ ਅੱਗੇ ਝੁਕਣ ਤੋਂ ਇਨਕਾਰ ਕਰਦੇ ਹੋਏ ਆਪਣੇ ਧਰਮ ਅਤੇ ਵਿਸ਼ਵਾਸ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ ਜਿਨ੍ਹਾਂ ਨੇ ਆਪਣੇ ਧਰਮ ਅਤੇ ਵਿਸ਼ਵਾਸ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

# ਸ਼ਹਾਦਤ ਦੇ ਅਰਥ



• ਜੋਗਿੰਦਰ ਸਿੰਘ ਪ੍ਰਿੰਸੀਪਲ
90506-80370

'ਸ਼ਹੀਦ' ਸ਼ਬਦ ਫਰਾਸੀ ਦੇ ਸ਼ਬਦ 'ਸ਼ਾਹਿਦ' ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ 'ਗਵਾਹ' (ਗੁਆਹ) ਜਾਂ 'ਜ਼ਾਮਨ'।

ਸ਼ਹਾਦਤ ਸ਼ਬਦ ਤੋਂ ਭਾਵ ਉਚੇਰੇ ਤੇ ਮਹਾਨ ਕਾਰਜਾਂ ਲਈ ਦਿੱਤੀ ਗਈ ਗਵਾਹੀ (ਗੁਆਹੀ) ਜਾਂ ਓਟੀ ਗਈ ਜ਼ਮਾਨਤ। ਵਾਸਤਵ 'ਚ ਸ਼ਹਾਦਤ ਮਹਾਨ ਉਦੇਸ਼ ਪੂਰਵਕ ਆਦਰਸ਼ ਤੇ ਲੋਕ ਜਨ-ਹਿੱਤ ਕਾਰਜਾਂ ਲਈ ਦਿੱਤੀ ਕੁਰਬਾਨੀ ਦੀ ਸਾਖੀ ਭਰਦੀ ਹੈ।

ਸ਼ਹਾਦਤ ਦਾ ਜਾਮਾ ਏ ਪਵਿੱਤਰ ਤੇ ਪੁਨੀਤਾ ਧਰਮ, ਨਿਆਇ ਤੇ ਪਰਉਪਕਾਰੀ ਪ੍ਰਵਿਰਤੀ ਇਸ ਦੀ ਵਾਸਤਵਿਕ ਪਛਾਣ ਹੁਣ ਸਿਦਕ ਤੇ ਈਮਾਨ ਇਸ ਦੇ ਸਾਰਥੀ ਹਨ। ਸਾਹਸ ਇਸ ਦੀ ਥੰਮ੍ਹੀ ਏ। ਮਨੋਬਲ ਇਸ ਦਾ ਮਹਾਂਰਥੀ ਏ। ਸੂਰਬੀਰਤਾ ਇਸ ਦੀ ਪਰਖ ਹੈ। ਕਾਇਰਤਾ ਇਸ ਨੂੰ ਡੰਗਦੀ ਤੇ ਡੱਸਦੀ ਹੈ। ਸਵੈਮਾਨ ਇਸ ਦਾ ਸ਼ਿੰਗਾਰ ਹੈ। ਹੱਕ ਇਸ ਦਾ ਨਾਅਰਾ ਹੈ, ਫਰਜ਼ ਇਸ ਦਾ ਮਸ਼ਾਲਚੀ ਏ। ਸ਼ਹਾਦਤ ਦਾ ਸ਼ਬਦ ਹੀ, ਦੀਵਾਨਿਆਂ, ਮਸਤਾਨਿਆਂ, ਪਰਵਾਨਿਆਂ, ਨੂੰ ਰੂਹ ਤਕ ਖਿੱਚ ਪਾਉਂਦਾ ਹੈ। ਸ਼ਹਾਦਤ ਜਿਹੀ ਪਵਿੱਤਰ ਭਾਵਨਾ ਤਾਂ ਕਿਸੇ ਉਚੇਰੇ ਤੇ ਸੁਚੇਰੇ ਕਾਰਜ ਦਾ ਸੰਦੇਸ਼ ਵਾਹਕ ਬਣ ਕੇ ਲਲਕਾਰਨ ਲਈ ਸਾਹਮਣੇ ਆ ਖੜ੍ਹੀ ਹੁੰਦੀ ਹੈ। ਚੇਤੇ ਰਹੇ, ਸ਼ਹਾਦਤ ਅਨਮੋਲ, ਅਮੁੱਕ ਤੇ ਅਰੁੱਕ ਭਾਵਪੂਰਵਕ ਹਾਵਾਂ-ਭਾਵਾਂ ਦੀ ਤਰਜਮਾਨੀ ਦੀ ਪ੍ਰਤੀਕ ਹੈ। ਆਓ ਜ਼ਰਾ ਸੋਚੀਏ ਕੀ ਰੂਪ-ਰੇਖਾ ਅਤੇ ਗੁਣਵਤਾ ਏ ਸ਼ਹਾਦਤ ਦੀ?

'ਸ਼ਹਾਦਤ' ਇਕ ਉਦੇਸ਼-ਪੂਰਵਕ ਦ੍ਰਿੜ ਸੰਕਲਪੀ ਅਤੇ ਮਾਨਵ ਹਿੱਤਕਾਰੀ ਕਿਰਿਆ ਹੈ ਜਾਂ ਫਿਰ ਇਹ ਕਿਸੇ ਜਨ-ਹਿੱਤ ਕਲਿਆਣਕਾਰੀ ਵਿਚਾਰਧਾਰਾ 'ਤੇ ਆਧਾਰਤ ਹੈ। ਪਰਉਪਕਾਰੀ ਮਨੋਰਥ ਇਸ ਦੇ ਹੱਡਾਂ 'ਚ ਰਚਿਆ ਹੈ। ਸਵੈਮਾਨ ਅਤੇ ਅਣਖ ਦੀ ਰਾਖੀ ਲਈ ਸੂਲਾਂ ਦੀ ਸੇਜ ਇਸ ਲਈ ਸ਼ੋਭਦਾ ਸ਼ਿੰਗਾਰ ਹੈ। ਜਨ-ਹਿੱਤਕਾਰੀ ਹੋਣ ਸਦਕਾ, ਇਹ ਨਿੱਜੀ ਹਿੱਤਾਂ ਤੋਂ ਉਚੇਰੀ ਏ।

ਸ਼ਹਾਦਤ, ਨਾ ਇਹ ਕਾਇਰ ਏ ਅਤੇ ਨਾ ਇਹ ਬੁਜ਼ਦਿਲ ਏ। ਇਹ ਤਾਂ ਵੈਰੀ ਦੇ ਦਲਾਂ 'ਚ ਤੜਥੂ ਪਾਉਣਾ ਜਾਣਦੀ ਏ। ਬੜ੍ਹਕਾ ਮਾਰਨੀਆਂ ਜਾਣਦੀ ਏ, ਫਟ ਲਾਉਣੇ ਜਾਣਦੀ ਏ, ਫਟ ਸਹਿਣੇ ਜਾਣਦੀ ਏ, ਆਹੂ ਲਾਹੁਣੇ ਜਾਣਦੀ ਏ ਤੇ ਖ਼ੂਨ ਦੀ ਹੋਲੀ ਖੇਡਦਿਆਂ ਮਾਰਨਾ ਜਾਂ ਆਪ ਮਰ ਮਿੱਟਣਾ ਵੀ ਜਾਣਦੀ ਏ।

ਬਹੁਤੀ ਵਾਰੀ ਦੇਸ਼ ਭਗਤੀ ਦੀ ਮੈਅ ਦੇ ਜਾਮ ਪੀਣ ਲਈ ਦੀਵਾਨੇ, ਮਸਤਾਨੇ, ਪਰਵਾਨੇ ਅਤੇ ਮਰਜੀਵੜੇ, ਦਾਰ ਤੇ ਚੜ੍ਹਨ ਲਈ ਕਿੰਨੇ ਉਤਾਵਲੇ ਹੁੰਦੇ ਹਨ। ਸੱਚ ਜਾਣੋ, ਸ਼ਹਾਦਤ ਇਕ ਪਾਕ-ਪਵਿੱਤਰ ਅਤੇ ਸੱਚੀ-ਸੁੱਚੀ ਧਾਰਨਾ ਦੀ ਦਾਅਵੇਦਾਰ ਹੈ। ਇਹ ਪ੍ਰਤੀਕ ਏ ਉੱਮਡਦੇ ਹੋਏ ਅਮੁੱਕ ਅਤੇ ਅਰੁੱਕ ਤੂਫ਼ਾਨੀ ਵਲਵਲੇ ਦੀ। ਬਹੁਤੀ ਵਾਰੀ ਅਜਿਹੇ ਵਲਵਲਿਆਂ ਦੇ ਵਹਾਉ ਨੂੰ ਠੱਲ੍ਹਣਾ ਅਸੰਭਵ। ਸ਼ਹਾਦਤ ਦਾ ਜਜ਼ਬਾ 'ਗਲੀ ਯਾਰ ਦੀ ਪਹੁੰਚਣਾ' ਵੀ ਜਾਣਦਾ ਹੈ ਅਤੇ ਮੌਤ ਲਾੜੀ ਨੂੰ ਵਰ੍ਹਨਾ ਵੀ ਜਾਣਦਾ ਹੈ।

ਸ਼ਹਾਦਤ ਦਾ ਜਜ਼ਬਾ ਭਾਈ ਮਨੀ ਸਿੰਘ ਦੀ ਤਰ੍ਹਾਂ ਬੰਦ-ਬੰਦ ਕਟਵਾ ਸਕਦਾ ਹੈ, ਭਾਈ ਤਾਰੂ ਸਿੰਘ ਦੀ ਤਰ੍ਹਾਂ ਖੋਪਰੀ ਲੁਹਾ ਸਕਦਾ ਹੈ, ਭਾਈ ਮਤੀ ਦਾਸ ਦੀ ਤਰ੍ਹਾਂ ਆਰੇ ਲਾਲ ਤਨ ਚਰਵਾ ਸਕਦਾ ਹੈ, ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਕੋਮਲ ਕਾਇਆ 'ਤੇ ਰੇਤ ਦੇ ਕੜਛੇ ਪਵਾ ਸਕਦਾ ਹੈ, ਭਾਈ ਦਿਆਲੇ ਦੀ ਤਰ੍ਹਾਂ ਦੇਗ਼ 'ਚ ਉਬਾਲੇ ਖਾਂ ਸਕਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੀ ਤਰ੍ਹਾਂ ਆਪਣਾ ਸਰਬੰਸ ਕੁਰਬਾਨ ਸਕਦਾ ਹੈ।

ਸੁਣੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰੂਹ 'ਚ ਨਿਕਲੇ ਅਮਰ ਬੋਲ

ਹਮੇਂ ਭੀ ਯਾਦ ਰੱਖੇਂ ਜਬ ਲਿਖੇ ਤਾਰੀਖ਼ ਗੁਲਸ਼ਨ ਕੀ

ਕਿ ਹਮ ਭੀ ਲੁਟਾਇਆ ਥਾ ਚਮਨ ਮੇਂ ਆਸ਼ਿਆਂ ਆਪਣਾ। •

# ਜ਼ੁਲਮ ਵਿਰੁੱਧ ਗੁਰੂ ਗੋਬਿੰਦ ਸਿੰਘ ਦੀ ਚਿੱਠੀ ਜ਼ਫ਼ਰਨਾਮਾ

**ਸਰਬੰਸ ਵਾਰ ਕੇ ਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜ਼ੁਲਮਾਂ, ਵਧੀਕੀਆਂ ਵਿਰੁੱਧ ਜ਼ਫ਼ਰਨਾਮਾ ਲਿਖ ਕੇ ਆਪਣੇ ਸਿੱਖ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ 5 ਜਨਵਰੀ 1706 ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਭੇਜ ਦਿੱਤਾ। ਗੁਰੂ ਜੀ ਜ਼ਫ਼ਰਨਾਮਾ ਭੇਜਣ ਉਪਰੰਤ ਅੱਗੇ ਚੱਲ ਪਏ ਤੇ ਮੁਕਤਸਰ ਵਿਖੇ ਮੁਗ਼ਲਾਂ ਨਾਲ ਆਖਰੀ ਲੜਾਈ ਲੜੀ ...**

• ਗਿਆਨ ਸਿੰਘ
ਮੋਬਾਈਲ 9815784100

ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਨੂੰ ਛੱਡਕੇ ਰਸਤੇ ਵਿਚ ਲੜਾਈਆਂ ਲੜਦੇ ਅਤੇ ਸੰਗਤਾਂ ਦਾ ਪਾਰਉਤਾਰਾ ਕਰਦੇ ਹੋਏ ਤਖ਼ਤੂਪੁਰਾ ਪੁੱਜੇ। ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਪਿੰਡ ਦੀਨਾ ਨਿਵਾਸੀ ਆਪਣੇ ਰੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਗੁਰੂ ਸਾਹਿਬ ਨੇ ਆਪਣੇ ਸਿੱਖ ਭਾਈ ਦਿਆ ਸਿੰਘ ਨੂੰ ਤਖਤੂਪੁਰਾ ਤੋਂ ਪਿੰਡ ਦੀਨਾ ਵਿਖੇ ਭਾਈ ਦੇਸੂ ਕੋਲ ਰੱਥ ਲੈਣ ਲਈ ਭੇਜ ਦਿੱਤਾ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਦੇ ਪੈਰ ਵਿਚ ਕੰਡਾ ਲੱਗਣ ਕਰਕੇ ਪੈਰ ਪੱਕ ਗਿਆ ਸੀ ਜਿਸ ਕਰਕੇ ਤੁਰਨਾ ਮੁਸ਼ਕਿਲ ਸੀ। ਗੁਰੂ ਜੀ ਦਾ ਸੰਦੇਸ਼ ਮਿਲਦਿਆਂ ਭਾਈ ਦੇਸੂ ਅਤੇ ਉਸਦਾ ਭਾਈ ਹਰਦਿੱਤਾ ਆਪਣਾ ਰੱਥ ਲੈ ਕੇ ਗੁਰੂ ਜੀ ਨੂੰ ਲੈਣ ਲਈ ਤਖਤੂਪੁਰਾ ਪੁੱਜ ਗਏ। ਗੁਰੂ ਸਾਹਿਬ ਪਹਿਲਾਂ ਪਿੰਡ ਮਧੇਕੇ ਵਿਖੇ ਆਪਣੇ ਪੈਰ ਦਾ ਇਲਾਜ ਕਰਵਾਉਣ ਲਈ ਹਕੀਮ ਪਾਸ ਗਏ ਜਿੱਥੇ ਗੁਰਦੁਆਰਾ 'ਪਾਕਾ ਸਾਹਿਬ' ਸੁਸ਼ੋਭਿਤ ਹੈ, ਉਸ ਤੋਂ ਪਿੱਛੋਂ ਪਿੰਡ ਦੀਨਾ ਸਾਹਿਬ ਪੁੱਜੇ। ਇਹ ਗੱਲ 1705 ਦੀ ਹੈ, ਪਿੰਡ ਦੀਨਾ (ਕਾਂਗੜ) ਵਿਖੇ ਪਹੁੰਚਣ ਤਕ ਗੁਰੂ ਸਾਹਿਬ ਧਰਮ ਬਚਾਉਣ ਖ਼ਾਤਰ ਜ਼ੁਲਮ ਦੇ ਖ਼ਿਲਾਫ਼ ਆਪਣਾ ਸਾਰਾ ਪਰਿਵਾਰ ਅਤੇ ਚੋਣਵੇਂ ਸਿੱਖਾਂ ਦੀਆਂ ਕੁਰਬਾਨੀਆਂ ਦੇ ਚੁੱਕੇ ਸਨ। ਪਿੰਡ ਦੀਨਾ ਵਿਖੇ ਰਾਏ ਜੋਧ, ਜਿਸ ਨੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗ ਵਿਚ ਸਹਾਇਤਾ ਕੀਤੀ ਸੀ, ਦੇ ਪੋਤਰੇ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਗੁਰੂ ਘਰ ਦੇ ਅਨਿਨ ਸਿੱਖ ਭਾਈ ਦੇਸੂ ਤਰਖਾਣ ਦੇ ਘਰ ਚੁਬਾਰੇ ਵਿਚ ਠਹਿਰ ਗਏ। ਇਥੇ ਵਜ਼ੀਰ ਖ਼ਾਂ ਸੂਬਾ ਸਰਹਿੰਦ ਵਲੋਂ ਸ਼ਮੀਰ, ਲੱਖਮੀਰ ਅਤੇ ਤਖ਼ਤਮਲ ਨੂੰ ਹੁਕਮਨਾਮਾ ਭੇਜਿਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੰਨ੍ਹਕੇ ਸਰਹਿੰਦ ਪਹੁੰਚਾਇਆ ਜਾਵੇ ਨਹੀਂ ਤਾਂ ਫ਼ੌਜ ਦੀ ਚੜ੍ਹਾਈ ਕਰਕੇ ਗੁਰੂ ਸਮੇਤ ਤੁਹਾਡੇ ਪਿੰਡ ਦਾ ਖਾਤਮਾ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਦੇ ਅਨਿਨ ਸਿੱਖਾਂ ਨੂੰ ਹੁਕਮਨਾਮਾ ਪੜ੍ਹਕੇ ਸੀਨੇ ਵਿਚ ਅੱਗ ਭੜਕ ਉਠੀ। ਉਨ੍ਹਾਂ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੂੰ ਹੁਕਮਨਾਮੇ ਦਾ ਜਵਾਬ ਭੇਜਿਆ ਕਿ, "ਜਿਸ ਤਰ੍ਹਾਂ ਤੁਸੀਂ ਆਪਣੇ ਪੀਰਾਂ/ਪੈਗੰਬਰਾਂ ਦਾ ਸਤਿਕਾਰ ਕਰਦੇ ਹੋ ਇਵੇਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਗੁਰੂ (ਪੀਰ) ਹਨ ਅਤੇ ਅਸੀਂ ਆਪਣੇ ਗੁਰੂ ਦੀ ਸੇਵਾ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ"। ਗੁਰੂ ਸਾਹਿਬ ਨੇ ਇਥੋਂ ਜਾਣ ਦਾ ਮਨ ਬਣਾ ਲਿਆ ਸੀ ਪਰ ਉਨ੍ਹਾਂ ਨੂੰ ਜਾਣ ਨਹੀਂ ਦਿੱਤਾ ਗਿਆ। ਗੁਰੂ ਸਾਹਿਬ ਪਿੰਡ ਦੀਨਾ ਵਿਖੇ ਤਿੰਨ ਮਹੀਨੇ ਤੇਰਾਂ ਦਿਨ ਠਹਿਰੇ। ਜਦੋਂ ਸਿੱਖਾਂ ਨੂੰ ਗੁਰੂ ਜੀ ਬਾਰੇ ਪਤਾ ਲੱਗਾ ਕਿ ਉਹ ਪਿੰਡ ਦੀਨਾ ਵਿਖੇ ਹਨ ਤਾਂ ਸਿੰਘਾਂ ਨੇ ਵਹੀਰਾਂ ਘੱਤ ਲਈਆਂ। ਗੁਰੂ ਸਾਹਿਬ ਨੇ ਮੁੜ ਤੋਂ ਆਪਣੀ ਫ਼ੌਜ ਨੂੰ ਸੰਗਠਤ ਕਰਨ ਲਈ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ।

ਸਰਬੰਸ ਵਾਰ ਕੇ ਗੁਰੂ ਜੀ ਨੇ ਅਕਾਲ ਪੁਰਖ਼ ਦਾ ਸ਼ੁਕਰਾਨਾ ਕਰਦਿਆਂ ਬਾਦਸ਼ਾਹ ਔਰੰਗਜ਼ੇਬ ਵਲੋਂ ਕੀਤੇ ਜ਼ੁਲਮਾਂ, ਵਧੀਕੀਆਂ ਵਿਰੁੱਧ ਜ਼ਫ਼ਰਨਾਮਾ (ਜਿੱਤ ਦਾ ਚਿੱਠਾ) ਲਿਖ ਕੇ ਆਪਣੇ ਸਿੱਖ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ 5 ਜਨਵਰੀ 1706 ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਭੇਜ ਦਿੱਤਾ। ਗੁਰੂ ਸਾਹਿਬ ਨੇ ਜ਼ਫ਼ਰਨਾਮੇ ਵਿਚ ਲਿਖ ਕੇ ਭੇਜਿਆ ਕਿ, " ਔਰੰਗਜ਼ੇਬ ਤੂੰ ਬਾਦਸ਼ਾਹ ਹੈਂ ਅਤੇ ਤੂੰ ਕੁਰਾਨ ਸ਼ਰੀਫ ਦੀਆਂ ਝੂਠੀਆਂ ਕਸਮਾਂ ਖਾਧੀਆਂ। ਮੇਰੇ ਸਿੰਘਾਂ ਅਤੇ ਮੇਰੇ ਪਰਿਵਾਰ ਦੀਆਂ ਕੁਰਬਾਨੀਆਂ ਲੈ ਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੋਵੇਗਾ? ਪਰ ਸੁਣ,

"ਨ ਦਾਨਮ ਕਿ ਈ ਮਰਦ ਪੈਮਾਂ ਸਿਕਨ। ਕਿ ਦੌਲਤ ਪਰੇਸਤ ਅਸਤੋਂ ਈਮਾਂ ਫਿਸਨ।।"

(ਮੈਂ ਨਹੀਂ ਜਾਣਦਾ ਕਿ ਇਹ ਆਦਮੀ ਬਚਨ ਦੇ ਤੋੜਨ ਵਾਲਾ, ਟਕੇ ਦਾ ਮੁਰੀਦ ਅਤੇ ਧਰਮ ਦੇ ਸੁੱਟਣ ਵਾਲਾ ਹੈ)

"ਨ ਈਮਾਂ ਪ੍ਰਸਤੀ ਨ ਔਜਾਇ ਦੀਣ। ਨ ਸਾਹਿਬ ਸਨਾਸੀ ਨਾ ਮੁਹੰਮਦ ਯਕੀਨ।।"

(ਨਾ ਤੂੰ ਧਰਮ ਦੀ ਪਾਲਣਾ ਕਰਨ ਵਾਲਾ ਹੈ, ਨਾ ਦੀਨਦਾਰ ਹੈ, ਨਾ ਮਾਲਕ ਨੂੰ ਪਛਾਣਦਾ ਹੈ ਅਤੇ ਨਾ ਹੀ ਮੁਹੰਮਦ (ਸਾਹਿਬ) ਉੱਤੇ ਤੇਰਾ ਭਰੋਸਾ ਹੈ)

ਗੁਰੂ ਸਾਹਿਬ ਨੇ ਅੱਗੇ ਲਿਖਿਆ ਕਿ,

"ਹੰਮੂ ਮਰਦ ਬਾਯਦ ਸਵਦ ਸੁਖਨਵਰ। ਨਾ ਸਿਕਮ ਦਿਗਰ ਦਰ ਦਹਾਨੇ ਦਿਗਰ।।"

(ਆਦਮੀ ਅਜੇਹਾ ਹੋਣਾ ਚਾਹੀਦਾ ਹੈ ਜੋ ਬਚਨ ਦਾ ਪੱਕਾ ਹੋਵੇ, ਐਸਾ ਨਹੀਂ ਦਿਲ ਵਿਖੇ ਹੋਰ ਤੇ ਮੂੰਹ ਵਿਖੇ ਹੋਰ)

ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਕਿ ਤੈਨੂੰ ਡਰਨ ਦੀ ਲੋੜ ਨਹੀਂ, ਜੇ ਤੂੰ ਅਕਾਲਪੁਰਖ਼ 'ਤੇ ਭਰੋਸਾ ਕਰਦਾ ਹੈ ਤਾਂ ਮੈਨੂੰ ਇਥੇ (ਦੀਨੇ/ਕਾਂਗੜ) ਆ ਕੇ ਮਿਲ, ਤੈਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਹੋਣਾ ਚਾਹੀਦਾ, ਜੇ ਤੂੰ ਇਥੇ ਆ ਜਾਵੇ ਤਾਂ ਤੇਰੇ ਨਾਲ ਖੁੱਲ੍ਹਕੇ ਵਿਚਾਰ ਵਟਾਂਦਰਾ ਹੋ ਜਾਵੇ :-

"ਕਿ ਤਸਰੀਫ ਦਰ ਕਸਬਹ ਕਾਂਗੜ ਕੁਨਦ। ਵਜਾਂ ਪਸ ਮੁਲਾਕਾਤ ਬਾਹਮ ਸਵਦ।।"

ਗੁਰੂ ਸਾਹਿਬ ਨੇ ਇਹ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਲਿਖ ਦਿੱਤਾ ਕੀ ਹੋਇਆ ਜੇ ਤੂੰ ਚਾਰ ਬੱਚਿਆਂ ਨੂੰ ਮਾਰ ਦਿੱਤਾ ਹੈ, ਅਜੇ ਜ਼ਹਿਰੀ ਸੱਪ ਬਾਕੀ ਰਹਿ ਗਿਆ ਹੈ :-





"ਚਿਹਾ ਸੁਦ ਕਿ ਚੂੰ ਬੱਚਗਾਂ ਕੁਸਤਾ ਚਾਰ। ਕਿ ਬਾਕੀ ਬਿਮਾਂਦਹ ਅਸਤ ਪੇਚੀਦਾ ਮਾਰ।।"

ਪਰ ਨਾਲ ਹੀ ਗੁਰੂ ਸਾਹਿਬ ਨੇ ਲਿਖ ਭੇਜਿਆ ਕਿ ਜੇ ਹੁਣ ਤੂੰ ਕੁਰਾਨ ਦੀਆਂ ਸੌ ਸੌਂਹਾਂ ਖਾਵੇ ਤਾਂ ਵੀ ਮੈਨੂੰ ਛਿਣ ਭਰ ਇਸ ਦਾ ਭਰੋਸਾ ਨਹੀਂ :-

"ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ। ਮਰਾ ਏਤਬਾਰੇ ਨ ਯਕ ਜਰਹ ਦਮ।।"

ਗੁਰੂ ਸਾਹਿਬ ਨੇ ਨਾਲ ਹੀ ਇਹ ਤਾਹਨਾ ਮਾਰਿਆ ਕਿ ਸੱਚ ਦੀ ਪਛਾਣ ਕਰ, ਕਿੱਥੇ ਨੇ ਬਾਦਸ਼ਾਹ ਤੇ ਪੀਰ/ਪੈਗੰਬਰ ਜੋ ਤੈਥੋਂ ਪਹਿਲਾਂ ਆਏ। ਤੇਰੇ ਹੱਥ ਕੁੱਝ ਨਹੀਂ, ਜਿਸ ਦਾ ਅਕਾਲ ਪੁਰਖ਼ ਸਹਾਈ ਹੋਵੇ ਉਸ ਨੂੰ ਤੇਰੇ ਜੇਹੇ ਬਾਦਸ਼ਾਹ ਕੀ ਕਰ ਸਕਦੇ ਹਨ :-

"ਚੁ ਹਕ ਯਾਰ ਬਾਸਦ ਚਿ ਦੁਸਮਨ ਕੁਨਦ। ਅਗਰ ਦੁਸਮਣੀ ਰਾ ਬਸਦ ਤਨ ਕੁਨਦ।।"

"ਖ਼ਸਮ ਦੁਸਮਨੀ ਗਰ ਹਜਾਰ ਆਵਰਦ। ਨਾ ਯਕ ਮੂਇ ਓਰਾ ਅਜ਼ਾਰ ਆਵੁਰਦ।।"

ਭਾਈ ਦਿਆ ਸਿੰਘ ਨੇ ਜ਼ਫ਼ਰਨਾਮਾ ਬਾਦਸ਼ਾਹ ਔਰੰਗਜ਼ੇਬ ਨੂੰ ਦੱਖਣ ਵਿਚ ਕਲੌਤ ਵਿਖੇ ਪਹੁੰਚਾ ਦਿੱਤਾ । ਬਾਦਸ਼ਾਹ ਨੇ ਜ਼ਫ਼ਰਨਾਮਾ ਪੜ੍ਹਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਿਆ ਪ੍ਰਗਟ ਕੀਤੀ ਅਤੇ ਲਾਹੌਰ ਦਰਬਾਰ ਦੇ ਵਿਸ਼ੇਸ਼ ਰਾਜਦੂਤ ਨਾਇਬ ਸੂਬੇਦਾਰ ਸ੍ਰੀ ਮੁਨੀਮ ਖ਼ਾਨ ਨੂੰ ਸ਼ਾਹੀ ਹੁਕਮ ਦਿੱਤਾ ਕਿ ਉਹ ਗੁਰੂ ਜੀ ਨੂੰ ਲੈ ਕੇ ਉਨ੍ਹਾਂ ਕੋਲ ਪਹੁੰਚਣ ਅਤੇ ਉਨ੍ਹਾਂ ਨੂੰ ਪਹੁੰਚਾਉਣ ਲਈ ਪੂਰੇ ਸੁਰੱਖਿਆ ਪ੍ਰਬੰਧ ਕਰਨ।

ਗੁਰੂ ਗੋਬਿੰਦ ਸਿੰਘ ਜੀ ਜ਼ਫ਼ਰਨਾਮਾ ਭੇਜਣ ਉਪਰੰਤ ਅੱਗੇ ਚੱਲ ਪਏ ਅਤੇ ਮੁਕਤਸਰ ਵਿਖੇ ਮੁਗ਼ਲਾਂ ਨਾਲ ਆਖਰੀ ਲੜਾਈ ਲੜੀ ਤੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਚਲੇ ਗਏ, ਜਿੱਥੇ ਗੁਰੂ ਸਾਹਿਬ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਸੰਦੇਸ਼ ਪ੍ਰਾਪਤ ਹੋਇਆ ਤਾਂ ਉਹ ਦੱਖਣ ਵੱਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਲਈ ਚੱਲ ਪਏ। ਗੁਰੂ ਜੀ ਜਦੋਂ ਭਗੌਰ ਵਿਖੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਰਾਜਧਾਨੀ ਵਿਚ ਬਾਦਸ਼ਾਹ ਔਰੰਗਜ਼ੇਬ ਚੱਲ ਵਸੇ ਸਨ।

ਸੱਚਮੁੱਚ ਗੁਰੂ ਸਾਹਿਬ ਵਲੋਂ ਬਾਦਸ਼ਾਹ ਔਰੰਗਜ਼ੇਬ ਦੀਆਂ ਕਮਜ਼ੋਰੀਆਂ ਖੋਲ੍ਹਕੇ ਲਿਖਣ ਵਾਲੀ ਚਿੱਠੀ "ਜ਼ਫ਼ਰਨਾਮਾ" ਬਾਦਸ਼ਾਹ ਲਈ ਮਾਰੂ ਸਾਬਤ ਹੋਈ।

ਮੁਸਲਮਾਨ ਸੂਫ਼ੀ ਸੰਤ ਗ਼ੁਲਾਮ ਹੈਦਰ ਕਾਦਰੀ (9417123883) ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਜਾਣਕਾਰੀ ਦਿੱਤੀ ਕਿ ਪਿਛਲੇ ਦਿਨੀਂ ਇਰਾਨ ਤੋਂ ਇਕ ਵਫਦ (ਜਮਾਤ) ਮਲੇਰਕੋਟਲਾ ਵਿਖੇ ਆਇਆ ਸੀ, ਉਨ੍ਹਾਂ ਨੇ ਉਨ੍ਹਾਂ ਦੇ ਭਰਾ ਡਾਕਟਰ ਨਸ਼ੀਰ ਅਖ਼ਤਰ ਨਾਲ ਵਿਸ਼ੇਸ ਮੁਲਾਕਾਤ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਫਾਰਸੀ/ਪਰਸੀਅਨ ਭਾਸ਼ਾ ਵਿਚ ਰਚਿਤ ਅਕਾਲ ਉਸਤਿਤ ਨਾਲ ਆਰੰਭ ਜ਼ਫ਼ਰਨਾਮੇ ਦਾ ਮੁਸਲਮਾਨਾਂ ਵਲੋਂ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਇਰਾਨ ਯੂਨੀਵਰਸਟੀ ਨੇ ਇਸ ਜ਼ਫ਼ਰਨਾਮੇ ਨੂੰ ਮਾਨਤਾ ਦੇ ਕੇ ਵਿਦਿਆਰਥੀਆਂ ਦੇ ਪਾਠ ਕਰਮ ਵਿਚ ਸ਼ਾਮਿਲ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜ਼ਫ਼ਰਨਾਮੇ ਦੀ ਗੁਰਮੁੱਖੀ ਵਿਚ ਲਿਖਤ ਉਨ੍ਹਾ ਨੂੰ ਮਿਲੀ ਸੀ ਜਿਸ ਨੂੰ ਉਨ੍ਹਾਂ ਖ਼ੁਦ ਦੁਬਾਰਾ ਫਾਰਸੀ/ਉਰਦੂ ਵਿਚ ਕੱਪੜੇ ਉੱਪਰ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਜ਼ਫ਼ਰਨਾਮਾ ਹੁਣ ਉਰਦੂ, ਪੰਜਾਬੀ ਅਤੇ ਹਿੰਦੀ ਵਿਚ ਮੌਜੂਦ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਫ਼ਰਨਾਮਾ ਦਸਮ ਗ੍ਰੰਥ 'ਚ ਨੌਵੀਂ ਥਾਂ 'ਤੇ ਅੰਕਿਤ ਹੈ।

ਭਾਈ ਦੇਸੂ ਦੀ ਛੇਵੀਂ ਅਤੇ ਸੱਤਵੀਂ ਪੀੜ੍ਹੀ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਵਸਤਾਂ ਦੀ ਸੇਵਾ ਸੰਭਾਲ ਕਰ ਰਹੀ ਹੈ। ਛੇਵੀਂ ਪੀੜ੍ਹੀ ਵਿੱਚੋਂ ਭਾਈ ਚਮਕੌਰ ਸਿੰਘ, ਭਾਈ ਮੁਕੰਦ ਸਿੰਘ ਅਤੇ ਭਾਈ ਸੁੰਦਰ ਸਿੰਘ ਹਨ। ਭਾਈ ਮੁਕੰਦ ਸਿੰਘ (9417618857) ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਪਰਿਵਾਰ ਕੋਲ ਰੱਥ ਦਾ ਉਹ ਪੀੜਾ/ਮੰਜੀ ਸਾਹਿਬ, ਜਿਸ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠਕੇ ਆਏ ਸਨ, ਰੱਥ ਦਾ ਜੂਲਾ ਅਤੇ ਪਿੰਜਣੀਆਂ, ਪਲੰਘ ਤੋਂ ਇਲਾਵਾ ਜ਼ਫ਼ਰਨਾਮਾ ਦੀ ਕਾਪੀ, ਭਾਈ ਦੇਸੂ ਦੇ ਕੰਮ ਕਰਨ ਵਾਲੇ ਔਜਾਰ ਹਨ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਦੀਨਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਿਯੁਕਤ ਸੇਵਾਦਾਰ ਇਸ ਵੱਡਮੁਲੇ ਖ਼ਜ਼ਾਨੇ ਤੋਂ ਅਣਜਾਣ ਹਨ। ਉਨ੍ਹਾ ਕਿਹਾ ਇਨ੍ਹਾਂ ਯਾਦਗਾਰੀ ਵਸਤਾਂ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸਰਕਾਰ ਨੇ ਵੀ ਕਦੇ ਕੋਈ ਦਿਲਚਸਪੀ ਨਹੀਂ ਵਿਖਾਈ।

ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਦੀ ਥਾਂ ਕੁਝ ਸਾਲ ਪਹਿਲਾਂ ਨਵੀਂ ਇਮਾਰਤ ਨੇ ਲੈ ਲਈ ਹੈ। ਦੀਨਾ ਸਾਹਿਬ ਦੇ ਪੁਰਾਣੇ ਗੁਰਦੁਆਰੇ ਵਿਚ ਬਹੁਤ ਹੀ ਸੁੰਦਰ ਕੰਧ ਚਿੱਤਰ ਬਣਾਏ ਹੋਏ ਸਨ ਜਿਨ੍ਹਾਂ ਦਾ ਵੇਰਵਾ ਪੁਰਾਤਨ ਕੰਧ ਚਿੱਤਰਾਂ ਦੇ ਸੰਗ੍ਰਹਿ ਵਿੱਚੋਂ ਮਿਲਦਾ ਹੈ, ਪਰ ਵਾਸਤਵਿਕ ਵਿਚ ਇਹ ਕੰਧ ਚਿੱਤਰ ਪੁਰਾਣੀ ਇਮਾਰਤ ਦੇ ਨਾਲ ਹੀ ਲੋਪ ਹੋ ਗਏ।

ਪੰਜਾਬ ਵਿਚ ਇਤਿਹਾਸਕ ਅਤੇ ਧਾਰਮਿਕ ਵਿਰਸੇ ਨੂੰ ਸੰਭਾਲਣ ਲਈ ਸਮੇਂ-ਸਮੇਂ ਸਰਕਾਰ ਨੇ ਯਤਨ ਕੀਤੇ ਤੇ ਕਰ ਰਹੀ ਹੈ ਪਰ ਦੀਨਾ ਸਾਹਿਬ ਦੀ ਮਹੱਤਤਾ ਵੱਲ ਕਿਸੇ ਨੇ ਖ਼ਾਸ ਧਿਆਨ ਨਹੀਂ ਦਿੱਤਾ। ਇਤਿਹਾਸਕ ਤੇ ਧਾਰਮਿਕ ਪੱਖੋਂ ਉੱਘਾ ਸਥਾਨ ਹੋਣ ਦੇ ਬਾਵਜੂਦ ਇਹ ਸਥਾਨ ਅਣਗੌਲਿਆ ਹੈ। ਜ਼ਫ਼ਰਨਾਮਾ ਦੀ ਯਾਦ ਵਿਚ ਪਿੰਡ ਦੀਨਾ ਵਿਖੇ ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ਹਰ ਸਾਲ ਸਮਾਗਮ ਕੀਤੇ ਜਾਂਦੇ ਹਨ। •

# ਤੁਕ-ਤਤਕਰਾ ਵਾਲੇ ਅਕਾਲੀ ਕੌਰ ਸਿੰਘ ਨਿਹੰਗ

ਬੁੱਧ ਸਿੰਘ ਨੀਲੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਤੁਕ-ਤਤਕਰਾ ਬਣਾਉਣ ਵਾਲੇ, ਸਿੱਖ ਧਰਮ, ਸਿੱਖ ਇਤਿਹਾਸ ਤੇ ਗੁਰਮਤਿ ਕਾਵਿ ਦੀ ਸਾਂਭ ਸੰਭਾਲ ਕਰਨ ਵਾਲੀਆਂ ਦਾਰਸ਼ਨਿਕ ਹਸਤੀਆਂ ਵਿਚ ਅਕਾਲੀ ਕੌਰ ਸਿੰਘ ਨਿਹੰਗ ਦਾ ਨਾਂ ਉਨ੍ਹਾਂ ਵਿਚ ਸ਼ੁਮਾਰ ਹੈ, ਜਿਨ੍ਹਾਂ ਸਮਿਆਂ ਵਿਚ ਪ੍ਰਚਾਰ ਤੇ ਪ੍ਰਸਾਰ ਦੇ ਲਈ ਘੱਟ ਤੇ ਸੀਮਤ ਸਾਧਨ ਸਨ। ਉਸ ਸਮੇਂ ਸਾਧਨਾਂ ਤੋਂ ਬਿਨਾਂ ਜਿਸ ਤਰ੍ਹਾਂ ਉਨ੍ਹਾਂ ਇਸ ਵੱਡੇ ਕਾਰਜ ਨੂੰ ਮਿਸ਼ਨਰੀਆਂ ਵਾਂਗ ਸਿਰੇ ਚਾੜ੍ਹਿਆ, ਇਹ ਕਾਰਜ ਕਿਸੇ ਸੰਸਥਾ ਤੋਂ ਘੱਟ ਨਹੀਂ। ਕਿਉਂਕਿ ਇਹ ਕੰਮ ਟੀਮ ਤੋਂ ਬਿਨਾਂ ਸਿਰੇ ਨਹੀਂ ਲਗਾਇਆ ਜਾ ਸਕਦਾ ਸੀ ਪਰ ਅਕਾਲੀ ਕੌਰ ਸਿੰਘ ਨਿਹੰਗ ਨੇ ਇਸ ਕਾਰਜ ਨੂੰ ਆਪਣੇ ਸਿਰੜ ਤੇ ਸਿਦਕ ਨਾਲ ਪੂਰਾ ਕੀਤਾ ਜਿਹੜਾ ਅੱਜ ਸਭ ਲਈ ਮਾਰਗ-ਦਰਸ਼ਕ ਬਣਿਆ ਹੋਇਆ ਹੈ।

ਅਕਾਲੀ ਕੌਰ ਸਿੰਘ ਦੇ ਪੁਰਖੇ ਬ੍ਰਾਹਮਣ ਸਨ। ਗੁਰੂ ਨਾਨਕ ਦੇਵ ਜੀ ਦੀ ਕਸ਼ਮੀਰ ਫੇਰੀ ਦੌਰਾਨ ਇਹ ਸਿੱਖ ਧਰਮ ਵੱਲ ਆਏ। ਗਿਆਰਵੀਂ ਸਦੀ ਦੌਰਾਨ ਮਹਿਮੂਦ ਗ਼ਜ਼ਨਵੀ ਦੇ ਸਮੇਂ ਮਥਰਾ ਤੋਂ ਮਖਿਆਲੇ ਆਏ ਇਥੇ ਰੈਨਾਵਾੜੀ ਵਿਚ ਆਪਣਾ ਪੱਕਾ ਟਿਕਾਣਾ ਬਣਾ ਲਿਆ। ਸਿੱਖ ਧਰਮ ਦੇ ਪ੍ਰਚਾਰ ਦੇ ਲਈ ਉਨ੍ਹਾਂ ਆਪਣਾ ਮਿਸ਼ਨ ਸ਼ੁਰੂ ਕਰ ਦਿੱਤਾ। ਇਹ ਗੁਰਬਾਣੀ ਦੇ ਗੁਟਕੇ ਤਿਆਰ ਕਰ ਕੇ ਪਿੰਡਾਂ ਵਿਚ ਵੰਡਦੇ ਸਨ। ਅਕਾਲੀ ਕੌਰ ਸਿੰਘ ਦੇ ਪੁਰਖੇ ਅਮੋਲਕ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਦੀ ਦਾਤ ਲਈ ਸੀ, ਉਦੋਂ ਉਹ ਪੂਰਨ ਸਿੰਘ ਸਜ ਗਏ ਸਨ। ਅਮੋਲਕ ਸਿੰਘ ਦੇ ਪੁੱਤਰ ਮਹਾਂ ਸਿੰਘ ਦੇ ਚਾਰ ਧੀਆਂ ਤੇ ਪੰਜ ਪੁੱਤਰ ਸਨ। ਵੱਡੇ ਪੁੱਤਰ ਪੂਰਨ ਸਿੰਘ ਸਨ, ਜਿਨ੍ਹਾਂ ਦਾ ਜਨਮ 1903 ਦੇ ਵਿਚ ਹੋਇਆ ਜੋ ਬਾਅਦ ਵਿਚ ਅੰਮ੍ਰਿਤ ਛਕ ਕੇ ਅਕਾਲੀ ਕੌਰ ਸਿੰਘ ਨਿਹੰਗ ਵਜੋਂ ਪ੍ਰਸਿੱਧ ਹੋਏ। ਉਨ੍ਹਾਂ ਜੋ ਸਿੱਖ ਧਰਮ ਦੇ ਲਈ ਕਾਰਜ ਕੀਤਾ ਉਹ ਅਣਮੁੱਲ ਹੈ। ਅਕਾਲੀ ਕੌਰ ਸਿੰਘ ਨੇ ਮੁੱਢਲੀ ਸਿੱਖਿਆ ਪੰਡਿਤ ਛਹਿਬਰ ਜੀ ਤੋਂ ਪ੍ਰਾਪਤ ਕੀਤੀ। ਬਾਅਦ 'ਚ ਬਾਵਾ ਮਹਾਂ ਸਿੰਘ ਬੇਦੀ ਦੁਪੱਟਾ ਤੋਂ ਗੁਰਬਾਣੀ ਤੇ ਗੁਰਮਤਿ ਦੀ ਗੁੜ੍ਹਤੀ ਲਈ ਪਰ ਪ੍ਰਸਿੱਧ ਵਿਦਵਾਨ ਗਿਆਨੀ ਬਾਘ ਸਿੰਘ ਦੀ ਸੰਗਤ ਨੇ ਇਸ ਨੂੰ ਹੋਰ ਗੂੜ੍ਹਾ ਕਰ ਦਿੱਤਾ। ਬਾਵਾ ਜੀ ਨੇ ਗੁਰਮੁਖੀ ਭਾਸ਼ਾ ਤੋਂ ਇਲਾਵਾ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦਾ ਗਿਆਨ ਦਿੱਤਾ। ਇਸ ਦੇ ਨਾਲ ਸਰੀਰ ਦੇ ਇਲਾਜ ਵਾਸਤੇ ਚਕਿਸਤਾ ਪ੍ਰਣਾਲੀ ਦੀ ਸਿੱਖਿਆ ਦਿੱਤੀ।



ਅਕਾਲੀ ਕੌਰ ਸਿੰਘ ਨਿਹੰਗ ਦਾ ਮੁੱਢ ਤੋਂ ਹੀ ਸੁਭਾਅ ਸਾਧੂ ਬਿਰਤੀ ਵਾਲਾ ਸੀ, ਉਹ ਹਰ ਸਮੇਂ ਸਿੱਖੀ ਦੇ ਪ੍ਰਚਾਰ ਲਈ ਦੂਰ ਦੁਰਾਡੇ ਜਾਂਦੇ ਰਹੇ। ਪਿਤਾ ਜੀ ਨੇ ਗ੍ਰਹਿਸਤੀ ਜੀਵਨ ਵਿਚ ਪਾਉਣ ਲਈ ਉਨ੍ਹਾਂ ਦਾ ਵਿਆਹ ਕਰਨਾ ਚਾਹਿਆ ਪਰ ਆਪ ਦੋ ਵਾਰ ਵਿਆਹ ਰੱਖੇ ਸਮੇਂ ਘਰੋਂ ਦੌੜ ਗਏ। ਆਪ ਵਿਆਹ ਦੇ ਝਮੇਲੇ ਵਿਚ ਉਲਝਣਾਂ ਨਹੀਂ ਸਨ ਚਾਹੁੰਦੇ। ਅਕਾਲੀ ਜੀ ਦਾ ਮਿਸ਼ਨ ਹੀ ਸਿੱਖ ਪੰਥ ਦੀ ਸੇਵਾ ਕਰਨਾ ਸੀ। ਪਿਤਾ ਜੀ ਨੇ ਤੀਜੀ ਵਾਰ ਆਪ ਜੀ ਦਾ ਵਿਆਹ ਕਰ ਦਿੱਤਾ ਪਰ ਆਪ ਉਪਰਾਮ ਹੋ ਘਰੋਂ ਭੱਜ ਗਏ। ਉਨ੍ਹਾਂ ਆਪਣੇ ਘਰ ਤੇ ਸਹੁਰੇ ਘਰ ਨੂੰ ਪੱਤਰ ਲਿਖ ਕੇ ਆਪਣੀ ਪਤਨੀ ਦਾ ਵਿਆਹ ਛੋਟੇ ਭਰਾ ਨਾਲ ਕਰ ਦੇਣ ਲਈ ਕਿਹਾ। ਆਪ ਨੇ ਸਿੱਖੀ ਦੇ ਪ੍ਰਚਾਰ ਲਈ ਆਪਣੇ ਜੀਵਨ ਦੀ ਸ਼ਕਤੀ ਲਾਉਣੀ ਸ਼ੁਰੂ ਕਰ ਦਿੱਤੀ।

ਉਨ੍ਹਾਂ 1928 ਵਿਚ ਗੁਰੂ ਨਾਨਕ ਆਸ਼ਰਮ ਦੀ ਸਥਾਪਨਾ ਕੀਤੀ ਜਿਸ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਇਆ। ਆਪ ਨੇ ਸਿੱਖਿਆ ਦੇ ਪਸਾਰ ਲਈ ਅਨੇਕਾਂ ਸਕੂਲ ਖੋਲ੍ਹੇ। ਇਥੋਂ ਹੀ ਕਸ਼ਮੀਰ ਸਿੱਖ ਸਮਾਚਾਰ ਸ਼ੁਰੂ ਕੀਤਾ ਜੋ ਦੇਸ਼ ਦੀ ਆਜ਼ਾਦੀ ਤਕ ਚੱਲਦਾ ਰਿਹਾ। ਲਾਇਬ੍ਰੇਰੀਆਂ ਦੀ ਸਥਾਪਨਾ ਤੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ। ਸਿੱਖ ਕੌਮ ਨੂੰ ਗੁਰਮਤਿ ਨਾਲ ਜੋੜਿਆ। ਦੇਸ਼ ਵੰਡ ਸਮੇਂ ਆਪ ਨੇ ਬਹੁਤ ਲੋਕਾਂ ਨੂੰ ਬਚਾਇਆ। ਉਨ੍ਹਾਂ ਦੇ ਪੁਨਰਵਾਸ ਲਈ ਬਹੁਤ ਅਣਥੱਕ ਸੇਵਾ ਕੀਤੀ। ਉਨ੍ਹਾਂ ਕਸ਼ਮੀਰ ਤੇ ਪੰਜਾਬ ਵਿਚ ਅਨੇਕਾਂ ਕਾਰਜ ਕੀਤੇ ਪਰ ਕਿਸੇ ਰੁਤਬੇ ਤੇ ਇਨਾਮ ਸਨਮਾਨ ਵੱਲ ਕਦੇ ਨਾ ਝਾਕੇ। ਇਕ ਵਾਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਬਣਾਉਣ ਦੀ ਪੇਸ਼ਕਸ਼ ਹੋਈ ਪਰ ਆਪ ਨੇ ਬੜੀ ਹੀ ਨਿਮਰਤਾ ਨਾਲ ਇਸ ਤੋਂ ਇਨਕਾਰ ਕਰ ਦਿੱਤਾ। ਆਖਰੀ ਦਿਨਾਂ ਵਿਚ ਅਕਾਲੀ ਕੌਰ ਸਿੰਘ ਬਿਮਾਰ ਹੋ ਗਏ। ਇਲਾਜ ਦੇ ਲਈ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ 'ਚ ਦਾਖਿਲ ਕਰਵਾਇਆ ਗਿਆ। 24ਜਨਵਰੀ 1953 ਦੇ ਦਿਨ ਉਹ ਸਾਡੇ ਕੋਲੋਂ ਸਦਾ ਲਈ ਵਿਛੜ ਗਏ।

ਉਨ੍ਹਾਂ ਦੀਆਂ ਪ੍ਰਾਪਤ ਪੁਸਤਕਾਂ 'ਚ ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼, ਸ੍ਰੀ ਗੁਰੂ ਸੋਭਾ ਸੈਨਾਪਤੀ, ਬੁਧਿ ਬਾਰਧ ਹਿਤ ਉਪਦੇਸ਼ ਰਤਨਾਕਰ, ਤਤਕਰਾ ਵਾਰਾਂ ਤੇ ਕਬਿੱਤ-ਸਵੱਈਏ ਭਾਈ ਗੁਰਦਾਸ ਜੀ, ਸ੍ਰੀ ਗੁਰੂ ਸੋਭਾ ਸੈਨਾਪਤੀ (ਇਹ ਛੇ ਸੰਪਾਦਿਤ) ਹਨ, ਜਦ ਕਿ ਇਸਤਰੀ ਸੰਕਟ ਮੋਚਨ, ਹਜ਼ੂਰੀ ਸਾਥੀ, ਸੁਖ ਸਾਗਰ, ਗੁਟਕਾ ਪ੍ਰਮਾਣਿਕ ਨਿਤਨੇਮ ਤੇ ਲੇਖ ਤੇ ਨਿਬੰਧ ਉਨ੍ਹਾਂ ਦੀਆਂ ਮੌਲਿਕ ਪੁਸਤਕਾਂ ਹਨ। ਜਿਨ੍ਹਾਂ ਵਿਚ ਜ਼ਿੰਦਗੀ ਦਾ ਫਲਸਫ਼ਾ ਦਰਜ ਹੈ। ਅਕਾਲੀ ਕੌਰ ਸਿੰਘ ਨਿਹੰਗ ਦੀ ਕਲਮੀ ਤੇ ਕਰਮੀ ਘਾਲਣਾ ਬਹੁਤ ਹੀ ਮਹਾਨ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ ਤਤਕਰਾ ਤਿਆਰ ਕਰਨਾ ਕੋਈ ਸੌਖਾ ਕਾਰਜ ਨਹੀਂ ਪਰ ਇਸ ਦਾਨਿਸ਼ਵਰ ਰੂਹ ਨੇ ਇਹ ਕਾਰਜ ਕਰ ਕੇ ਇਹ ਦੱਸ ਦਿੱਤਾ ਕੇ ਵਗੈਰ ਸਾਧਨਾਂ ਦੇ ਵੀ ਵੱਡਾ ਕੰਮ ਹੋ ਸਕਦਾ ਹੈ। •

9464370823

ਪ੍ਰੋ. ਗੁਰਚਰਨ ਸਿੰਘ ਤਲਵਾੜਾ

# ਅਹਿਮਦ ਫ਼ਾਰੂਕੀ ਸਰਹਿੰਦੀ, ਸ਼ੇਖ

ਹਜ਼ਰਤ ਸ਼ੇਖ਼ ਅਹਿਮਦ ਫਾਰੂਕੀ ਸਰਹਿੰਦੀ ਮੁਜੱਦਿਦ ਅਲਫ਼ਸਾਨੀ ਭਾਰਤ ਵਿਚ ਨਕਸ਼ਬੰਦੀ ਸੂਫ਼ੀ ਸਿਲਸਿਲੇ ਦੇ ਸਭ ਤੋਂ ਪ੍ਰਸਿੱਧ ਸੂਫ਼ੀ ਸ਼ੇਖ਼ ਹੋਏ ਹਨ। ਆਪ ਦਾ ਜਨਮ 1563 ਈਸਵੀ ਨੂੰ ਸਰਹਿੰਦ (ਭਾਰਤ) ਵਿਖੇ ਹੋਇਆ। ਆਪ ਦਾ ਸਿਲਸਿਲਾ-ਏ-ਨਸਬ ਖ਼ਲੀਫ਼ਾ ਹਜ਼ਰਤ ਉਮਰ ਫ਼ਾਰੂਕ ਨਾਲ ਜਾ ਮਿਲਦਾ ਹੈ। ਆਪ ਦੇ ਪਿਤਾ ਹਜ਼ਰਤ ਸ਼ੇਖ਼ ਅਬਦੁਲ ਅਹਿਦ ਫ਼ਾਰੂਕੀ ਚਿਸ਼ਤੀ ਸਿਲਸਿਲੇ ਦੇ ਸੂਫ਼ੀ ਪੀਰ ਸਨ। ਹਜ਼ਰਤ ਸ਼ੇਖ਼ ਅਹਿਮਦ ਸਰਹਿੰਦੀ ਦਾ ਬਚਪਨ ਸਰਹਿੰਦ ਵਿਖੇ ਬਤੀਤ ਹੋਇਆ। ਆਪਣੇ ਪਿਤਾ ਦੇ ਵਫ਼ਾਤ ਤੋਂ ਬਾਅਦ ਜਦੋਂ ਆਪ ਹੱਜ ਕਰਨ ਦੇ ਇਰਾਦੇ ਨਾਲ ਦਿੱਲੀ ਪਹੁੰਚੇ ਤਾਂ ਇਥੇ ਆਪ ਦਾ ਮੇਲ ਹਜ਼ਰਤ ਖ਼ਵਾਜਾ ਮੁਹੰਮਦ ਬਾਕੀ ਬਿੱਲਾਹ ਬੇਰੰਗ ਨਾਲ ਹੋਇਆ ਜੋ ਭਾਰਤ ਵਿਚ ਨਕਸ਼ਬੰਦੀ ਸੂਫ਼ੀ ਸਿਲਸਿਲੇ ਦੇ ਬਾਨੀ ਸਨ। ਆਪ ਨੇ ਹੱਜ ਕਰਨ ਦਾ ਇਰਾਦਾ ਛੱਡ ਦਿੱਤਾ ਅਤੇ ਹਜ਼ਰਤ ਖ਼ਵਾਜਾ ਬਾਕੀ ਬਿੱਲਾਹ ਦੀ ਮੁਰੀਦੀ ਵਿਚ ਸ਼ਾਮਲ ਹੋ ਗਏ। ਹਜ਼ਰਤ ਖ਼ਵਾਜਾ ਬਾਕੀ ਬਿੱਲਾਹ ਬੇਰੰਗ ਦੀ ਵਫ਼ਾਤ ਤੋਂ ਬਾਅਦ ਆਪ ਉਨ੍ਹਾਂ ਦੇ ਪ੍ਰਮੁੱਖ ਉਤਰਾਧਿਕਾਰੀ ਖ਼ਲੀਫ਼ਾ ਬਣੇ ਅਤੇ ਨਕਸ਼ਬੰਦੀ ਸੂਫ਼ੀ ਸਿਲਸਿਲੇ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਹਜ਼ਰਤ ਸ਼ੇਖ਼ ਅਹਿਮਦ ਸਰਹਿੰਦੀ ਦੀ ਅਜ਼ਮਤ ਦੀ ਚਰਚਾ ਚਾਰੇ ਪਾਸੇ ਹੋਣ ਲੱਗੀ। ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਸਿਜਦਾ ਨਾ ਕਰਨ ਕਰਕੇ ਆਪ ਨੂੰ ਕੈਦ ਕੀਤਾ ਗਿਆ ਲੇਕਿਨ ਬਾਅਦ ਵਿਚ ਜਹਾਂਗੀਰ ਆਪ ਦਾ ਸ਼ਰਧਾਲੂ ਬਣ ਗਿਆ। ਹਜ਼ਰਤ ਸ਼ੇਖ਼ ਅਹਿਮਦ ਸਰਹਿੰਦੀ ਦੀ ਪ੍ਰਸਿੱਧ ਰਚਨਾ 'ਮਕਤੂਬਾਤਿ' ਹੈ ਜਿਸ ਵਿਚ ਆਪ ਦੇ 644 ਪੱਤਰ ਸ਼ਾਮਲ ਹਨ ਜੋ ਦੀਨ ਦੇ ਪ੍ਰਚਾਰ ਹਿੱਤ ਵੱਖ-ਵੱਖ ਵਿਅਕਤੀਆਂ ਨੂੰ ਲਿਖੇ ਗਏ ਸਨ। ਆਪ ਦੀ ਵਫ਼ਾਤ 1625 ਈਸਵੀ ਵਿਚ ਸਰਹਿੰਦ ਵਿਖੇ ਹੋਈ। ਇਥੇ ਹੀ ਆਪ ਦਾ ਰੌਜ਼ਾ ਸ਼ਰੀਫ਼ ਹੈ ਜਿਸ ਦੀ ਗਿਣਤੀ ਭਾਰਤ ਦੀਆਂ ਪ੍ਰਸਿੱਧ ਜ਼ਿਆਰਤਗਾਹਾਂ ਵਿਚ ਕੀਤੀ ਜਾਂਦੀ ਹੈ। ਅੱਜ ਕੱਲ੍ਹ ਰੌਜ਼ਾ ਸ਼ਰੀਫ਼ ਸਰਹਿੰਦ ਵਿਖੇ ਵਰਤਮਾਨ ਜਾ-ਨਸ਼ੀਨ ਖ਼ਲੀਫ਼ਾ ਹਜ਼ਰਤ ਸੱਯਦ ਮੁਹੰਮਦ ਸਾਦਿਕ ਰਜ਼ਾ ਸਾਹਿਬ ਹਨ। •

94634-63193

## ਵਿਚਾਰ ਮੰਥਨ

# ਮਨ ਦੀ ਲਗਾਮ



ਭੌਤਿਕ, ਮਾਨਸਿਕ ਅਤੇ ਅਧਿਆਤਮਕ ਸ਼ਕਤੀਆਂ ਨਾਲ ਮੁਕੰਮਲ ਹੁੰਦਾ ਹੈ ਆਦਮੀ। ਉਹ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰ ਕੇ ਇੱਛਤ ਸਿੱਟੇ ਪ੍ਰਾਪਤ ਕਰ ਸਕਦਾ ਹੈ। ਬਾਲ ਉਮਰ 'ਚ ਸਰੀਰ ਮਨ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦਾ ਹੈ। ਮਨ ਬਹੁਤ ਸਹਿਜਤਾ ਨਾਲ ਸਰੀਰ ਤੋਂ ਆਪਣੇ ਆਦੇਸ਼ਾਂ ਦਾ ਪਾਲਣ ਕਰਵਾ ਸਕਦਾ ਹੈ। ਬਾਅਦ ਵਿਚ ਜਦ ਬੱਚਿਆਂ 'ਚ ਵੱਖ-ਵੱਖ ਆਦਤਾਂ ਦਾ ਵਿਕਾਸ ਹੋ ਜਾਂਦਾ ਹੈ ਤਾਂ ਮਨ ਅਤੇ ਸਰੀਰ ਪਹਿਲਾਂ ਵਾਂਗ ਸੰਜਮ ਨਾਲ ਕੰਮ ਨਹੀਂ ਕਰਦਾ। ਇਕ ਬੱਚੇ ਵਾਂਗ ਸਾਡਾ ਸਰੀਰ ਮਨ ਦੇ ਕਾਬੂ 'ਚ ਹੋਣਾ ਚਾਹੀਦਾ ਹੈ। ਸਰੀਰ ਸਿਰਫ਼ ਸੰਵੇਦਨਾਵਾਂ ਦਾ ਇਕ ਪੁੰਜ ਹੈ। ਸੰਵੇਦਨਾਵਾਂ ਨੂੰ ਆਪਣੇ ਨਾਲੋਂ ਵੱਖ ਕਰਨਾ ਸੁਖਾਲਾ ਨਹੀਂ ਹੈ, ਪਰ ਸਾਨੂੰ ਨਿਰੰਤਰ ਇਸ ਚੇਤਨਾ 'ਚ ਰਹਿਣਾ ਚਾਹੀਦਾ ਕਿ ਆਤਮਾ ਦੇ ਰੂਪ 'ਚ ਪਰਮਾਤਮਾ ਸਾਡੇ ਨਾਲ ਹੈ। ਜਦ ਮਨ, ਸਰੀਰ ਅਤੇ ਉਸ ਦੀਆਂ ਮੰਗਾਂ ਦੇ ਪੂਰੇ ਕੰਟਰੋਲ ਹੇਠ ਹੁੰਦਾ ਹੈ, ਜਿਵੇਂ ਕਿ ਜ਼ਿਆਦਾਤਰ ਲੋਕਾਂ ਨਾਲ ਹੁੰਦਾ ਹੈ ਤਾਂ ਮਨ ਨੂੰ ਸਰੀਰ ਨਾਲੋਂ ਵੱਖ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ। ਆਰੰਭ 'ਚ ਹੌਲੀ-ਹੌਲੀ ਛੋਟੀਆਂ-ਛੋਟੀਆਂ ਵਸਤੂਆਂ ਤੋਂ ਮਨ ਨੂੰ ਵੱਖ ਕਰਨਾ ਉੱਤਮ ਹੁੰਦਾ ਹੈ। ਦਿਵਯ ਚੇਤਨਾ 'ਚ ਤੁਹਾਨੂੰ ਇਹ ਅਨੁਭਵ ਹੁੰਦਾ ਹੈ ਕਿ ਆਤਮਾ ਰੂਪ 'ਚ ਤੁਹਾਡੇ ਕੋਈ ਹੱਥ, ਪੈਰ, ਅੱਖਾਂ ਜਾਂ ਕੰਨ ਨਹੀਂ ਹਨ ਅਤੇ ਨਾ ਹੀ ਤੁਹਾਨੂੰ ਇਨ੍ਹਾਂ ਸਰੀਰਕ ਅੰਗਾਂ ਦੀ ਲੋੜ ਹੈ, ਫਿਰ ਵੀ ਤੁਸੀਂ ਇਨ੍ਹਾਂ ਸਰੀਰਕ ਅੰਗਾਂ ਦੀ ਵਰਤੋਂ ਕਰ ਸਕਦੇ ਹੋ। ਸਿਰਫ਼ ਮਾਨਸਿਕ ਸ਼ਕਤੀ ਦੁਆਰਾ ਸੁਣਨਾ, ਦੇਖਣਾ, ਸੁੰਘਣਾ, ਚੱਖਣਾ ਅਤੇ ਸਪਰਸ਼ ਕਰਨਾ ਸੰਭਵ ਹੈ।

ਕਈ ਸੰਤ ਈਸ਼ਵਰ ਦੀ ਬਾਣੀ ਆਪਣੇ ਕੰਨਾਂ ਨਾਲ ਨਹੀਂ ਆਪਣੇ ਮਨ ਨਾਲ ਸੁਣਦੇ ਹਨ। ਚੇਤਨਾ ਦੀ ਅਜਿਹੀ ਅਵਸਥਾ ਕਾਲਪਨਿਕ ਨਹੀਂ ਹੈ, ਬਲਕਿ ਇਕ ਅਸਲੀ ਅਨੁਭਵ ਹੈ। ਇਹ ਤੁਹਾਡਾ ਅਨੁਭਵ ਨਹੀਂ ਹੋ ਸਕਦਾ, ਜਦ ਤਕ ਕਿ ਤੁਸੀਂ ਧਿਆਨ ਨਾ ਕਰੋ। ਜੇ ਤੁਸੀਂ ਬਹੁਤ ਜ਼ਿਆਦਾ ਭਗਤੀ ਨਾਲ ਧਿਆਨ ਕਰੋ ਤਾਂ ਕਿਸੇ ਦਿਨ ਜਦ ਤੁਹਾਨੂੰ ਇਸ ਦੀ ਰਤਾ ਵੀ ਆਸ਼ਾ ਨਹੀਂ ਹੋਵੇਗੀ, ਤੁਹਾਨੂੰ ਵੀ ਓਹੀ ਅਨੁਭਵ ਹੋਵੇਗਾ। ਗਿਆਨ ਅਤੇ ਇੱਛਾ, ਤਨ ਅਤੇ ਮਨ ਨੂੰ ਕਾਬੂ ਕਰਦਾ ਹੈ। ਗਿਆਨ ਦਾ ਅੰਤਰਗਿਆਨਤਮਿਕ ਸੱਚ ਦਾ ਪ੍ਰਤੱਖ ਗਿਆਨ ਹੈ। ਯੁੱਧ ਦੇ ਸਮੇਂ ਤੈਅ-ਦੂਰੀ ਮਾਪਕ ਯੰਤਰ ਦੀ ਵਰਤੋਂ ਇਹ ਨਿਰਧਾਰਿਤ ਕਰਨ ਲਈ ਕੀਤਾ ਜਾਂਦਾ ਹੈ ਕਿ ਗੋਲਾ ਕਿੱਥੇ ਦਾਗਣਾ ਹੈ। ਜਦ ਦੂਰੀ ਦਾ ਪਤਾ ਲੱਗ ਜਾਂਦਾ ਹੈ, ਤਾਂ ਬੰਦੂਕ ਪ੍ਰਭਾਵਸ਼ਾਲੀ ਢੰਗ ਨਾਲ ਚਲਾਈ ਜਾ ਸਕਦੀ ਹੈ। ਬੁੱਧੀ ਤੁਹਾਡਾ ਦੂਰੀ ਮਾਪਕ ਯੰਤਰ ਹੈ ਅਤੇ ਇੱਛਾ ਤੁਹਾਡੀ ਵਿੰਨ੍ਹਣ ਸ਼ਕਤੀ ਹੈ, ਜੋ ਬੁੱਧੀ ਦੇ ਨਿਰਦੇਸ਼ ਅਨੁਸਾਰ ਤੁਹਾਡੇ ਉਦੇਸ਼ ਨੂੰ ਵਿੰਨ੍ਹਦੀ ਹੈ। ਤੁਹਾਡੀ ਇੱਛਾ ਸਦਾ ਬੁੱਧੀ ਦੁਆਰਾ ਨਿਰਦੇਸ਼ਤ ਹੋਣੀ ਚਾਹੀਦੀ ਹੈ। ਇਕ-ਦੂਜੇ ਬਿਨਾਂ ਕੋਈ ਵੀ ਕਾਰਜ ਸੰਭਵ ਨਹੀਂ ਹੋ ਸਕਦਾ। ਜੇ ਤੁਹਾਡੇ ਕੋਲ ਸਮਝ ਹੈ, ਪਰ ਇਸ ਦੇ ਨਿਰਦੇਸ਼ਾਂ ਦਾ ਪਾਲਣ ਕਰਨ ਲਈ ਲੋੜੀਂਦੀ ਇੱਛਾ ਸ਼ਕਤੀ ਨਹੀਂ ਹੈ ਤਾਂ ਇਹ ਤੁਹਾਡੇ ਲਈ ਕਲਿਆਣਕਾਰੀ ਨਹੀਂ ਹੈ। ਜੇ ਤੁਹਾਡੇ ਕੋਲ ਦ੍ਰਿੜ ਇੱਛਾ ਹੈ, ਪਰ ਬੁੱਧੀ ਨਹੀਂ ਤਾਂ ਉਦੇਸ਼ ਤੋਂ ਥਿੜਕਣ ਅਤੇ ਆਪਣਾ ਨਾਸ਼ ਕਰਨ ਦੀ ਪੂਰੀ ਸ਼ੰਕਾ ਹੈ।

• ਪਰਮਹੰਸ ਯੋਗਾਨੰਦ

# ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ, ਦੁਲੇਅ

**ਪਰਿਵਾਰ ਵਿਛੋੜੇ ਦੀ ਦਰਦਨਾਕ ਘਟਨਾ ਵਾਪਰੀ ਤਾਂ ਗੁਰੂ ਗੋਬਿੰਦ ਸਿੰਘ ਜੀ ਰੋਪੜ ਤੋਂ ਚੱਲ ਕੇ ਚਮਕੌਰ ਸਾਹਿਬ ਪਹੁੰਚੇ। ਇਥੇ ਮੁਗ਼ਲਾਂ ਦੇ ਟਿੱਡੀ ਦਲ ਲਸ਼ਕਰ ਦਾ ਮੁਕਾਬਲਾ, ਗੁਰੂ ਦੇ ਮੁੱਠੀ ਭਰ ਸਿੰਘਾਂ ਨੇ ਕੀਤਾ ਅਤੇ ਦੁਸ਼ਮਣ ਦੇ ਦੰਦ ਖੱਟੇ ਕੀਤੇ...**



ਜ਼ਿਲ੍ਹਾ ਲੁਧਿਆਣਾ ਦੀ ਧਰਤੀ ਨੂੰ ਗੁਰੂਆਂ-ਪੀਰਾਂ, ਸੰਤਾਂ, ਭਗਤਾਂ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਇਸੇ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਦੁਲੇਅ ਨੂੰ ਖ਼ਾਲਸਾ ਪੰਥ ਸਾਜਣ ਵਾਲੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਿੰਡ ਦਾ ਇਤਿਹਾਸਕ ਪੱਖ ਇਹ ਹੈ ਕਿ ਜਦੋਂ ਪਰਿਵਾਰ ਵਿਛੋੜੇ ਦੀ ਦਰਦਨਾਕ ਘਟਨਾ ਵਾਪਰੀ ਤਾਂ ਗੁਰੂ ਗੋਬਿੰਦ ਸਿੰਘ ਜੀ ਰੋਪੜ ਤੋਂ ਚੱਲ ਕੇ ਚਮਕੌਰ ਸਾਹਿਬ ਪਹੁੰਚੇ ਜਿੱਥੇ ਮੁਗ਼ਲਾਂ ਦੇ ਟਿਡੀ ਦਲ ਲਸ਼ਕਰ ਦਾ ਮੁਕਾਬਲਾ, ਮੁੱਠੀ ਭਰ ਸਿੰਘਾਂ ਨੇ ਕੀਤਾ। ਦੁਸ਼ਮਣ ਦੇ ਦੰਦ ਖੱਟੇ ਕੀਤੇ। ਇਥੋਂ ਚੱਲ ਕੇ ਦਸਮੇਸ਼ ਪਾਤਸ਼ਾਹ ਨੇ ਝਾੜ ਸਾਹਿਬ, ਮਾਛੀਵਾੜਾ, ਲੱਲਾ, ਰਾਮਪੁਰ, ਕਨੇਚ ਤੇ ਆਲਮਗੀਰ ਆਦਿ ਪਿੰਡਾਂ ਵਿਚੀ ਹੁੰਦੇ ਹੋਏ 17 ਪੋਹ ਸੰਮਤ 1761 (1704 ਈਸਵੀ) ਨੂੰ ਏਥੇ ਚਰਨ ਪਾਏ ਸਨ ਅਤੇ ਇਕ ਰਾਤ ਵਿਸ਼ਰਾਮ ਕੀਤਾ। ਦਸਮੇਸ਼ ਗੁਰੂ ਜੀ ਨੇ ਭਾਈ ਮਾਨ ਸਿੰਘ ਰਾਹੀਂ ਕਿਲਾ ਰਾਏਪੁਰ ਦੇ ਦੋ ਸਿੱਖ ਸਰਦਾਰਾਂ ਭਾਈ ਜੱਟੂ ਤੇ ਭਾਈ ਸਵਾਈ ਨੂੰ ਇਥੇ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ, ਪਰ ਉਹ ਨਾ ਆਏ।

ਗੁਰੂ ਜੀ ਇਥੋਂ ਚੱਲ ਕੇ ਪਿੰਡ ਰਤਨ (ਟਾਹਲੀ ਸਾਹਿਬ) ਚਲੇ ਗਏ। ਜਦੋਂ ਰਾਇਪੁਰ ਦੀਆਂ ਸ਼ਰਧਾਲੂ ਮਾਈਆਂ ਨੂੰ ਗੁਰੂ ਜੀ ਦੇ ਹੁਕਮ ਨੂੰ ਨਾ ਮੰਨਣ ਦੀ ਬੇਅਦਬੀ ਦਾ ਪਤਾ ਲੱਗਿਆ ਤਾਂ ਉਹ ਪਸ਼ਚਾਤਾਪ ਕਰਨ ਲਈ ਤੇ ਮਾਫ਼ੀ ਮੰਗਣ ਲਈ, ਮਾਈ ਸੁਲੱਖਣੀ ਦੀ ਅਗਵਾਈ ਵਿਚ ਦੁਸ਼ਾਲਾ ਅਤੇ ਪ੍ਰਸ਼ਾਦਾ ਲੈ ਕੇ ਪਿੰਡ ਰਤਨ ਜਾ ਪਹੁੰਚੀਆਂ। ਗੁਰੂ ਜੀ ਨੇ ਇਨ੍ਹਾਂ ਦੀ ਸ਼ਰਧਾ ਤੋਂ ਖ਼ੁਸ਼ ਹੋ ਕੇ ਵਰਦਾਨ ਦਿੱਤਾ ਸੀ "ਤੁਸੀਂ ਰਾਜ ਕਰੋਗੇ। ਸਰਦਾਰੀਆਂ ਕਾਇਮ ਹੋਣਗੀਆਂ।" ਜਿਸ ਫਲਾਹੀ ਨਾਲ ਹਜ਼ੂਰ ਨੇ ਆਪਣਾ ਨੀਲਾ ਘੋੜਾ ਬੰਨ੍ਹਿਆ ਸੀ 1970-71 ਤੋਂ ਇਹ ਇਤਿਹਾਸਕ ਫਲਾਹੀ ਸਾਹਿਬ ਦਾ ਦਰੱਖਤ ਟੁੱਟਦਾ ਗਿਆ। ਜੱਥੇਦਾਰ ਸੰਤੋਖ ਸਿੰਘ ਨੇ ਇਹ ਦਰੱਖ਼ਤ ਦੇ ਹਿੱਸ ਸੰਭਾਲ ਕੇ ਰੱਖਵਾ ਦਿੱਤੇ ਤਾਂ ਜੋ ਸੰਗਤਾਂ ਦਰਸ਼ਨ ਕਰ ਸਕਣ। ਮਹਾਰਾਜ ਦੀ ਅਸਚਰਜ ਲੀਲਾ ਹੈ ਕਿ ਇਸ ਮੁੱਢ ਵਿੱਚੋਂ ਫਲਾਹੀ ਸਾਹਿਬ ਦਾ ਨਵਾਂ ਰੁੱਖ ਆਪਣੇ ਆਪ ਪੈਦਾ ਹੋਇਆ ਹੈ। ਇਥੇ ਨੇੜਿਓ ਹੀ ਉੱਚੇ ਟਿੱਬੇ ਦੀ ਖੁਦਾਈ ਕਰਦਿਆਂ ਪੁਰਾਤਨ ਸ਼ਸਤਰ ਪ੍ਰਾਪਤ ਹੋਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਅਸਥਾਨ 'ਤੇ ਆਉਣ ਦੀ ਯਾਦ ਵਿਚ ਹਰ ਸਾਲ ਬੜਾ ਭਾਰੀ ਦੀਵਾਨ ਸਜਦਾ ਹੈ।

• ਤਸਵਿੰਦਰ ਸਿੰਘ ਬੜੈਚ
98763-22677

# ਨਵੇਂ ਸਾਲ 'ਤੇ ਸ਼ਹਿਰ ਵਾਸੀਆਂ ਨੂੰ ਨਗਰ ਨਿਗਮ ਦਾ ਵੱਡਾ ਤੋਹਫ਼ਾ: ਮੇਅਰ



**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਦੇ ਮੇਅਰ ਵਲੋ ਸ਼ਹਿਰ ਵਾਸੀਆਂ ਨੂੰ ਅਵਾਰਾ ਕੁੱਤਿਆਂ ਤੋਂ ਨਿਜਾਤ ਪਾਉਣ ਦੇ ਲਈ ਨਵੇਂ ਸਾਲ ਮੌਕੇ ਵਿਸ਼ੇਸ਼ ਤੋਹਫਾ ਦੇਣ ਦੀ ਤਿਆਰੀ ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਵਧ ਰਹੀ ਸਮੱਸਿਆ ਨੂੰ ਲੈ ਕੇ ਮਹੱਤਵਪੂਰਨ ਕਦਮ ਚੁੱਕਦਿਆਂ ਨਗਰ ਨਿਗਮ ਪਟਿਆਲਾ ਵੱਲੋਂ ਘੱਲੋੜੀ ਗੇਟ ਮੜੀਆਂ ਦੇ ਕੋਲ ਪਈ ਸਰਕਾਰੀ ਕਾਰਪੋਰੇਸ਼ਨ ਦੀ ਜ਼ਮੀਨ 'ਤੇ ਡੌਗ ਸ਼ੈਲਟਰ ਹਾਊਸ ਬਣਾਉਣ ਦੀ ਤਿਆਰੀਆਂ ਸ਼ੁਰੂ ਹੋਣ ਜਾ ਰਹੀਆਂ ਹਨ। ਇਹ ਸ਼ੈਲਟਰ ਹਾਊਸ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਨੂੰ ਸੁਰੱਖਿਅਤ ਥਾਂ ਤੇ ਰੱਖਣ ਦੇ ਨਾਲ ਨਾਲ, ਉਨ੍ਹਾਂ ਦੀ ਦੇਖਭਾਲ, ਟੀਕਾਕਰਣ ਅਤੇ ਖੁਰਾਕ ਦੀ ਜ਼ਿੰਮੇਵਾਰੀ ਨਿਗਮ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਜਾਵੇਗੀ। ਦੱਸਣ ਯੋਗ ਹੈ ਕਿ ਲਗਭਗ 50 ਲੱਖ ਤੋਂ 1 ਕਰੋੜ ਰੁਪਏ ਦੇ ਵਿਚਕਾਰ ਇਸ ਸ਼ੈਲਟਰ ਹਾਊਸ ਤੇ ਖਰਚ ਹੋਣ ਦੀ ਸੰਭਾਵਨਾ ਹੈ ਅਤੇ ਕੰਮ ਦੀ ਪ੍ਰਕਿਰਿਆ ਜਲਦੀ ਸ਼ੁਰੂ ਕੀਤੀ ਜਾਵੇਗੀ। ਇਹ ਸ਼ੈਲਟਰ ਹਾਊਸ ਬਣਨ ਨਾਲ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਘਣਤਾ ਨਿਯੰਤਰਿਤ ਹੋਵੇਗੀ, ਸੜਕਾ 'ਤੇ ਦੌੜਦੇ ਕੁੱਤਿਆਂ ਕਰਕੇ ਬਣਦਾ ਡਰ ਘਟੇਗਾ ਅਤੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਲਈ ਸੁਰੱਖਿਆ ਦਾ ਮਾਹੌਲ ਤਿਆਰ ਹੋਵੇਗਾ।

ਮੇਅਰ ਵਲੋ ਦੱਸਿਆ ਗਿਆ ਕਿ ਇਸ ਦੇ ਨਾਲ ਹੀ ਨਵੇਂ ਸਾਲ ਦੇ ਮੌਕੇ ਜਿਹੜੀਆ ਸੜਕਾਂ ਦੇ ਕੰਮ ਚੱਲ ਰਹੇ ਹਨ ਉਨ੍ਹਾਂ ਸੜਕਾਂ ਦੇ ਕੰਮ ਤੇਜ਼ੀ ਨਾਲ ਖਤਮ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਜਿਹੜੀ ਸੜਕਾਂ ਦਾ ਪੈਚ ਵਰਕ ਹੋਣ ਵਾਲਾ ਹੈ ਉਹਨਾਂ ਨੂੰ ਵੀ ਤੇਜ਼ੀ ਨਾਲ ਖਤਮ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਮੇਅਰ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਨਵੇਂ ਸਾਲ 'ਤੇ ਸੁਰੱਖਿਆ ਅਤੇ ਸੁਵਿਧਾ ਦਾ ਤੋਹਫ਼ਾ ਦੇਣਾ ਸਾਡਾ ਮੁੱਖ ਉਦੇਸ਼ ਹੈ। ਅਵਾਰਾ ਕੁੱਤਿਆਂ ਦਾ ਮਸਲਾ ਲੰਬੇ ਸਮੇਂ ਤੋਂ ਸੀ, ਪਰ ਹੁਣ ਇਸਦਾ ਪੱਕਾ ਹੱਲ ਕੱਢ ਕੇ ਸ਼ਹਿਰ ਵਾਸੀਆਂ ਨੂੰ ਰਾਹਤ ਦਿੱਤੀ ਜਾਵੇਗੀ। ਨਵੀਆਂ ਸੜਕਾਂ ਤੇ ਡੌਗ ਸ਼ੈਲਟਰ ਹਾਊਸ ਦੋਵੇਂ ਪ੍ਰੋਜੈਕਟ ਪਟਿਆਲਾ ਨੂੰ ਹੋਰ ਵਧੀਆ ਤੇ ਸੁਰੱਖਿਅਤ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੇ।

ਇਸ ਮੌਕੇ ਐਮ ਸੀ ਜਸਬੀਰ ਗਾਂਧੀ ,ਐਮ ਸੀ ਗੁਰ ਕਿਰਪਾਲ, ਭੁਪਿੰਦਰ ਸਿੰਘ, ਹਰਜੀਤ ਸਿੰਘ, ਬਲਾਕ ਇੰਚਾਰਜ ਚਰਨਜੀਤ ਸਿੰਘ ਐਸ ਕੇ ਅਤੇ ਬਲਾਕ ਇੰਚਾਰਜ ਦੀਪਕ ਮਿੱਤਲ ਵੀ ਹਾਜ਼ਰ ਰਹੇ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ਼ ਪਟਿਆਲਾ ਦੀ ਨੁਹਾਰ ਨਿਖਾਰੇਗਾ, ਸਗੋਂ ਨਗਰ ਨਿਗਮ ਵੱਲੋਂ ਸਮਾਜਿਕ ਜ਼ਿੰਮੇਵਾਰੀ ਨੂੰ ਪੂਰਾ ਕਰਨ ਵੱਲ ਇਕ ਵੱਡਾ ਕਦਮ ਹੈ।

# ਪੀਸੀਐਸ ਇਮਤਿਹਾਨ ਵਿੱਚ ਪੰਜਾਬੀ ਨੂੰ ਜਾਣਬੁੱਝ ਕੇ ਕਮਜ਼ੋਰ ਕਰਕੇ ਬਾਹਰਲੇ ਉਮੀਦਵਾਰਾਂ ਨੂੰ ਫ਼ਾਇਦਾ ਦੇ ਰਹੀ ਹੈ 'ਆਪ' ਸਰਕਾਰ: ਸਰਬਜੀਤ ਸਿੰਘ ਝਿੰਜਰ

**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਘਨੌਰ ਦੇ ਇੰਚਾਰਜ ਸਰਬਜੀਤ ਸਿੰਘ ਝਿੰਜਰ ਨੇ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਆਰੋਪ ਲਗਾਇਆ ਕਿ ਪੀਸੀਐਸ (ਪੰਜਾਬ ਸਿਵਲ ਸਰਵਿਸਜ਼) ਇਮਤਿਹਾਨ ਵਿੱਚ ਪੰਜਾਬੀ ਦੀ ਭੂਮਿਕਾ ਨੂੰ ਜਾਣਬੁੱਝ ਕੇ ਘਟਾਇਆ ਜਾ ਰਿਹਾ ਹੈ। ਉਨ੍ਹਾਂ ਨੇ ਇਸ ਨੂੰ ਪੰਜਾਬ ਦੇ ਨੌਜਵਾਨਾਂ ਨੂੰ ਪਿੱਛੇ ਧੱਕਣ ਅਤੇ ਬਾਹਰਲੇ ਰਾਜਾਂ ਤੋਂ ਆਏ ਉਮੀਦਵਾਰਾਂ ਨੂੰ ਅੱਗੇ ਲਿਆਉਣ ਦੀ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ।

ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਅਕਾਲੀ ਸਰਕਾਰ ਦੌਰਾਨ 2012, 2014 ਅਤੇ 2015 ਵਿੱਚ ਨਿਯਮਿਤ ਤੌਰ 'ਤੇ ਪੀਸੀਐਸ ਦੇ ਇਮਤਿਹਾਨ ਕਰਵਾਏ ਗਏ ਸਨ ਅਤੇ ਬਾਅਦ ਵਿੱਚ ਕਾਂਗਰਸ ਸਰਕਾਰ ਨੇ 2018 ਅਤੇ 2021 ਵਿੱਚ ਵੀ ਇਹ ਪ੍ਰਕਿਰਿਆ ਜਾਰੀ ਰੱਖੀ। ਪਰ ਆਪ ਸਰਕਾਰ ਦੇ ਰਾਜ ਵਿੱਚ ਬਿਨਾਂ ਕਿਸੇ ਸਪੱਸ਼ਟ ਕਾਰਨ ਚਾਰ ਸਾਲਾਂ ਦਾ ਵੱਡਾ ਅੰਤਰ ਆ ਗਿਆ ਅਤੇ ਹੁਣ 2025 ਵਿੱਚ ਪ੍ਰੀਖਿਆ ਕਰਵਾਈ ਜਾ ਰਹੀ ਹੈ, ਜੋ ਸਰਕਾਰ ਦੀ ਨੀਅਤ ਅਤੇ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਪੀਸੀਐਸ ਦੇ ਪ੍ਰਸ਼ਨ ਪੱਤਰਾਂ ਵਿੱਚ 20 ਤੋਂ 30 ਫੀਸਦੀ ਤੱਕ ਪ੍ਰਸ਼ਨ ਪੰਜਾਬ, ਪੰਜਾਬੀ ਭਾਸ਼ਾ, ਇਤਿਹਾਸ ਅਤੇ ਸਭਿਆਚਾਰ ਨਾਲ ਸੰਬੰਧਿਤ ਹੁੰਦੇ ਸਨ, ਜਿਸ ਨਾਲ ਸਥਾਨਕ ਉਮੀਦਵਾਰਾਂ ਨੂੰ ਯੋਗ ਪ੍ਰਤੀਨਿਧਿਤਾ ਮਿਲਦੀ ਸੀ। ਪਰ ਤਾਜ਼ਾ ਪ੍ਰੀਖਿਆ ਵਿੱਚ ਪੰਜਾਬੀ ਨੂੰ ਜਾਣਬੁੱਝ ਕੇ ਪਿੱਛੇ ਧੱਕ ਦਿੱਤਾ ਗਿਆ ਹੈ। ਇੱਕ ਪ੍ਰਸ਼ਨ ਪੱਤਰ ਵਿੱਚ 80 ਵਿੱਚੋਂ ਕੇਵਲ 8 ਪ੍ਰਸ਼ਨ ਅਤੇ ਦੂਜੇ ਵਿੱਚ 100 ਵਿੱਚੋਂ ਸਿਰਫ਼ 5 ਪ੍ਰਸ਼ਨ ਪੰਜਾਬ ਨਾਲ ਸੰਬੰਧਿਤ ਰੱਖੇ ਗਏ ਹਨ, ਜੋ ਪੰਜਾਬੀ ਨਾਲ ਖੁੱਲ੍ਹੇ ਭੇਦਭਾਵ ਨੂੰ ਦਰਸਾਉਂਦਾ ਹੈ।

ਯੂਥ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਵੱਡੀ ਕਟੌਤੀ ਕੋਈ ਇਤਫ਼ਾਕ ਨਹੀਂ, ਸਗੋਂ ਬਾਹਰਲੇ ਅਤੇ ਗੈਰ-ਪੰਜਾਬੀ ਉਮੀਦਵਾਰਾਂ ਲਈ ਪ੍ਰੀਖਿਆ ਨੂੰ ਅਨੁਕੂਲ ਬਣਾਉਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ, ਤਾਂ ਜੋ ਉਨ੍ਹਾਂ ਨੂੰ ਪੰਜਾਬ ਦੇ ਪ੍ਰਸ਼ਾਸਨਿਕ ਤੰਤਰ ਵਿੱਚ ਸ਼ਾਮਲ ਕੀਤਾ ਜਾ ਸਕੇ ਅਤੇ ਸੂਬੇ ਦੇ ਆਪਣੇ ਨੌਜਵਾਨਾਂ ਦੇ ਹੱਕ ਮਾਰੇ ਜਾਣ।

ਉਨ੍ਹਾਂ ਨੇ ਕਿਹਾ, ਪੰਜਾਬੀ ਪੰਜਾਬ ਦੀ ਸਰਕਾਰੀ ਭਾਸ਼ਾ ਹੈ, ਇਸ ਦੇ ਬਾਵਜੂਦ ਇਸ ਸਰਕਾਰ ਨੇ ਪੀਸੀਐਸ ਇਮਤਿਹਾਨ ਵਿੱਚ ਇਸ ਦੀ ਮਹੱਤਤਾ ਨੂੰ ਕਮਜ਼ੋਰ ਕੀਤਾ ਹੈ। ਸਾਲਾਂ ਤੱਕ ਇਮਤਿਹਾਨ ਨੂੰ ਟਾਲਣਾ ਅਤੇ ਫਿਰ ਪੰਜਾਬੀ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਘਟਾਉਣਾ ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਨੌਜਵਾਨ ਵਿਰੋਧੀ ਸੋਚ ਨੂੰ ਬੇਨਕਾਬ ਕਰਦਾ ਹੈ। ਝਿੰਜਰ ਨੇ ਕਿਹਾ ਕਿ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਪ੍ਰੀਖਿਆ ਰਾਹੀਂ ਪੰਜਾਬ ਪੀ.ਸੀ.ਐਸ. ਲਈ ਜਿਹੜੇ ਵਿਦਿਆਰਥੀ ਚੁਣੇ ਜਾਣੇ ਹਨ, ਉਹਨਾਂ ਲਈ ਪੰਜਾਬ ਦੇ ਭੂਗੋਲਿਕ ਖਿੱਤਿਆਂ, ਅਰਥਚਾਰੇ, ਖੇਤੀਬਾੜੀ ਅਤੇ ਸਮਾਜਕ ਢਾਂਚੇ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਪਰ ਇਸ ਪੇਪਰ ਵਿੱਚੋਂ ਪੰਜਾਬ ਦੇ ਭੂਗੋਲ ਅਤੇ ਅਰਥਚਾਰੇ ਨੂੰ ਜਾਨਬੁੱਝ ਕੇ ਬਾਹਰ ਰੱਖਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਬਾਹਰਲੇ ਰਾਜਾਂ ਦੇ ਉਮੀਦਵਾਰਾਂ ਨੂੰ ਫ਼ਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।



ਇਹ ਸਪਸ਼ਟ ਸੱਚ ਹੈ ਕਿ ਜੋ ਵਿਦਿਆਰਥੀ ਪੰਜਾਬ ਦੇ ਪਿੰਡਾਂ, ਖੇਤਾਂ ਅਤੇ ਜ਼ਮੀਨੀ ਹਕੀਕਤ ਨਾਲ ਜੁੜਿਆ ਹੋਇਆ ਹੈ, ਉਹੀ ਪੰਜਾਬ ਦੇ ਧਰਾਤਲ, ਖੇਤੀਬਾੜੀ ਪ੍ਰਣਾਲੀ ਅਤੇ ਸਮਾਜਕ ਬਣਤਰ ਨੂੰ ਸਹੀ ਢੰਗ ਨਾਲ ਸਮਝ ਸਕਦਾ ਹੈ। ਕੋਈ ਵੀ ਬਾਹਰੀ ਉਮੀਦਵਾਰ ਪੰਜਾਬ ਦੀ ਜ਼ਮੀਨੀ ਹਕੀਕਤ ਬਾਰੇ ਉਸ ਦਰਜੇ ਦੀ ਸਮਝ ਨਹੀਂ ਰੱਖ ਸਕਦਾ।

ਝਿੰਜਰ ਨੇ ਦੱਸਿਆ ਕਿ ਪੰਜਾਬ ਜੀ.ਕੇ. ਦੇ ਤਿੰਨੋ ਪ੍ਰਸ਼ਨ ਇੱਕੋ ਹੀ ਡੋਮੇਨ—ਲਿਟਰੇਚਰ—ਵਿੱਚੋਂ ਪੁੱਛੇ ਗਏ, ਜਿਸ ਨਾਲ ਸਿਲੇਬਸ ਦੀ ਕੋਈ ਵਿਭਿੰਨਤਾ ਨਹੀਂ ਦਿਖਾਈ ਦਿੱਤੀ। ਇਹ ਗੱਲ ਪ੍ਰੀਖਿਆ ਦੀ ਨਿਰਪੱਖਤਾ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਂਦੀ ਹੈ।

ਉਨ੍ਹਾਂ ਕਿਹਾ ਕਿ ਗਰੁੱਪ 'ਸੀ' ਦੀਆਂ ਭਰਤੀਆਂ ਵਿੱਚ ਭਾਰਤੀਆਂ (ਬਾਹਰੀ ਉਮੀਦਵਾਰਾਂ) ਲਈ ਪੰਜਾਬ ਜੀ.ਕੇ. 20 ਅੰਕ ਅਤੇ ਪੰਜਾਬੀ ਵਿਆਕਰਣ 15 ਅੰਕ ਰੱਖੇ ਗਏ ਹਨ, ਜਿਸਦਾ ਮੁੱਖ ਉਦੇਸ਼ ਪੰਜਾਬੀ ਉਮੀਦਵਾਰਾਂ ਨੂੰ ਫ਼ਾਇਦਾ ਪਹੁੰਚਾਉਣਾ ਹੈ। ਜੇਕਰ ਇਹ ਸ਼ਰਤ ਗਰੁੱਪ 'ਸੀ' ਵਿੱਚ ਰੱਖੀ ਜਾ ਸਕਦੀ ਹੈ, ਤਾਂ ਗਰੁੱਪ 'ਏ' ਵਿੱਚ ਇਹੀ ਨੀਤੀ ਕਿਉਂ ਨਹੀਂ ਅਪਣਾਈ ਗਈ ? ਕੀ ਪੰਜਾਬੀਆਂ ਨੂੰ ਸਿਰਫ਼ ਗਰੁੱਪ 'ਸੀ' ਤੱਕ ਹੀ ਸੀਮਤ ਰੱਖਣਾ ਹੈ ? ਕੀ ਗਰੁੱਪ 'ਏ' ਦੀਆਂ ਪੋਸਟਾਂ 'ਤੇ ਪੰਜਾਬ ਅਤੇ ਪੰਜਾਬੀਆਂ ਦਾ ਕੋਈ ਹੱਕ ਨਹੀਂ ? ਇਸ ਪ੍ਰੀਖਿਆ ਵਿੱਚ ਪੰਜਾਬ ਦੇ ਭੂਗੋਲਿਕ ਖਿੱਤਿਆਂ ਅਤੇ ਜੌਗਰਾਫੀ ਨਾਲ ਸੰਬੰਧਿਤ ਇਕ ਵੀ ਪ੍ਰਸ਼ਨ ਨਾ ਪੁੱਛਿਆ ਜਾਣਾ ਇਸ ਗੱਲ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਬਾਹਰਲੇ ਉਮੀਦਵਾਰਾਂ ਨੂੰ ਜਾਣਬੁੱਝ ਕੇ ਫ਼ਾਇਦਾ ਦਿੱਤਾ ਗਿਆ। ਕਿਉਂਕਿ ਭੂਗੋਲਿਕ ਖਿੱਤਿਆਂ ਬਾਰੇ ਗਹਿਰੀ ਜਾਣਕਾਰੀ ਪੰਜਾਬ ਦੇ ਬੱਚਿਆਂ ਨੂੰ ਹੋਵੇਗੀ, ਨਾ ਕਿ ਬਾਹਰੀਆਂ ਨੂੰ।

ਝਿੰਜਰ ਨੇ ਕਿਹਾ ਕਿ ਸਿਵਲ ਸਰਵਿਸ ਪ੍ਰੀਖਿਆਵਾਂ ਵਿੱਚ ਆਪਣੇ ਰਾਜ ਦੇ ਉਮੀਦਵਾਰਾਂ ਨੂੰ ਤਰਜੀਹ ਦੇਣ ਦੀ ਉੱਤਮ ਉਦਾਹਰਨ ਸਾਡੇ ਗੁਆਂਢੀ ਸੂਬੇ ਰਾਜਸਥਾਨ ਤੋਂ ਮਿਲਦੀ ਹੈ। ਅਕਤੂਬਰ 2025 ਵਿੱਚ ਹੋਈ ਰਾਜਸਥਾਨ ਸਿਵਲ ਸਰਵਿਸ ਪ੍ਰੀਖਿਆ ਵਿੱਚ 150 ਵਿੱਚੋਂ 43 ਪ੍ਰਸ਼ਨ ਰਾਜਸਥਾਨ ਜੀ.ਕੇ. ਨਾਲ ਸੰਬੰਧਿਤ ਸਨ, ਜੋ ਲਗਭਗ 30% ਬਣਦੇ ਹਨ। ਇਸਦਾ ਸਿੱਧਾ ਅਰਥ ਇਹ ਹੈ ਕਿ ਰਾਜਸਥਾਨ ਪਬਲਿਕ ਸਰਵਿਸ ਕਮਿਸ਼ਨ ਨੇ ਬਾਹਰੀ ਰਾਜਾਂ ਦੇ ਉਮੀਦਵਾਰਾਂ ਲਈ ਪਹਿਲੀ ਪ੍ਰੀਲਿਮਿਨਰੀ ਪ੍ਰੀਖਿਆ ਵਿੱਚ ਹੀ ਦਰਵਾਜ਼ੇ ਬੰਦ ਕਰ ਦਿੱਤੇ।

ਪਰ ਇਸਦੇ ਉਲਟ, ਪੰਜਾਬ ਵਿੱਚ ਇੱਕ ਹਾਸੋਹੀਣੀ ਅਤੇ ਸ਼ੱਕਪੂਰਨ ਸਥਿਤੀ ਪੈਦਾ ਕੀਤੀ ਗਈ। ਜਾਣਬੁੱਝ ਕੇ ਪੰਜਾਬ ਦੇ ਇਤਿਹਾਸ, ਭੂਗੋਲ, ਸੱਭਿਆਚਾਰ, ਅਰਥਚਾਰੇ, ਗੁਰਮੁਖੀ ਅਤੇ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਸਵਾਲ ਨਾ ਪੁੱਛ ਕੇ ਬਾਹਰੀ ਉਮੀਦਵਾਰਾਂ ਨੂੰ ਹਰ ਹੀਲੇ ਨਾਲ ਅਫ਼ਸਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।

ਉਨ੍ਹਾਂ ਕਿਹਾ ਕਿ ਇਹ ਨੁਕਤਾ ਵੀ ਅਤਿਅੰਤ ਗੰਭੀਰ ਹੈ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸੈਕਟਰੀ ਵੱਲੋਂ ਪੇਪਰ ਤੋਂ ਪਹਿਲਾਂ ਸਪਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਪ੍ਰੀਖਿਆ ਵਿੱਚ ਪੰਜਾਬ ਦੇ ਇਤਿਹਾਸ, ਭੂਗੋਲ, ਸੱਭਿਆਚਾਰ ਅਤੇ ਅਰਥਵਿਵਸਥਾ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਬਿਆਨ ਦੇ ਆਧਾਰ 'ਤੇ ਪੰਜਾਬੀ ਅਤੇ ਪੇਂਡੂ ਪਿਛੋਕੜ ਵਾਲੇ ਉਮੀਦਵਾਰਾਂ ਨੇ ਇਸ ਭਾਗ 'ਤੇ ਵਿਸ਼ੇਸ਼ ਧਿਆਨ ਦੇ ਕੇ ਤਿਆਰੀ ਕੀਤੀ। ਪਰ ਪ੍ਰੀਖਿਆ ਵਿੱਚ ਇਹ ਸਭ ਕੁਝ ਨਜ਼ਰਅੰਦਾਜ਼ ਕਰਕੇ ਪੰਜਾਬੀ ਉਮੀਦਵਾਰਾਂ ਨਾਲ ਸਾਫ਼ ਧੋਖ਼ ਕੀਤਾ ਗਿਆ ਅਤੇ ਬਾਹਰੀ ਰਾਜਾਂ ਦੇ ਚਹੇਤੇ ਉਮੀਦਵਾਰਾਂ ਨੂੰ ਫ਼ਾਇਦਾ ਪਹੁੰਚਾਉਣ ਵਾਲਾ ਪੇਪਰ ਤਿਆਰ ਕੀਤਾ ਗਿਆ।

ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਜੋ ਅਫ਼ਸਰ ਪੰਜਾਬੀ ਨਹੀਂ ਸਮਝਦੇ, ਉਹ ਸੂਬੇ ਦੇ ਲੋਕਾਂ ਦੀ ਢੰਗ ਨਾਲ ਸੇਵਾ ਨਹੀਂ ਕਰ ਸਕਦੇ। ਇਹ ਪੰਜਾਬੀਅਤ, ਸਾਡੀ ਭਾਸ਼ਾ ਅਤੇ ਪੰਜਾਬ ਦੇ ਨੌਜਵਾਨਾਂ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਆਪ ਸਰਕਾਰ ਨੂੰ ਦੱਸਣਾ ਪਵੇਗਾ ਕਿ ਪੰਜਾਬੀ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ ਅਤੇ ਪੀਸੀਐਸ ਦੀ ਪ੍ਰਕਿਰਿਆ ਨਾਲ ਛੇੜਛਾੜ ਕਿਉਂ ਕੀਤੀ ਗਈ, ਉਨ੍ਹਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕਦਮਾਂ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

# ਧੂਰੀ ਸ਼ਹਿਰ ਦੇ 255 ਲਾਭਪਾਤਰੀਆਂ ਨੂੰ ਪੱਕੇ ਮਕਾਨਾਂ ਦੇ ਮਨਜ਼ੂਰੀ ਪੱਤਰ ਸੌਂਪੇ

## ਸਰਕਾਰੀ ਸਕੀਮਾਂ ਦੇ ਲਾਭ ਤੋਂ ਵਾਂਝਾ ਨਹੀਂ ਰਹੇਗਾ ਕੋਈ ਵੀ ਯੋਗ ਲਾਭਪਤਾਰੀ : ਓ.ਐਸ.ਡੀ. ਸੁਖਵੀਰ ਸਿੰਘ



**ਧੂਰੀ/ਸੰਗਰੂਰ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਅਤੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਅੱਜ ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਧੂਰੀ ਸ਼ਹਿਰ ਦੇ 255 ਲਾਭਪਾਤਰੀਆਂ ਨੂੰ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ ਗ੍ਰਾਂਟ ਦੇ ਪ੍ਰਵਾਨਗੀ ਪੱਤਰਾਂ ਦੀ ਵੰਡ ਕੀਤੀ।

ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਦਾ ਪੁੱਜਦਾ ਕਰ ਰਹੀ ਹੈ ਤੇ ਕੋਈ ਵੀ ਯੋਗ ਲਾਭਪਾਤਰੀ ਸਰਕਾਰੀ ਸਕੀਮਾਂ ਦਾ ਲਾਭ ਲੈਣ ਤੋਂ ਵਾਂਝਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਅੱਜ 255 ਲਾਭਪਾਤਰੀਆਂ ਨੂੰ ਪਹਿਲੇ ਫੇਜ਼ ਵਿੱਚ ਮਨਜ਼ੂਰੀ ਪੱਤਰ ਪ੍ਰਦਾਨ ਕੀਤੇ ਗਏ ਹਨ ਅਤੇ ਆਉਂਦੇ ਦਿਨਾਂ ਵਿੱਚ ਰਹਿੰਦੇ 195 ਲਾਭਪਾਤਰੀਆਂ ਨੂੰ ਵੀ ਮਨਜ਼ੂਰੀ ਪੱਤਰ ਸੌਂਪੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਲੋੜਵੰਦ ਲਾਭਪਾਤਰੀਆਂ ਨੂੰ ਕਿਸ਼ਤਾਂ ਵਿੱਚ 2 ਲੱਖ 50 ਹਜ਼ਾਰ ਰੁਪਏ ਕੱਚੇ ਘਰਾਂ ਨੂੰ ਪੱਕੇ ਬਣਾਉਣ ਲਈ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਭਪਾਤਰੀਆਂ ਦੀ ਚੋਣ ਬਿਨਾਂ ਕਿਸੇ ਸਿਫ਼ਾਰਿਸ਼ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ। ਉਹਨਾਂ ਲਾਭਪਾਤਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਲਈ ਇਸੇ ਤਰ੍ਹਾਂ ਕਾਰਜਸ਼ੀਲ ਰਹੇਗੀ।

ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ "ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹੈ, ਇਸ ਲਈ ਰਾਜ ਦੇ ਹਰੇਕ ਵਰਗ ਦੀਆਂ ਲੋੜਾਂ ਮੁਤਾਬਕ ਪੰਜਾਬ ਸਰਕਾਰ ਯੋਜਨਾਬੱਧ ਢੰਗ ਨਾਲ ਵਿੱਤੀ ਪ੍ਰਬੰਧ ਕਰਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾ ਰਹੀ ਹੈ।"

ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਨੇ ਆਪਣੇ ਵਿਧਾਨ ਸਭਾ ਹਲਕੇ ਧੂਰੀ ਦੇ ਵਿਕਾਸ ਲਈ ਪਹਿਲੇ ਦਿਨ ਤੋਂ ਹੀ ਖ਼ਜ਼ਾਨੇ ਦਾ ਮੂੰਹ ਖੋਲ੍ਹਿਆ ਹੋਇਆ ਹੈ, ਜਿਸ ਸਦਕਾ ਧੂਰੀ ਹਲਕੇ ਦੀ ਪਿਛਲੇ ਪੌਣੇ ਚਾਰ ਸਾਲ ਵਿੱਚ ਕਾਇਆ ਕਲਪ ਹੋਈ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਧੂਰੀ ਲਈ ਹੋਰ ਵੱਡੇ ਵਿਕਾਸ ਕਾਰਜ ਅਰੰਭੇ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਪਹਿਲੇ ਦਿਨ ਤੋਂ ਹੀ ਵਿਕਾਸ ਲਈ ਪੰਜਾਬ ਸਰਕਾਰ ਦੇ ਖ਼ਜ਼ਾਨੇ ਦਾ ਮੂੰਹ ਖੋਲਿਆ ਹੋਇਆ ਹੈ ਜਿਸ ਸਦਕਾ ਸੂਬੇ ਤੇਜ਼ੀ ਨਾਲ ਵਿਕਾਸ ਦੀਆਂ ਲੀਹਾਂ 'ਤੇ ਅੱਗੇ ਵੱਧ ਰਿਹਾ ਹੈ।

ਇਸ ਮੌਕੇ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਮੈਂਬਰ ਪੰਜਾਬ ਵਕਫ਼ ਬੋਰਡ ਡਾ. ਅਨਵਰ ਖ਼ਾਨ, ਡਾਇਰੈਕਟਰ ਅਨਿਲ ਮਿੱਤਲ, ਡਾਇਰੈਕਟਰ ਸ਼ੂਗਰ ਫੈਡ ਜਸਪਾਲ ਸਿੰਘ ਭੁੱਲਰ, ਸਤਿੰਦਰ ਸਿੰਘ ਚੱਠਾ, ਸ਼ਾਮ ਸਿੰਗਲਾ, ਬਲਜੀਤ ਕੌਰ, ਅਮਰੀਕ ਸਿੰਘ, ਅਮਰਦੀਪ ਸਿੰਘ ਧਾਂਦਰਾ, ਲਾਭ ਸਿੰਘ, ਪਰਮਿੰਦਰ ਸਿੰਘ ਪੂਨੂੰ, ਗੁਰਿੰਦਰ ਕੌਰ, ਬਲਦੇਵ ਸਿੰਘ, ਸੁਖਪਾਲ ਸਿੰਘ ਪਾਲਾ, ਅਜੈਬ ਸਿੰਘ, ਮਿਲਖ ਰਾਜ, ਵੀਰਭਾਨ, ਨਰੇਸ਼ ਸਿੰਗਲਾ ਸਮੇਤ ਵੱਡੀ ਗਿਣਤੀ ਲਾਭਪਾਤਰੀ ਤੇ ਧੂਰੀ ਵਾਸੀ ਮੌਜੂਦ ਸਨ।

# ਧੁੰਦ ਕਾਰਨ ਘੱਗਰ ਬਰਾਂਚ ਨਹਿਰ ਵਿੱਚ ਡਿੱਗੀ ਬੋਲੈਰੋ; ਸਵਾਰੀਆਂ ਸੁਰੱਖਿਅਤ





**ਲਹਿਰਾਗਾਗਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਘਣੀ ਧੁੰਦ ਕਾਰਨ ਲਹਿਰਾਗਾਗਾ ਨੇੜੇ ਘੱਗਰ ਬਰਾਂਚ ਨਹਿਰ ਦੀ ਪੱਟੜੀ ਉੱਤੇ ਬਣੀ ਸੜਕ 'ਤੇ ਧੁੰਦ ਕਾਰਨ ਹਾਦਸਾ ਵਾਪਰ ਗਿਆ। ਹਾਦਸੇ ਦੌਰਾਨ ਇੱਕ ਬੋਲੈਰੋ ਪਿੱਕ ?ਅੱਪ ਨਹਿਰ ਵਿੱਚ ਜਾ ਡਿੱਗੀ, ਜਿਸ ਵਿੱਚ 13-14 ਸਵਾਰੀਆਂ ਸਨ। ਜ਼ਿਕਰਯੋਗ ਹੈ ਕਿ ਬੋਲੈਰੋ ਪਿੱਕ ?ਅੱਪ ਵਿਚ ਸਵਾਰ ਨੇੜਲੇ ਪਿੰਡ ਸੇਖੂਵਾਸ ਵਿਚ ਭੋਗ ਦੀ ਰਸਮ ਵਿੱਚ ਸ਼ਾਮਲ ਹੋਣ ਜਾ ਰਹੇ ਸਨ ਕਿ ਪਿੰਡ ਬਖਸ਼ੀਵਾਲਾ ਤੇ ਅਲੀਸ਼ੇਰ ਵਿਚਕਾਰ ਨਹਿਰ ਦੀ ਪੱਟੜੀ @ਤੇ ਹਾਦਸਾ ਵਾਪਰ ਗਿਆ। ਧੁੰਦ ਜ਼ਿਆਦਾ ਹੋਣ ਕਾਰਨ ਲਹਿਰਾਗਾਗਾ ਵੱਲ ਤੋਂ ਆਲਟੋ ਕਾਰ ਆ ਰਹੀ ਸੀ। ਵਾਹਨ ਨੂੰ ਆਪਸ ਵਿਚ ਟਕਰਾਉਣ ਤੋਂ ਬਚਾਉਂਦੇ ਸਮੇਂ ਬੋਲੈਰੋ ਪਿੱਕ ?ਅੱਪ ਰੇਲਿੰਗ ਨਾ ਹੋਣ ਕਾਰਨ ਬੇਕਾਬੂ ਹੋ ਕੇ ਨਹਿਰ ਵਿੱਚ ਸਵਾਰੀਆਂ ਸਮੇਤ ਜਾ ਡਿੱਗੀ।

ਹਾਦਸੇ ਦੀ ਸੂਚਨਾ ਮਿਲਦੇ ਸਾਰ ਹੀ ਪਿੰਡ ਬਖਸ਼ੀਵਾਲਾ ਦੇ ਗੁਰਦੁਆਰਾ ਸਾਹਿਬ ਵਿੱਚ ਅਨਾਊਂਸਮੈਂਟ ਕੀਤੀ ਗਈ। ਗੁਰਦੁਆਰਾ ਸਾਹਿਬ ਤੋਂ ਅਤੇ ਨੇੜੇ ਦੇ ਇਲਾਕੇ ਦੇ ਲੋਕ ਤੁਰੰਤ ਮੌਕੇ 'ਤੇ ਪਹੁੰਚ ਗਏ ਤੇ ਸਵਾਰੀਆਂ ਨੂੰ ਨਹਿਰ ਵਿੱਚੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਅਤੇ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚ ਗਿਆ। ਇਸ ਮੌਕੇ ਲੋਕਾਂ ਨੇ ਰੋਸ ਜਤਾਉਂਦਿਆਂ ਕਿਹਾ ਕਿ ਉਹ ਸੜਕ ਵਿਭਾਗ ਅਤੇ ਸਰਕਾਰ ਤੋਂ ਵਾਰ ਵਾਰ ਮੰਗ ਕਰ ਚੁੱਕੇ ਹਨ ਕਿ ਇਸ ਨਹਿਰ ਦੇ ਕਿਨਾਰੇ ਉੱਪਰ ਰੇਲਿੰਗ ਲਾਈ ਜਾਵੇ ਤਾਂ ਕਿ ਅਜਿਹੇ ਹਾਦਸੇ ਰੋਕੇ ਜਾ ਸਕਣ। ਇਸ ਘਟਨਾ ਦੀ ਸੂਚਨਾ ਮਿਲਦਿਆਂ ਬਰੇਟਾ ਥਾਣੇ ਦੀ ਪੁਲੀਸ ਮੌਕੇ ਤੇ ਪਹੁੰਚੀ ਤੇ ਗੱਡੀ ਨੂੰ ਨਹਿਰ ਵਿੱਚੋਂ ਕੱਢਵਾ ਲਿਆ। ਲੋਕਾਂ ਨੇ ਪ੍ਰਸ਼ਾਸਨ ਤੋਂ ਸੜਕ ਸੁਰੱਖਿਆ ਦੇ ਪ੍ਰਬੰਧ ਦੀ ਮੰਗ ਕੀਤੀ ਹੈ।

## ਪੰਜਾਬ ਵਿਧਾਨ ਸਭਾ ਵੱਲੋਂ ਮਾਲ ਵਿਭਾਗ ਨਾਲ ਸਬੰਧਤ ਤਿੰਨ ਅਹਿਮ ਸੋਧ ਬਿੱਲ ਸਰਬਸੰਮਤੀ ਨਾਲ ਪਾਸ

# ਡਿਜੀਟਲ ਰਿਕਾਰਡਾਂ ਦੇ ਮਜ਼ਬੂਤੀਕਰਨ ਦੇ ਉਦੇਸ਼ ਨਾਲ ਚੁਕਿਆ ਗਿਆ ਕਦਮ: ਹਰਦੀਪ ਸਿੰਘ ਮੁੰਡੀਆਂ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਅੱਜ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਪੇਸ਼ ਕੀਤੇ ਗਏ ਦ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧ) ਬਿੱਲ, 2025, ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧ ਬਿੱਲ, 2025 ਅਤੇ ਪੰਜਾਬ ਭੌਂ ਮਾਲੀਆ (ਸੋਧ) ਬਿੱਲ, 2025 ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਦ ਇੰਡੀਅਨ ਸਟੈਂਪ ਐਕਟ, 1899 ਵਿੱਚ ਕੀਤੀ ਸੋਧ ਨਾਲ ਟਾਈਟਲ ਡੀਡ ਜਮ੍ਹਾਂ ਕਰਨ, ਹਾਈਪੌਥੀਕੇਸ਼ਨ ਅਤੇ ਇਕੁਏਟੇਬਲ ਮੌਰਗੇਜ ਨਾਲ ਜੁੜੀ ਸਟੈਂਪ ਡਿਊਟੀ ਨੂੰ ਤਰਕਸੰਗਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੱਕੋ ਕਰਜ਼ੇ ਸਬੰਧੀ ਲੈਣ-ਦੇਣ ਉੱਤੇ ਦੋਹਰੀ ਡਿਊਟੀ ਨੂੰ ਖ਼ਤਮ ਕਰਕੇ ਕੁੱਲ ਕਰਜ਼ਾ ਰਾਸ਼ੀ ਉੱਤੇ ਉਚਿਤ ਉਪਰੀ ਹੱਦ ਨਾਲ ਇਕ ਡਿਊਟੀ ਲਾਗੂ ਕੀਤੀ ਗਈ ਹੈ ਜਿਸ ਨਾਲ ਲੈਣ-ਦੇਣ ਦੀ ਲਾਗਤ ਘਟੇਗੀ, ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਉਤਸ਼ਾਹ ਮਿਲੇਗਾ ਅਤੇ ਐਮ.ਐਸ.ਐਮ.ਈ ਖੇਤਰ ਨੂੰ ਰਾਹਤ ਮਿਲੇਗੀ।



ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਐਕਟ, 2021 ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਤਰਾਜ਼ਾਂ ਅਤੇ ਅਪੀਲਾਂ ਦੀ ਸਮਾਂ-ਸੀਮਾ ਨੂੰ ਘਟਾਉਣ ਨਾਲ ਮੇਰਾ ਘਰ ਮੇਰੇ ਨਾਮ ਯੋਜਨਾ ਨੂੰ ਲਾਗੂ ਕਰਨ ਵਿੱਚ ਤੇਜ਼ੀ ਆਵੇਗੀ ਜਿਸ ਨਾਲ ਆਬਾਦੀ ਦੇਹ ਖੇਤਰਾਂ ਦੇ ਵਸਨੀਕਾਂ ਨੂੰ ਸਮੇਂ ਸਿਰ ਮਾਲਕੀ ਦੇ ਅਧਿਕਾਰ ਦੇਣੇ ਯਕੀਨੀ ਬਣਨਗੇ।

ਮਾਲ ਮੰਤਰੀ ਨੇ ਕਿਹਾ ਕਿ ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ ਕੀਤੀਆਂ ਸੋਧਾਂ ਨਾਲ ਮਾਲ ਅਥਾਰਟੀਆਂ ਕੋਲ ਪਏ ਕੇਸਾਂ ਦੇ ਨਿਪਟਾਰੇ ਵਿੱਚ ਤੇਜ਼ੀ ਆਵੇਗੀ ਅਤੇ ਗ਼ੈਰ-ਮੁਕੱਦਮੇਬਾਜ਼ਾਂ ਨੂੰ ਬਿਨਾਂ ਵਜ੍ਹਾ ਤਲਬ ਕਰਨ 'ਤੇ ਰੋਕ ਲੱਗੇਗੀ ਅਤੇ ਡਿਜੀਟਲ ਰਿਕਾਰਡਾਂ ਅਤੇ ਡਿਜੀਟਲ ਦਸਤਖਤਾਂ ਨੂੰ ਕਾਨੂੰਨੀ ਮਾਨਤਾ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਨਾਗਰਿਕਾਂ ਦੀਆਂ ਮੁਸ਼ਕਲਾਂ ਘਟਣਗੀਆਂ ਅਤੇ ਸੂਬੇ ਭਰ ਵਿੱਚ ਲੋਕ-ਪੱਖੀ ਡਿਜੀਟਲ ਰਿਕਾਰਡ ਪ੍ਰਣਾਲੀ ਨੂੰ ਉਤਸ਼ਾਹ ਮਿਲੇਗਾ।

# ਬੇਅਦਬੀ ਦੀਆਂ ਘਟਨਾਵਾਂ ਰੋਕਣ 'ਚ 'ਆਪ' ਸਰਕਾਰ ਨਾਕਾਮ: ਸੁਖਬੀਰ ਬਾਦਲ

**ਪਟਿਆਲਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਨੌਰ 'ਚ ਵਾਪਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ 'ਤੇ ਰੋਸ ਪ੍ਰਗਟ ਕਰਦਿਆਂ ਮੁਲਜ਼ਮ ਨੂੰ ਸਖ਼ਤ ਸਜ਼ਾ 'ਤੇ ਜ਼ੋਰ ਦਿੱਤਾ ਹੈ। ਐਕਸ 'ਤੇ ਪੋਸਟ ਪਾ ਕੇ ਸੁਖਬੀਰ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ ਅਤੇ ਸਰਕਾਰ ਇਨ੍ਹਾਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਬੇਅਦਬੀ ਦੀ ਇਹ ਘਟਨਾ ਸਨੌਰ ਦੀ ਸੰਗਤ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਅਖੰਡ ਪਾਠ ਦੌਰਾਨ ਹੀ ਵਾਪਰੀ ਜਿਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਅੰਗ ਦੇ ਟੁਕੜੇ ਕਰ ਕੇ ਇੱਕ ਚਾਦਰ ਦੇ ਹੇਠਾਂ ਰੱਖ ਦਿੱਤੇ ਗਏ ਸਨ। ਦੂਜੇ ਪਾਸੇ ਇਸ ਮਾਮਲੇ ਵਿੱਚ ਸਨੌਰ ਪੁਲੀਸ ਨੇ ਸਿਮਰਨਜੀਤ ਸਿੰਘ ਨਾਮ ਦੇ ਗ੍ਰੰਥੀ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਇਹ ਪਾਠ ਕਰਨ ਵਾਲੇ ਛੇ ਹੋਰ ਪਾਠੀਆਂ 'ਚ ਸ਼ਾਮਲ ਸੀ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ ਸਨੌਰ ਇਲਾਕੇ ਦੀ ਸੰਗਤ ਵੱਲੋਂ ਸਾਂਝੇ ਤੌਰ @ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ ਪਰ ਇਸ ਦੌਰਾਨ ਹੀ ਸਮਾਗਮ ਦੀ ਸਮਾਪਤੀ ਮਗਰੋਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਅੰਗ ਪਾੜਿਆ ਗਿਆ ਪਾਇਆ ਗਿਆ। ਅਸਲ ਵਿਚ ਮਹਾਰਾਜ ਦੇ ਸਰੂਪ ਦਾ ਸੁੱਖ ਆਸਨ ਕਰ ਦਿੱਤਾ ਗਿਆ ਸੀ। ਇਲਾਕੇ ਦੇ ਹੀ ਵਸਨੀਕ ਕਰਨਲ ਅਮਰੀਕ ਸਿੰਘ ਜਦੋਂ ਸਾਜ਼ੋ ਸਾਮਾਨ ਦੀ ਸਾਂਭ ਸੰਭਾਲ ਕਰ ਰਹੇ ਸਨ, ਤਾਂ ਇੱਕ ਚਾਦਰ ਹੇਠ ਗੁਰੂ ਗ੍ਰੰਥ ਸਾਹਿਬ ਦੇ ਇੱਕ ਅੰਗ ਦੇ ਟੁਕੜੇ ਕੀਤੇ ਪਏ ਮਿਲੇ। ਇਸ ਦੌਰਾਨ ਹੀ ਪੁਲੀਸ ਵੱਲੋਂ ਜਾਂਚ ਕਰਨ 'ਤੇ ਇਹ ਬੇਅਦਬੀ ਇੱਥੇ ਇਹ ਸ੍ਰੀ ਅਖੰਡ ਪਾਠ ਸਾਹਿਬ ਕਰਨ ਵਾਲੇ ਇੱਕ ਪਾਠੀ ਸਿੰਘ ਵੱਲੋਂ ਕਰਨੀ ਪਾਈ ਗਈ।



# ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕੌਂਸਲਰ ਰਾਜੀਵ ਚੌਧਰੀ ਕਾਂਗਰਸ ਛੱਡ ਆਪ 'ਚ ਸ਼ਾਮਲ

**ਧੂਰੀ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਅੱਜ ਹੋਰ ਵਾਧਾ ਹੋਇਆ ਜਦੋਂ ਧੂਰੀ ਦੇ ਵਾਰਡ ਨੰਬਰ 4 ਦੇ ਕੌਂਸਲਰ ਐਡਵੋਕੇਟ ਰਾਜੀਵ ਚੌਧਰੀ ਕਾਂਗਰਸ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਐਡਵੋਕੇਟ ਰਾਜੀਵ ਚੌਧਰੀ ਦਾ ਪਾਰਟੀ ਵਿੱਚ ਆਉਣ 'ਤੇ ਸਵਾਗਤ ਕੀਤਾ।



ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕਪੱਖੀ ਨੀਤੀਆਂ, ਇਮਾਨਦਾਰ ਪ੍ਰਸ਼ਾਸਨ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਆਪ ਨਾਲ ਜੁੜ ਰਹੇ ਹਨ। ਉਨ੍ਹਾਂ ਐਡਵੋਕੇਟ ਰਾਜੀਵ ਚੌਧਰੀ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ।

ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਹਰ ਇਕ ਵਲੰਟੀਅਰ ਅਤੇ ਆਗੂ ਨੂੰ ਪੂਰਾ ਮਾਣ-ਸਤਿਕਾਰ ਦਿੰਦੀ ਹੈ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਲੋਕਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦਾ ਉਦੇਸ਼ ਲੋਕਾਂ ਦੀ ਸੇਵਾ ਕਰਨਾ ਹੈ ਅਤੇ ਜੋ ਵੀ ਇਸ ਸੋਚ ਨਾਲ ਜੁੜਦਾ ਹੈ, ਉਸ ਦਾ ਪਾਰਟੀ ਵਿੱਚ ਸਨਮਾਨ ਸਹਿਤ ਸਵਾਗਤ ਕੀਤਾ ਜਾਂਦਾ ਹੈ।

ਇਸ ਮੌਕੇ ਐਡਵੋਕੇਟ ਰਾਜੀਵ ਚੌਧਰੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ, ਇਮਾਨਦਾਰ ਰਾਜਨੀਤੀ ਅਤੇ ਲੋਕਾਂ ਨਾਲ ਸਿੱਧੇ ਜੁੜਾ ਵਾਲੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਏ ਹਨ।

# ਦੇਵ ਮਾਨ ਦੀ ਅਗਵਾਈ ਹੇਠ ਕੁਲਤਾਰ ਸਿੰਘ ਸੰਧਵਾ ਨੇ ਨਾਭਾ ਵਿਸ਼ਵਕਰਮਾ ਕਮੇਟੀ ਨੂੰ 10 ਲੱਖ ਰੁਪਏ ਦਾ ਚੈੱਕ ਭੇਟ ਕੀਤਾ



**ਨਾਭਾ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਵਿਖੇ ਵਿਸ਼ਵਕਰਮਾ ਭਵਨ ਦੇ ਉਦਘਾਟਨ ਮੌਕੇ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ਵਕਰਮਾ ਭਵਨ ਨਾਭਾ ਕਮੇਟੀ ਨੂੰ 10 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਜਿਸ ਦੇ ਚਲਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ , ਵਿਧਾਇਕ ਦੇਵ ਮਾਨ ਦੀ ਅਗਵਾਈ ਹੇਠ ਵਿਸ਼ਵਕਰਮਾ ਭਵਨ ਕਮੇਟੀ ਨੂੰ ਸੱਦਾ ਦੇਕੇ 10 ਲੱਖ ਦਾ ਚੈੱਕ ਸੰਸਥਾ ਦੇ ਪ੍ਰਧਾਨ ਚਰਨ ਸਿੰਘ, ਐਮਡੀ ਮਲਕੀਤ ਐਗਰੋ ਟੈਕ, ਭਗਵੰਤ ਸਿੰਘ ਅਤੇ ਪਾਖਰ ਸਿੰਘ ਨੂੰ ਭੇਟ ਕੀਤਾ। ਇਸ ਮੌਕੇ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਵਲੋਂ ਕਮੇਟੀ ਨਾਲ ਕੀਤਾ ਵਾਅਦਾ ਪੂਰਾ ਕੀਤਾ ਗਿਆ ਹੈ । ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਕਮੇਟੀ ਮੈਂਬਰਾਂ ਨੇ ਸਪੀਕਰ ਕੁਲਤਾਰ ਸਿੰਘ ਸੰਧਵਾ ਦਾ ਧੰਨਵਾਦ ਕੀਤਾ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ਵਕਰਮਾ ਭਵਨ ਦੇ ਉਦਘਾਟਨ ਸਮੇਂ ਆਪਣੀ ਤਨਖਾਹ ਵਿੱਚੋਂ 1 ਲੱਖ ਰੁਪਏ ਦੀ ਰਾਸ਼ੀ ਕਮੇਟੀ ਨੂੰ ਸੌਂਪੀ ਸੀ।

ਤਸਵੀਰ: ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਪ੍ਰਧਾਨ ਚਰਨ ਸਿੰਘ ਅਤੇ ਹੋਰਾਂ ਦੇ ਨਾਲ ਨਾਭਾ ਵਿਸ਼ਵਕਰਮਾ ਭਵਨ ਸੁਸਾਇਟੀ ਨੂੰ 10 ਲੱਖ ਰੁਪਏ ਦਾ ਚੈੱਕ ਭੇਟ ਕਰਦੇ ਹੋਏ।

# ਡਾ. ਬਲਬੀਰ ਸਿੰਘ ਵੱਲੋਂ VB-G RAM G ਬਿੱਲ ਨੂੰ 'ਮਹਾਤਮਾ ਗਾਂਧੀ ਦਾ ਦੂਜਾ ਕਤਲ' ਕਰਾਰ

> ➢ ਗਰੀਬਾਂ ਨੂੰ ਗੁੰਮਰਾਹ ਕਰਨ ਵਾਲੀਆਂ ਕੇਂਦਰ ਦੀਆਂ ਸੌੜੀਆਂ ਚਾਲਾਂ ਦਾ ਪਰਦਾਫਾਸ਼ ਕੀਤਾ ➢ ਫੰਡ ਸਿਰ.ਫ ਚੋਣਾਂ ਵਾਲੇ ਸੂਬਿਆਂ ਨੂੰ ਹੀ ਦਿੱਤੇ ਜਾ ਰਹੇ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 3 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ 'ਵਿਕਸਿਤ ਭਾਰਤ – ਰੋਜ਼ਗਾਰ ਅਤੇ ਅਜੀਵਿਕਾ ਮਿਸ਼ਨ (ਗ੍ਰਾਮੀਣ) ਲਈ ਗਰੰਟੀ' (ਵੀਬੀ-ਜੀ ਰਾਮ ਜੀ) ਨੂੰ ਕੇਂਦਰ ਦੀ ਇਕ ਸੌੜੀ ਚਾਲ ਅਤੇ ਮਹਾਤਮਾ ਗਾਂਧੀ ਦਾ ਦੂਜਾ ਕਤਲ ਕਰਾਰ ਦਿੱਤਾ। ਉਨ੍ਹਾਂ ਕੇਂਦਰ 'ਤੇ ਗਾਰੰਟੀਸ਼ੁਦਾ ਰੁਜ਼ਗਾਰ ਦੇ ਸਿਧਾਂਤਾਂ ਨੂੰ ਯੋਜਨਾਬੱਧ ਢੰਗ ਨਾਲ ਖ਼ਤਮ ਕਰਦਿਆਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਸੌੜੀਆਂ ਚਾਲਾਂ ਚੱਲਣ ਦਾ ਦੋਸ਼ ਲਗਾਇਆ।

16ਵੀਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਰਕਾਰੀ ਮਤੇ 'ਤੇ ਚਰਚਾ ਦੌਰਾਨ ਸਦਨ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕੇਂਦਰ ਦੀਆਂ ਲੂੰਬੜ ਚਾਲਾਂ ਜਾਹਰ ਕੀਤੀਆਂ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ ਵਾਲੀ ਰਣਨੀਤੀ ਅਪਣਾਈ ਜਾ ਰਹੀ ਹੈ। ਉਹ ਗਰੀਬਾਂ ਦੀ ਭਲਾਈ ਦੀ ਮਹਿਜ ਗੱਲ ਹੀ ਕਰਦੇ ਹਨ ਪਰ ਉਨ੍ਹਾਂ ਦੀਆਂ ਨੀਤੀਆਂ ਗਰੀਬਾਂ ਦੀ ਭਲਾਈ ਦੇ ਉਲਟ ਕੰਮ ਕਰਨ ਵਾਲੀਆਂ ਹਨ। ਕੈਬਨਿਟ ਮੰਤਰੀ ਨੇ ਯੋਜਨਾ ਦੇ ਨਾਮ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਯੋਜਨਾ ਦੇ ਨਾਮ 'ਰਾਮ ਜੀ' ਦਾ ਭਗਵਾਨ ਰਾਮ ਨਾਲ ਕੀ ਸਬੰਧ ਹੈ ? ਅਸਲ 'ਮਰਿਆਦਾ ਪੁਰਸ਼ੋਤਮ' ਨੇ ਗਰੀਬਾਂ ਦੀ ਭਲਾਈ ਲਈ ਕੰਮ ਕੀਤਾ ਪਰ ਕੇਂਦਰ ਦੀ ਇਹ ਯੋਜਨਾ ਇਸ ਦੇ ਬਿਲਕੁੱਲ ਉਲਟ ਹੈ।



ਲੋਕਾਂ ਦੀ ਪਿੱਠ 'ਚ ਮਾਰੀਆਂ ਇਹਨਾਂ ਛੁਰੀਆਂ ਬਾਰੇ ਵਿਸਥਾਰ ਨਾਲ ਗੱਲ ਕਰਦਿਆਂ, ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਹਿਲੀ ਛੁਰੀ ਵੀਬੀ ਜੀ ਰਾਮ ਜੀ ਸਕੀਮ ਹੈ, ਜੋ ਮਹਾਤਮਾ ਗਾਂਧੀ ਦੇ ਦੂਜੇ ਕਤਲ ਦੇ ਬਰਾਬਰ ਹੈ। ਉਨ੍ਹਾਂ ਅੱਗੇ ਦੱਸਿਆ ਕਿ ਕਿਵੇਂ ਕੇਂਦਰ ਨੇ ਮੰਗ ਅਧਾਰਤ ਤੋਂ ਸਪਲਾਈ ਅਧਾਰਤ ਮਾਡਲ ਵੱਲ ਕਦਮ ਵਧਾਏ ਹਨ, ਜਿਸ ਤਹਿਤ ਨੌਕਰਸ਼ਾਹ ਲੁਕਵੇਂ ਢੰਗ ਨਾਲ ਫੰਡਾਂ ਦੀ ਅਲਾਟਮੈਂਟ ਦਾ ਫੈਸਲਾ ਕਰਨਗੇ ਅਤੇ ਗ੍ਰਾਮ ਸਭਾਵਾਂ ਨੂੰ ਸਥਾਨਕ ਜ਼ਰੂਰਤਾਂ ਦੇ ਅਧਾਰ 'ਤੇ ਕੰਮਾਂ ਦੀ ਯੋਜਨਾ ਬਣਾਉਣ ਅਤੇ ਲਾਗੂ ਕਰਨ ਸਬੰਧੀ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਜਾਵੇਗਾ।

ਮੰਤਰੀ ਨੇ ਕੇਂਦਰ ਵੱਲੋਂ ਮਨਮਰਜ਼ੀ ਨਾਲ ਪਿੰਡਾਂ ਨੂੰ ਏ, ਬੀ, ਸੀ ਵਰਗਾਂ ਵਿੱਚ ਸ਼੍ਰੇਣੀਬੱਧ ਕਰਨ ਦੀ ਚਾਲ ਨੂੰ ਦੂਜੀ ਛੁਰੀ ਕਰਾਰ ਦਿੰਦਿਆਂ ਕਿਹਾ ਕਿ ਇਸ ਕਦਮ ਦਾ ਉਦੇਸ਼ ਬੀ ਅਤੇ ਸੀ ਵਰਗ ਦੇ ਪਿੰਡਾਂ ਨੂੰ ਸਕੀਮ ਵਿੱਚੋਂ ਬਾਹਰ ਕੱਢਣਾ ਹੈ ਜਿਸ ਨਾਲ ਬਹੁਤ ਸਾਰੇ ਲੋਕ ਗਾਰੰਟੀਸ਼ੁਦਾ ਰੁਜ਼ਗਾਰ ਤੋਂ ਵਾਂਝੇ ਹੋ ਜਾਣਗੇ।

ਕੈਬਨਿਟ ਮੰਤਰੀ ਨੇ ਕੇਂਦਰ ਵੱਲੋਂ ਪੰਜਾਬ ਨੂੰ ਜਾਣਬੁੱਝ ਕੇ ਅਣਗੌਲਿਆਂ ਕਰਨ ਬਾਰੇ ਕਿਹਾ, ਪੰਜਾਬ ਨੂੰ ਪਿਛਲੇ ਢਾਈ ਤੋਂ ਤਿੰਨ ਸਾਲਾਂ ਤੋਂ ਨਿਰਮਾਣ ਸਮੱਗਰੀ ਦੀ ਲਾਗਤ ਪ੍ਰਦਾਨ ਨਹੀਂ ਕੀਤੀ ਗਈ। ਸਮੱਗਰੀ ਤੋਂ ਬਿਨਾਂ ਮਜ਼ਦੂਰ ਕੰਮ ਕਿਵੇਂ ਕਰ ਸਕਦੇ ਹਨ ? ਜਿੱਥੇ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਆਉਂਦੀਆਂ ਰਹਿੰਦੀਆਂ ਹਨ, ਉੱਥੇ ਰੁਜ਼ਗਾਰ ਦੇ ਦਿਨਾਂ ਨੂੰ 100 ਤੋਂ ਵਧਾ ਕੇ 150 ਕਰਨਾ ਚਾਹੀਦਾ ਹੈ, ਪਰ ਪੰਜਾਬ ਨੂੰ ਮੁੱਢੋਂ ਅਣਗੌਲਿਆਂ ਕੀਤਾ ਗਿਆ। ਹਾਲਾਂਕਿ, ਬਿਹਾਰ, ਜਿੱਥੇ ਚੋਣਾਂ ਕਰਵਾਈਆਂ ਜਾਣੀਆਂ ਸਨ, ਨੂੰ ਇਸ ਸਾਲ 1,370 ਕਰੋੜ ਰੁਪਏ ਦੇ ਫੰਡ ਦਿੱਤੇ ਗਏ। ਉਨ੍ਹਾਂ ਉਚੇਚੇ ਤੌਰ 'ਤੇ ਕਿਹਾ ਕਿ ਫੰਡ ਸਿਰਫ਼ ਉਨ੍ਹਾਂ ਸੂਬਿਆਂ ਨੂੰ ਹੀ ਦਿੱਤੇ ਜਾ ਰਹੇ ਹਨ ਜਿੱਥੇ ਚੋਣਾਂ ਕਰਵਾਈਆਂ ਜਾਣੀਆਂ ਹਨ।

# ਮਹਾਨ ਕੀਰਤਨ ਦਰਬਾਰ



**ਪਟਿਆਲਾ, 3 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਗੁਜਰੀ ਜੀ ਸੇਵਾ ਸੋਸਾਇਟੀ ਪਟਿਆਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ ਦੇ ਦੀਵਾਨ ਹਾਲ ਵਿੱਚ ਜਗਤ ਮਾਤਾ ਮਾਤਾ ਗੁਜਰ ਕੌਰ ਜੀ ਅਤੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਜੀ ਅਤੇ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ ਗਿਆ ਇਸ. ਬਾਰੇ ਸੁਸਾਇਟੀ. ਦੇ ਸਰਪ੍ਰਸਤ ਹਰਮਿੰਦਰ ਪਾਲ ਸਿੰਘ ਵਿੰਟੀ ਸਭਰਵਾਲ ਨੇ ਦਸਿਆ ਕਿ ਸ਼੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਤੋਂ ਬਾਅਦ ਮਾਤਾ ਗੁਜਰੀ ਸੇਵਾ ਸੋਸਾਇਟੀ ਅਤੇ ਪਟਿਆਲਾ ਸ਼ਹਿਰ ਦੀਆਂ ਵੱਖ ਵੱਖ ਇਸਤਰੀ ਸਸਤਿਸੰਗ ਸੋਸਾਇਟੀਆਂ ਨੇ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਕੀਰਤਨ ਦੀ ਹਾਜਰੀ ਭਰੀ ਅਤੇ ਬੀਬੀ ਮਨਦੀਪ ਕੌਰ ਸੰਗਰੂਰ ਵਾਲਿਆਂ ਦਾ ਢਾਡੀ ਜੱਥਾ, ਬੀਬੀ ਦਿਲਪ੍ਰੀਤ ਕੌਰ ਪਟਿਆਲੇ ਵਾਲੇ ਕੀਰਤਨੀ ਜੱਥਾ ਅਤੇ ਡਾਕਟਰ ਇੰਦਰਪ੍ਰੀਤ ਕੌਰ ਦਰਦੀ ਚੜ੍ਹਦੀਕਲਾ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਅਤੇ ਗੁਰਮਤ ਵਿਚਾਰਾਂ ਰਾਹੀਂ ਨਿਹਾਲ ਕੀਤਾ । ਇਸ ਸਮਾਗਮ ਵਿਚ ਪਦਮ ਸ਼੍ਰੀ ਡਾ. ਜਗਜੀਤ ਸਿੰਘ ਜੀ ਦਰਦੀ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ । ਸੁਸਾਇਟੀ ਦੇ ਚੇਅਰ ਪਰਸਨ ਸੇਵਾ ਰਤਨ ਮੈਡਮ ਜਸਵਿੰਦਰ ਕੌਰ ਜੀ ਦਰਦੀ , ਸੀਨੀਅਰ ਮੀਤ ਪ੍ਰਧਾਨ ਬੀਬੀ ਜੈ ਕੌਰ ਸਭਰਵਾਲ,ਮੀਤ ਪ੍ਰਧਾਨ ਸੁਰਿੰਦਰ ਕੌਰ,ਸਕੱਤਰ ਗੁਰਪ੍ਰੀਤ ਕੌਰ, ਪ੍ਰੈਸ ਸਕੱਤਰ ਹਰਵਿੰਦਰ ਕੌਰ,ਖਜਾਨਚੀ ਪਰਮਜੀਤ ਕੌਰ, ਸਹਾਇਕ ਸਕੱਤਰ ਅਮਰੀਕ ਕੌਰ ਰਜਿੰਦਰ ਕੌਰ,ਹਰਬੰਸ ਕੌਰ,ਜਗੀਰ ਕੌਰ ਅਤੇ ਹੋਰ ਬਹੁਤ ਸਾਰੀਆਂ ਮੈਂਬਰਾਂ ਨੇ ਹਾਜਰੀ ਭਰੀ । ਮਾਤਾ ਗੁਜਰੀ ਸੇਵਾ ਜੀ ਸੋਸਾਇਟੀ ਵੱਲੋਂ ਹਰ ਮਹੀਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਸਮਾਗਮ ਕੀਤੇ ਜਾਂਦੇ ਹਨ ।

# 30 ਦਿਨਾਂ ਦੇ ਅੰਦਰ ਅੱਗ ਸੁਰੱਖਿਆ ਐੈਨ.ਓ.ਸੀ ਪ੍ਰਾਪਤ ਕਰੋ ਨਹੀਂ ਤਾਂ ਭਰਨਾ ਪਵੇਗਾ ਭਾਰੀ ਜੁਰਮਾਨਾ

**ਕੌਮੀ ਪਤ੍ਰਿਕਾ**

ਲੁਧਿਆਣਾ 3 ਜਨਵਰੀ। ਨਿਵਾਸੀਆਂ ਦੀ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ, ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨੇ ਸੂਬੇ ਦੇ ਉਦਯੋਗਿਕ ਹੱਬ ਵਜੋਂ ਜਾਣੇ ਜਾਂਦੇ ਸ਼ਹਿਰ ਵਿੱਚ ਅੱਗ ਸੁਰੱਖਿਆ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਹੁਕਮ ਦਿੱਤੇ ਹਨ। ਅੱਗ ਰੋਕਥਾਮ ਅਤੇ ਅੱਗ ਸੁਰੱਖਿਆ ਐਕਟ, 2012 ਦਾ ਹਵਾਲਾ ਦਿੰਦੇ ਹੋਏ, ਵਸਨੀਕਾਂ ਨੂੰ 30 ਦਿਨਾਂ ਦੇ ਅੰਦਰ ਫਾਇਰ ਬ੍ਰਿਗੇਡ ਤੋਂ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਨਹੀਂ ਤਾਂ ਡਿਫਾਲਟਰਾਂ 'ਤੇ ਭਾਰੀ ਜੁਰਮਾਨੇ ਲਗਾਏ ਜਾਣਗੇ ਅਤੇ ਅੜੀਅਲ ਉਲੰਘਣਾ ਕਰਨ ਵਾਲਿਆਂ ਦੀਆਂ ਇਮਾਰਤਾਂ ਨੂੰ ਸੀਲ ਵੀ ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਅਤੇ ਕੋਚਿੰਗ ਸੈਂਟਰਾਂ ਸਮੇਤ ਵਪਾਰਕ ਉਦੇਸ਼ਾਂ ਲਈ ਵਰਤੀਆਂ ਜਾਂਦੀਆਂ ਸਾਰੀਆਂ ਇਮਾਰਤਾਂ/ਸੰਸਥਾਵਾਂ ਲਈ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨਾ ਲਾਜ਼ਮੀ ਹੈ। ਉਦਯੋਗਿਕ ਇਕਾਈਆਂ ਦੇ ਮਾਲਕਾਂ ਨੂੰ ਵੀ ਜ਼ਰੂਰੀ ਅੱਗ ਸੁਰੱਖਿਆ ਪ੍ਰਬੰਧ ਕਰਨੇ ਚਾਹੀਦੇ ਹਨ ਅਤੇ 30 ਦਿਨਾਂ ਦੀ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨਾ ਚਾਹੀਦਾ ਹੈ। ਉਲੰਘਣਾ ਕਰਨ ਵਾਲਿਆਂ ਵਿਰੁੱਧ 50000 ਰੁਪਏ ਤੱਕ ਦਾ ਭਾਰੀ ਜੁਰਮਾਨਾ ਲਗਾਇਆ ਜਾਵੇਗਾ ਅਤੇ ਜੇਕਰ ਮਾਲਕ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਅਧਿਕਾਰੀ ਇਮਾਰਤ ਨੂੰ ਸੀਲ ਵੀ ਕਰ ਸਕਦੇ ਹਨ। ਜਨਤਕ ਸਹੂਲਤ ਲਈ, ਅੱਗ ਸੁਰੱਖਿਆ ਸਰਟੀਫਿਕੇਟ ਪ੍ਰਾਪਤ ਕਰਨ ਦੀ ਸੇਵਾ ਪੋਰਟਲ ਰਾਹੀਂ



ਔਨਲਾਈਨ ਉਪਲਬਧ ਕਰਵਾਈ ਗਈ ਹੈ। ਸਰਟੀਫਿਕੇਟ ਪ੍ਰਾਪਤ ਕਰਨ ਲਈ ਵਿਸਤ੍ਰਿਤ ਨਿਰਦੇਸ਼, ਯੋਗਤਾ ਸ਼ਰਤਾਂ ਅਤੇ ਸਰਕਾਰ ਦੁਆਰਾ ਨਿਰਧਾਰਤ ਫੀਸ ਉਕਤ ਵੈੱਬਸਾਈਟ 'ਤੇ ਉਪਲਬਧ ਹਨ। ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਐਕਟ, 2024 ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ, ਨਿਵਾਸੀਆਂ ਨੂੰ ਨੈਸ਼ਨਲ ਬਿਲਡਿੰਗ ਕੋਡ, 2016 ਅਨੁਸਾਰ ਲੋੜੀਂਦੇ ਅੱਗ ਸੁਰੱਖਿਆ ਪ੍ਰਬੰਧਾਂ ਨੂੰ ਪੂਰਾ ਕਰਨ ਅਤੇ ਹੁਣ ਤੋਂ 30 ਦਿਨਾਂ ਦੇ ਅੰਦਰ ਫਾਇਰ ਵਿਭਾਗ, ਨਗਰ ਨਿਗਮ, ਲੁਧਿਆਣਾ ਤੋਂ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸਥਾਨਕ ਸੰਸਥਾਵਾਂ ਵਿਭਾਗ ਦੁਆਰਾ ਪਿਛਲੇ ਸਮੇਂ ਵਿੱਚ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ, ਨਿਯਮਾਂ ਦੀ ਉਲੰਘਣਾ ਕਰਨ ਵਾਲੇ ਪਾਏ ਗਏ ਕੋਚਿੰਗ ਸੈਂਟਰਾਂ ਨੂੰ ?50,000 ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ, ਅਤੇ ਇਮਾਰਤ ਨੂੰ ਸੀਲ ਵੀ ਕੀਤਾ ਜਾ ਸਕਦਾ ਹੈ। ਇਹ ਦੱਸਦੇ ਹੋਏ ਕਿ ਵਸਨੀਕਾਂ ਲਈ ਅੱਗ ਸੁਰੱਖਿਆ ਐਨ.ਓ.ਸੀ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਉਨ੍ਹਾਂ ਦੀ ਆਪਣੀ ਸੁਰੱਖਿਆ ਲਈ ਵੀ ਹੈ, ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ 30 ਦਿਨਾਂ ਦੇ ਅੰਦਰ ਐਨ.ਓ.ਸੀ ਪ੍ਰਾਪਤ ਕਰਨ ਨਹੀਂ ਤਾਂ ਅਧਿਕਾਰੀਆਂ ਨੂੰ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਵੇਗਾ। ਵਸਨੀਕ ਅੱਗ ਸੁਰੱਖਿਆ ਐਨ.ਓ.ਸੀ ਲਈ ਔਨਲਾਈਨ ਅਰਜ਼ੀ ਦੇ ਸਕਦੇ ਹਨ ਅਤੇ ਫਾਇਰ ਬ੍ਰਿਗੇਡ ਨੂੰ ਹਦਾਇਤ ਕੀਤੀ ਗਈ ਹੈ ਕਿ ਜਿੱਥੇ ਵੀ ਲੋੜ ਹੋਵੇ ਵਸਨੀਕਾਂ ਦੀ ਸਹਾਇਤਾ ਕੀਤੀ ਜਾਵੇ।

### ਚੱਲਦੀ ਕਾਰ ਬਣੀ ਅੱਗ ਦਾ ਗੋਲਾ, ਡਰਾਈਵਰ ਨੇ ਛਾਲ ਮਾਰ ਬਚਾਈ ਜਾਨ

ਨੋਇਡਾ 3 ਜਨਵਰੀ। ਗੌਤਮਬੁੱਧਨਗਰ ਜ਼ਿਲ੍ਹੇ 'ਚ ਨੋਇਡਾ ਐਕਸਪ੍ਰੈੱਸਵੇਅ 'ਤੇ ਐਤਵਾਰ ਦੇਰ ਰਾਤ ਇਕ ਚੱਲਦੀ ਕਾਰ 'ਚ ਅਣਪਛਾਤੇ ਕਾਰਨਾਂ ਕਰ ਕੇ ਅੱਗ ਲੱਗ ਗਈ ਅਤੇ ਕਾਰ ਡਰਾਈਵਰ ਨੇ ਵਾਹਨ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਮੁੱਖ ਫਾਇਰ ਬ੍ਰਿਗੇਡ ਅਧਿਕਾਰੀ ਪ੍ਰਦੀਪ ਕੁਮਾਰ ਚੌਬੇ ਨੇ ਦੱਸਿਆ ਕਿ ਮਾਯਚਾ ਪਿੰਡ ਵਾਸੀ ਭੂਪੇਂਦਰ ਗ੍ਰੇਟਰ ਨੋਇਡਾ ਤੋਂ ਨੋਇਡਾ ਜਾ ਰਹੇ ਸਨ, ਉਦੋਂ ਉਨ੍ਹਾਂ ਦੀ ਕਾਰ 'ਚ ਅਚਾਨਕ ਅੱਗ ਲੱਗ ਗਈ ਅਤੇ ਉਨ੍ਹਾਂ ਨੇ ਚੱਲਦੀ ਕਾਰ ਤੋਂ ਛਾਲ ਮਾਰ ਆਪਣੇ ਜਾਨ ਬਚਾਈ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪਹੁੰਚੀ ਅਤੇ ਅੱਗ 'ਤੇ ਕਾਬੂ ਪਾਇਆ ਗਿਆ ਪਰ ਕਾਰ ਪੂਰੀ ਤਰ੍ਹਾਂ ਸੜ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

## ਮਨਰੇਗਾ ਨਾਲ ਛੇੜਛਾੜ ਗਰੀਬਾਂ ਦੇ ਰੋਜ਼ਗਾਰ 'ਤੇ ਸਿੱਧਾ ਹਮਲਾ: ਪੰਡੋਰੀ

ਮਹਿਲ ਕਲਾਂ 3 ਜਨਵਰੀ। ਮਨਰੇਗਾ ਕਾਨੂੰਨ ਵਿਚ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਤਬਦੀਲੀਆਂ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਦੇ ਖ਼?ਲਾਫ਼ ਪੰਜਾਬ ਵਿਧਾਨ ਸਭਾ ਵਿਚ ਬੁਲਾਏ ਗਏ ਵਿਸ਼ੇਸ਼ ਸੈਸ਼ਨ ਦੌਰਾਨ ਮਨਰੇਗਾ ਵਰਕਰਾਂ ਦੇ ਹੱਕਾਂ ਦੀ ਜ਼ੋਰਦਾਰ ਵਕਾਲਤ ਕਰਦਿਆਂ ਵਿਧਾਨ ਸਭਾ ਦੀ ਵਿਸ਼ੇਸ਼ ਸਤਿਕਾਰ ਕਮੇਟੀ ਦੇ ਚੇਅਰਮੈਨ ਅਤੇ ਹਲਕਾ ਮਹਿਲ ਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਵਿਧਾਇਕ ਪੰਡੋਰੀ ਨੇ ਕਿਹਾ ਕਿ ਮਨਰੇਗਾ ਸਿਰਫ਼ ਇੱਕ ਯੋਜਨਾ ਨਹੀਂ, ਸਗੋਂ



ਪਿੰਡਾਂ ਦੇ ਗਰੀਬ ਮਜ਼ਦੂਰਾਂ ਲਈ ਜੀਵਨ-ਰੇਖਾ ਹੈ, ਜਿਸ ਰਾਹੀਂ ਕਰੋੜਾਂ ਪਰਿਵਾਰਾਂ ਨੂੰ ਰੋਜ਼ਗਾਰ, ਇਜ਼ਤ ਅਤੇ ਦੋ ਵਕ?ਤ ਦੀ ਰੋਟੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਕਾਮੇ ਪਿੰਡਾਂ ਦੇ ਵਿਕਾਸ, ਪਿੰਡਾਂ ਦੇ ਢਾਂਚੇ ਅਤੇ ਪਿੰਡਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਵਿਧਾਇਕ ਪੰਡੋਰੀ ਨੇ ਸੈਸ਼ਨ ਦੌਰਾਨ ਸਵਾਲ ਉਠਾਉਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਫੰਡਾਂ 'ਚ ਕਟੌਤੀਆਂ, ਭੁਗਤਾਨਾਂ ਵਿੱਚ ਦੇਰੀ ਅਤੇ ਡਿਜ਼ੀਟਲ ਪਾਬੰਦੀਆਂ ਲਾਗੂ ਕਰਕੇ ਗਰੀਬ ਮਜ਼ਦੂਰਾਂ ਨੂੰ ਜਾਣ-ਬੁੱਝ ਕੇ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮਕਸਦ ਗਰੀਬਾਂ ਨੂੰ ਹੱਕਾਂ ਤੋਂ ਵੰਝਿਤ ਕਰਕੇ ਸੂਬਿਆਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਹੈ। ਵਿਧਾਇਕ ਨੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਪੰਜਾਬ ਸਰਕਾਰ ਕਿਸੇ ਵੀ ਕੀਮਤ 'ਤੇ ਕੇਂਦਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਸਵੀਕਾਰ ਨਹੀਂ ਕਰੇਗੀ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਕਾਨੂੰਨ ਨਾਲ ਕੀਤੀ ਜਾ ਰਹੀ ਛੇੜਛਾੜ ਤੁਰੰਤ ਰੋਕੀ ਜਾਵੇ, ਬਕਾਇਆ ਮਜ਼ਦੂਰੀ ਫੌਰੀ ਜਾਰੀ ਕੀਤੀ ਜਾਵੇ ਅਤੇ ਹਰ ਲੋੜਵੰਦ ਪਰਿਵਾਰ ਨੂੰ ਸਾਲਾਨਾ 100 ਦਿਨਾਂ ਦਾ ਰੋਜ਼ਗਾਰ ਯਕੀਨੀ ਬਣਾਇਆ ਜਾਵੇ। ਪੰਡੋਰੀ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਨੇ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਬੰਦ ਨਾ ਕੀਤਾ ਤਾਂ ਪੰਜਾਬ ਇਸ ਦੇ ਖ਼?ਲਾਫ਼ ਹਰ ਮੋਰਚੇ 'ਤੇ ਲੜਾਈ ਲੜੇਗਾ।

## ਹੁਸ਼ਿਆਰਪੁਰ 'ਚ ਪੰਜਾਬ ਪੁਲਸ ਨੇ ਕਰ 'ਤਾ ਵੱਡਾ ਐਨਕਾਊਂਟਰ !

ਹੁਸ਼ਿਆਰਪੁਰ/ਮਾਹਿਲਪੁਰ 3 ਜਨਵਰੀ। ਹੁਸ਼ਿਆਰਪੁਰ ਵਿਚ ਪੰਜਾਬ ਪੁਲਸ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਮਾਹਿਲਪੁਰ ਵਿੱਚ ਮਨੀ ਚੇਂਜਰ ਦੀ ਦੁਕਾਨ 'ਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਦਾ ਅੱਜ ਸਵੇਰੇ ਪਿੰਡ ਰਾਮਪੁਰ ਬਿਲੜੋ ਗੜ੍ਹਸ਼ੰਕਰ ਇਲਾਕੇ ਵਿੱਚ ਪੁਲਸ ਨੇ ਐਨਕਾਊਂਟਰ ਕੀਤਾ ਹੈ। ਇਹ ਵੀ ਪੜ੍ਹੋ: ਜਲੰਧਰ-ਲੁਧਿਆਣਾ ਹਾਈਵੇਅ 'ਤੇ ਵੱਡਾ ਹਾਦਸਾ! ਪੰਜਾਬ ਰੋਡਵੇਜ਼ ਬੱਸ ਦੀ ਟਿੱਪਰ ਨਾਲ ਭਿਆਨਕ ਟੱਕਰ, ਉੱਡੇ ਪਰਖੱਚੇ ਮੌਕੇ ਉਤੇ ਪਹੁੰਚੇ ਡੀ. ਐੱਸ. ਪੀ. ਦਲਜੀਤ ਸਿੰਘ ਖੱਖ ਨੇ ਦੱਸਿਆ ਕਿ ਅੱਜ ਸਵੇਰੇ ਲੁਟੇਰਿਆਂ ਤੇ ਪੁਲਸ ਨਾਲ ਹੋਏ ਮੁਕਾਬਲੇ ਵਿਚ ਇਕ ਲੁਟੇਰਾ ਜ਼ਖ਼ਮੀ ਹੋਇਆ ਹੈ। ਇਸ ਦੌਰਾਨ ਜ਼ਖ਼ਮੀ ਲੁਟੇਰੇ ਸਮੇਤ ਦੋ ਹੋਰਨਾਂ ਲੁਟੇਰਿਆਂ ਨੂੰ ਪੁਲਸ ਨੇ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕਪੂਰਥਲਾ 'ਚ ਲੁੱਟ ਦੀ ਵਾਰਦਾਤ !

ਕਪੂਰਥਲਾ 3 ਜਨਵਰੀ। ਕਪੂਰਥਲਾ ਦੇ ਦੋਆਬਾ ਫਿਲਿੰਗ ਸਟੇਸ਼ਨ 'ਤੇ ਬੀਤੀ ਰਾਤ ਤਿੰਨ ਅਣਪਛਾਤੇ ਵਿਅਕਤੀਆਂ ਨੇ ਦੋ ਪੈਟਰੋਲ ਪੰਪਾਂ 'ਤੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਸਿੱਧਵਾ ਦੋਨਾ ਅਤੇ ਰਾਜਾਪੁਰ ਦੇ ਪੈਟਰੋਲ ਪੰਪਾਂ ਤੋਂ ਲਗਭਗ ?44,000 ਅਤੇ ?4,500 ਦੀ ਨਕਦੀ ਚੋਰੀ ਹੋ ਗਈ। ਨਕਾਬਪੋਸ਼ ਵਿਅਕਤੀਆਂ ਨੇ ਪਹਿਲਾਂ ਕਰਮਚਾਰੀਆਂ ਨੂੰ ਧਮਕੀਆਂ ਦਿੱਤੀਆਂ ਅਤੇ ਫਿਰ ਪੈਟਰੋਲ ਪੰਪਾਂ 'ਤੇ ਇਕੱਠੀ ਕੀਤੀ ਨਕਦੀ ਚੋਰੀ ਕਰ ਲਈ। ਘਟਨਾ ਦੀ ਸੀਸੀਟੀਵੀ ਫੁਟੇਜ ਵਾਇਰਲ ਹੋ ਰਹੀ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਕਿਸੇ ਅਧਿਕਾਰੀ ਨੇ ਕੋਈ ਟਿੱਪਣੀ ਨਹੀਂ ਕੀਤੀ ਹੈ।

## ਸੁਨੀਲ ਗੁਪਤਾ ਦੇ ਟਿਕਾਣਿਆਂ ਤੋਂ ਕਰੋੜਾਂ ਦਾ ਕੈਸ਼ ਤੇ ਗਹਿਣੇ ਬਰਾਮਦ

ਨੈਸ਼ਨਲ ਡੈਸਕ 3 ਜਨਵਰੀ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਪੌਸ਼ ਇਲਾਕਿਆਂ 'ਚ



ਇਨਫੋਰਸਮੈਂਟ ਡਾਇਰੈਕਟੋਰੇਟ ਦਾ ਸ਼ਿਕੰਜਾ ਲਗਾਤਾਰ ਕੱਸਦਾ ਜਾ ਰਿਹਾ ਹੈ। ਤਾਜ਼ਾ ਜਾਣਕਾਰੀ ਅਨੁਸਾਰ ਨਵੇਂ ਸਾਲ ਦੇ ਮੌਕੇ 'ਤੇ 54 ਨੇ ਸੁਨੀਲ ਗੁਪਤਾ ਦੇ ਘਰ ਅਤੇ ਫਾਰਮ ਹਾਊਸ 'ਤੇ ਵੱਡੀ ਕਾਰਵਾਈ ਕਰਦਿਆਂ ਕਰੋੜਾਂ ਦੀ ਨਕਦੀ ਅਤੇ ਭਾਰੀ ਮਾਤਰਾ ਵਿੱਚ ਗਹਿਣੇ ਬਰਾਮਦ ਕੀਤੇ ਹਨ। ਦਿੱਲੀ ਦੇ ਵੈਸਟਐਂਡ ਗ੍ਰੀਨ ਫਾਰਮਜ਼ ਵਿੱਚ ਸਥਿਤ ਸੁਨੀਲ ਗੁਪਤਾ ਦੇ ਟਿਕਾਣਿਆਂ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਹੁਣ ਤੱਕ 1.22 ਕਰੋੜ ਰੁਪਏ ਨਕਦ ਅਤੇ ਲਗਭਗ 8.50 ਕਰੋੜ ਰੁਪਏ ਦੇ ਗਹਿਣੇ ਬਰਾਮਦ ਹੋ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਸਰਚ ਆਪ੍ਰੇਸ਼ਨ 30 ਦਸੰਬਰ ਨੂੰ ਸ਼ੁਰੂ ਹੋਇਆ ਸੀ ਅਤੇ ਅਜੇ ਵੀ ਜਾਰੀ ਹੈ। 54 ਦੀ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੁਨੀਲ ਗੁਪਤਾ ਨੇ ਪਹਿਲਾਂ ਅਮਨ ਕੁਮਾਰ ਨਾਮਕ ਵਿਅਕਤੀ ਨੂੰ ਕਰਜ਼ਾ ਦਿੱਤਾ ਸੀ। ਅਮਨ ਕੁਮਾਰ ਨੂੰ ਇੰਦਰਜੀਤ ਸਿੰਘ ਯਾਦਵ ਦਾ ਕਰੀਬੀ ਸਹਿਯੋਗੀ ਮੰਨਿਆ ਜਾਂਦਾ ਹੈ। ਜਾਂਚ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਜਦੋਂ 54 ਨੇ ਕਾਰਵਾਈ ਸ਼ੁਰੂ ਕੀਤੀ ਤਾਂ ਅਮਨ ਕੁਮਾਰ ਨੇ 'ਅਪਰਾਧ ਦੀ ਕਮਾਈ' ਨੂੰ ਟਿਕਾਣੇ ਲਗਾਉਣ ਲਈ ਇੱਕ ਵੱਡੀ ਰਕਮ ਸੁਨੀਲ ਗੁਪਤਾ ਨੂੰ ਟ?ਰਾਂਸਫਰ ਕਰ ਦਿੱਤੀ ਸੀ। ਇਸ ਤੋਂ ਪਹਿਲਾਂ 54 ਨੇ ਸਰਵਪ੍ਰਿਯ ਵਿਹਾਰ ਇਲਾਕੇ ਵਿੱਚ ਅਮਨ ਕੁਮਾਰ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ, ਜਿੱਥੋਂ 5.12 ਕਰੋੜ ਰੁਪਏ ਨਕਦ, 8.8 ਕਰੋੜ ਰੁਪਏ ਦੇ ਸੋਨੇ-ਹੀਰੇ ਦੇ ਗਹਿਣੇ ਅਤੇ ਕਰੀਬ 35 ਕਰੋੜ ਰੁਪਏ ਦੀ ਜਾਇਦਾਦ ਨਾਲ ਜੁੜੇ ਦਸਤਾਵੇਜ਼ ਬਰਾਮਦ ਕੀਤੇ ਗਏ ਸਨ। ਇਹ ਪੂਰੀ ਕਾਰਵਾਈ ਇੰਦਰਜੀਤ ਸਿੰਘ ਯਾਦਵ, ਅਪੋਲੋ ਗ੍ਰੀਨ ਐਨਰਜੀ ਲਿਮਟਿਡ ਅਤੇ ਹੋਰਾਂ ਵਿਰੁੱਧ ਦਰਜ ਮਨੀ ਲਾਂਡਰਿੰਗ ਮਾਮਲੇ ਨਾਲ ਸਬੰਧਤ ਹੈ।

# ਅਕਾਲੀ ਦਲ ਤੇ ਭਾਜਪਾ ਦੀ ਅੰਦਰਖ਼ਾਤੇ ਖਿਚੜੀ ਪੱਕ ਰਹੀ : ਕੁਲਦੀਪ ਸਿੰਘ ਧਾਲੀਵਾਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ 3 ਜਨਵਰੀ। ਪੰਜਾਬ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਵਲੋਂ ਲਿਆਂਦੇ ਗਏ 'ਜੀ ਰਾਮ ਜੀ' ਬਿੱਲ ਬਾਰੇ ਬੋਲਦਿਆਂ ਕਿਹਾ ਕਿ ਗਰੀਬਾਂ ਦੇ ਮੂੰਹ 'ਚੋਂ ਬੁਰਕੀ ਕੱਢਣ ਦਾ ਕੰਮ ਭਾਜਪਾ ਨੇ ਕੀਤਾ ਹੈ। ਸਾਰੇ ਦੇਸ਼ ਦੇ ਕਰੋੜਾਂ ਗਰੀਬਾਂ, ਮਜ਼ਦੂਰਾਂ ਅਤੇ ਦਲਿਤ ਭਾਈਚਾਰੇ ਦੇ ਢਿੱਡ 'ਤੇ ਲੱਤ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸਾਰੀਆਂ ਪਾਰਟੀਆਂ ਭਾਜਪਾ ਦੇ ਇਸ ਗਰੀਬ ਵਿਰੋਧੀ ਬਿੱਲ ਦੇ ਖ਼?ਲਾਫ਼ ਆਵਾਜ਼ ਬੁਲੰਦ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਬਿੱਲ ਦੇ ਵਿਰੋਧ 'ਚ ਅਸੀਂ ਸੜਕਾਂ 'ਤੇ ਉਤਰਨ ਲਈ ਵੀ ਤਿਆਰ ਹਾਂ। ਧਾਲੀਵਾਲ ਨੇ ਕਿਹਾ ਕਿ ਬੀਤੇ ਦਿਨ ਜਦੋਂ ਭਾਜਪਾ ਦੇ ਇਸ ਬਿੱਲ ਖ਼?ਲਾਫ਼ ਪੰਜਾਬ ਵਿਧਾਨ ਸਭਾ ਨੇ ਬਿੱਲ ਪਾਸ ਕੀਤਾ, ਉਸ ਸਮੇਂ ਅਕਾਲੀ ਦਲ ਦਾ ਵਿਧਾਨ ਸਭਾ 'ਚੋਂ ਗਾਇਬ ਰਹਿਣਾ ਇਹ ਸੰਕੇਤ ਦਿੰਦਾ ਹੈ ਕਿ ਅਕਾਲੀ ਦਲ ਨੇ ਅੰਦਰਖ਼ਾਤੇ ਭਾਜਪਾ ਨਾਲ ਸਮਝੌਤਾ ਕੀਤਾ ਹੈ। ਅਕਾਲੀ ਦਲ ਦਾ ਵਿਧਾਨ ਸਭਾ 'ਚ ਇਕ ਹੀ ਮੈਂਬਰ ਸੀ ਗਨੀਵ ਕੌਰ ਮਜੀਠੀਆ, ਉਨ੍ਹਾਂ ਦਾ



ਬੀਤੇ ਦਿਨ ਵਿਧਾਨ ਸਭਾ 'ਚੋਂ ਗੈਰ-ਹਾਜ਼ਰ ਰਹਿਣਾ ਮੰਦਭਾਗਾ ਹੈ। ਇਹ ਸਿੱਧਾ ਇਸ਼ਾਰਾ ਹੈ ਕਿ ਅਕਾਲੀ ਲੀਡਰਸ਼ਿਪ ਇਸ ਗਰੀਬ ਵਿਰੋਧੀ ਬਿੱਲ ਦੀ ਹਮਾਇਤ ਕਰ ਰਿਹਾ ਹੈ। ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਦੀ ਭਾਜਪਾ ਨਾਲ ਅੰਦਰਖ਼ਾਤੇ ਖਿਚੜੀ ਪੱਕ ਰਹੀ ਹੈ, ਇਹ ਉਸ ਦਾ ਸਪੱਸ਼ਟ ਇਸ਼ਾਰਾ ਹੈ। ਅਕਾਲੀ ਦਲ ਵਲੋਂ ਭਾਜਪਾ ਖ਼?ਲਾਫ਼ ਜ਼ੁਬਾਨ ਨਾ ਖੋਲ੍ਹਣਾ, ਵਿਧਾਨ ਸਭਾ 'ਚੋਂ ਗੈਰ-ਹਾਜ਼ਰ ਰਹਿਣਾ ਗਰੀਬ ਲੋਕਾਂ ਦੇ ਖ਼?ਲਾਫ਼ ਜਾ ਕੇ ਭਾਜਪਾ ਨਾਲ ਮਿਲੇ ਹੋਣ ਦਾ ਇਸ਼ਾਰਾ ਕਰਦਾ ਹੈ। ਆਮ ਆਦਮੀ ਪਾਰਟੀ ਪੰਜਾਬ 'ਚ ਗਰੀਬਾਂ ਦੀ ਲੜਾਈ ਲੜ ਰਹੀ ਹੈ ਅਤੇ ਅਕਾਲੀ ਦਲ ਦਾ ਅਸਲੀ ਚਿਹਰਾ ਸਾਹਮਣੇ ਆ ਚੁੱਕਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸਾਲ 'ਚ ਵੀ ਅਕਾਲੀ ਦਲ ਹਰ ਚੀਜ਼ ਭਾਜਪਾ ਨਾਲ ਮਿਲ ਕੇ ਕਰੇਗਾ ਅਤੇ ਗਰੀਬ ਲੋਕਾਂ ਦੇ ਖ਼?ਲਾਫ਼ ਖੜ੍ਹਾ ਨਜ਼ਰ ਆਵੇਗਾ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਇਸ ਗੱਲ ਦੀ ਨਿੰਦਾ ਕਰਦੀ ਹੈ। ਮਨਰੇਗਾ ਸਕੀਮ ਬੰਦ ਹੋਈ ਤਾਂ ਦੇਸ਼ ਦੇ ਕਰੋੜਾਂ ਲੋਕ ਬੇਰੁਜ਼ਗਾਰ ਹੋ ਜਾਣਗੇ ਅਤੇ ਜਿਹੜੀ ਭਾਜਪਾ ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਲਾਉਂਦੀ ਸੀ, ਉਨ੍ਹਾਂ ਦੇ ਖ਼?ਲਾਫ਼ ਭਾਜਪਾ ਕੰਮ ਕਰੇਗੀ। ਅਕਾਲੀ ਦਲ ਗਰੀਬਾਂ ਦਾ ਗਲਾ ਘੁੱਟ ਰਿਹਾ ਅਤੇ ਉਨ੍ਹਾਂ ਦੀ ਧੌਣ 'ਤੇ ਬੇਰੁਜ਼ਗਾਰੀ ਦਾ ਆਰਾ ਚੱਲਣ ਲੱਗਾ ਹੈ। ਧਾਲੀਵਾਲ ਨੇ ਕਿਹਾ ਕਿ ਭਾਜਪਾ ਖ਼?ਲਾਫ਼ ਚੁੱਪ ਰਹਿ ਕੇ ਅਕਾਲੀ ਦਲ ਗਰੀਬਾਂ ਦੀ ਪਿੱਠ 'ਚ ਛੁਰਾ ਮਾਰ ਰਿਹਾ ਹੈ ਪਰ ਸਾਡੀ ਪਾਰਟੀ ਇਸ ਬਿੱਲ ਦਾ ਡੱਟ ਕੇ ਵਿਰੋਧ ਕਰਦੀ ਹੈ ਅਤੇ ਇਸ ਨੂੰ ਕਿਸੇ ਵੀ ਹਾਲਤ 'ਚ ਲਾਗੂ ਨਹੀਂ ਹੋਣ ਦੇਵਾਂਗੇ।

# ਜਲੰਧਰ ਪੁਲਸ ਦਾ ਨਵੇਂ ਸਾਲ ਹੁੱਲੜਬਾਜ਼ਾਂ ਲਈ ਖਾਸ ਸੰਦੇਸ਼, ਕਾਨੂੰਨ ਤੋੜਿਆ ਤਾਂ ਥਾਣੇ 'ਚ ਹੋਵੇਗੀ 'ਪਾਰਟੀ'

**ਕੌਮੀ ਪਤ੍ਰਿਕਾ**

ਜਲੰਧਰ 3 ਜਨਵਰੀ। ਨਵੇਂ ਸਾਲ 2026 ਦੇ ਜਸ਼ਨਾਂ ਨੂੰ ਲੈ ਕੇ ਜਲੰਧਰ ਪੁਲਸ ਨੇ ਸ਼ਹਿਰ ਵਿੱਚ



ਅਮਨ-ਸ਼ਾਂਤੀ ਬਣਾਈ ਰੱਖਣ ਲਈ ਬਹੁਤ ਹੀ ਰਚਨਾਤਮਕ ਅਤੇ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ। ਪੁਲਸ ਨੇ ਨਵੇਂ ਸਾਲ 2026 ਤੋਂ ਪਹਿਲਾਂ ਲੋਕਾਂ ਨੂੰ ਟ?ਰੈਫਿਕ ਨਿਯਮਾਂ ਅਤੇ ਕਾਨੂੰਨ ਦੀ ਪਾਲਣਾ ਲਈ ਜਾਗਰੂਕ ਕਰਨ ਵਾਸਤੇ ਇੱਕ ਅਨੋਖਾ ਤੇ ਤੰਜ਼ੀਆ ਪੋਸਟਰ ਜਾਰੀ ਕੀਤਾ ਹੈ, ਜੋ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਪੋਸਟਰ ਰਾਹੀਂ ਪੁਲਸ ਨੇ ਨਸ਼ੇ ਵਿੱਚ ਗੱਡੀ ਚਲਾਉਣ, ਹੁੱਲੜਬਾਜ਼ੀ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਸਿੱਧੇ ਪਰ ਹਾਸਿਆਂ ਭਰੇ ਅੰਦਾਜ਼ ਵਿੱਚ ਚਿਤਾਵਨੀ ਦਿੱਤੀ ਹੈ। ਪੁਲਸ ਨੇ ਸੋਸ਼ਲ ਮੀਡੀਆ ਰਾਹੀਂ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਸਿੱਧਾ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਲਈ 'ਖਾਸ ਪਾਰਟੀ' ਦਾ ਪ੍ਰਬੰਧ ਕੀਤਾ ਗਿਆ ਹੈ। ਪੋਸਟਰ ਵਿੱਚ ਲਿਖਿਆ ਗਿਆ ਹੈ ਕਿ "ਹੁੱਲੜਬਾਜ਼ਾਂ ਲਈ ਸੈੱਲ ਬਲਾਕ ਪਾਰਟੀ"ਰੱਖੀ ਹੈ, ਜਿੱਥੇ ਖਾਸ 'ਪਰਫਾਰਮਰ' ਵਜੋਂ ਬ੍ਰੈਥ ਐਨਾਲਾਈਜ਼ਰ, ਡੀਜੇ ਸੇਫਟੀ ਫਸਟ ਅਤੇ 'ਡਿਫੈਂਸਿਵ ਡਰਾਈਵਰਜ਼ ਬੈਂਡ' ਦਾ ਜ਼ਿਕਰ ਕੀਤਾ ਗਿਆ ਹੈ। VIP ਸਹੂਲਤਾਂ ਅਤੇ ਟ?ਰਾਂਸਪੋਰਟ: ਨਿਯਮ ਤੋੜਨ ਵਾਲਿਆਂ ਲਈ ਪੁਲਸ ਨੇ ਲਾਲ ਅਤੇ ਨੀਲੀ ਬੱਤੀ ਵਾਲੀਆਂ ਗੱਡੀਆਂ ਦੇ ਰੂਪ ਵਿੱਚ ਮੁਫ਼ਤ ਆਵਾਜਾਈ ਦਾ ਪ੍ਰਬੰਧ ਕਰਨ ਦੀ ਗੱਲ ਕਹੀ ਹੈ। ਇੰਨਾ ਹੀ ਨਹੀਂ, ਉਨ੍ਹਾਂ ਲਈ 'VIP ਲੌਂਜ' ਵਿੱਚ ਜੇਲ੍ਹ ਦੀਆਂ ਸੀਖਾਂ ਵਾਲਾ ਆਰਾਮਦਾਇਕ ਖੇਤਰ ਹੋਣ ਦਾ ਵਿਅੰਗ ਵੀ ਕੀਤਾ ਗਿਆ ਹੈ। ਸਪੀਡ ਕੈਮਰਿਆਂ ਨਾਲ ਨਿਗਰਾਨੀ: ਪੁਲਸ ਨੇ ਸਪੱਸ਼ਟ ਕੀਤਾ ਹੈ ਕਿ ਤੇਜ਼ ਰਫ਼ਤਾਰ ਵਾਹਨ ਚਲਾਉਣ ਵਾਲਿਆਂ 'ਤੇ ਸਪੀਡ ਕੈਮਰਿਆਂ ਰਾਹੀਂ ਤਿੱਖੀ ਨਜ਼ਰ ਰੱਖੀ ਜਾਵੇਗੀ। ਜਲੰਧਰ ਪੁਲਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਹੁੱਲੜਬਾਜ਼ੀ ਕਰਦਾ ਜਾਂ ਨਿਯਮ ਤੋੜਦਾ ਨਜ਼ਰ ਆਉਂਦਾ ਹੈ, ਤਾਂ ਤੁਰੰਤ 112 ਨੰਬਰ 'ਤੇ ਸੂਚਨਾ ਦਿੱਤੀ ਜਾਵੇ ਤਾਂ ਜੋ ਚੰਗਾ ਸਮਾਂ ਸ਼ੁਰੂ ਕੀਤਾ ਜਾ ਸਕੇ। ਪੁਲਸ ਦਾ ਇਹ ਅਨੋਖਾ ਤਰੀਕਾ ਲੋਕਾਂ ਵੱਲੋਂ ਖੂਬ ਸਰਾਹਿਆ ਜਾ ਰਿਹਾ ਹੈ ਅਤੇ ਇਹ ਪੋਸਟਰ ਸਾਫ਼ ਸੰਦੇਸ਼ ਦਿੰਦਾ ਹੈ ਕਿ ਨਵੇਂ ਸਾਲ ਦੀ ਖੁਸ਼ੀ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਮਨਾਈ ਜਾਵੇ।

### ਜਵਾਈ ਨੇ ਤਲਵਾਰ ਨਾਲ ਵੱਢ 'ਤੇ ਪਤਨੀ ਸਮੇਤ ਸੱਸ-ਸਹੁਰਾ

ਨੈਸ਼ਨਲ ਡੈਸਕ 3 ਜਨਵਰੀ। ਰਾਜਸਥਾਨ ਦੇ ਪਾਲੀ ਜ਼ਿਲ੍ਹੇ 'ਚ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ ਜਿੱਥੇ ਇਕ ਜਵਾਈ ਵੱਲੋਂ ਆਪਣੀ ਸੱਸ-ਸਹੁਰੇ ਅਤੇ ਪਤਨੀ 'ਤੇ ਬੇਰਹਿਮੀ ਨਾਲ ਤਲਵਾਰ ਨਾਲ ਵਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ। ਜਵਾਈ ਵੱਲੋਂ ਸਹੁਰੇ ਘਰ 'ਚ ਦਾਖ਼ਿਲ ਹੋ ਕੇ ਖੇਲ੍ਹੇ ਗਏ ਇਸ ਖ਼ੂਨੀ ਤਾਂਡਵ ਦੀ ਸਾਰੀ ਵਾਰਦਾਤ ਕੈਮਰਿਆਂ 'ਚ ਕੈਦ ਹੋ ਗਈ। ਇਸ ਘਟਨਾ ਨਾਲ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਦੋਸ਼ੀ ਦੀ ਪਹਿਚਾਣ ਅਜੇ ਵਜੋਂ ਹੋਈ ਹੈ। ਪੁਲਸ ਅਨੁਸਾਰ ਦੋਸ਼ੀ ਅਜੇ ਦੀ ਪਤਨੀ ਕਾਫੀ ਸਮੇਂ ਤੋਂ ਆਪਣੇ ਬੱਚਿਆਂ ਨੂੰ ਲੈ ਕੇ ਪੇਕੇ ਘਰ ਰਹਿ ਸੀ। ਦੋਨਾਂ ਦਾ ਪਿਛਲੇ ਚਾਰ ਮਹੀਨਿਆਂ ਤੋਂ ਆਪਸੀ ਮਨ-ਮੁਟਾਵ ਚੱਲ ਰਿਹਾ ਸੀ। ਦੋਸ਼ੀ ਆਪਣੀ ਪਤਨੀ ਨੂੰ ਘਰ ਵਾਪਿਸ ਲੈ ਕੇ ਜਾਣਾ ਚਾਹੁੰਦਾ ਸੀ, ਪਰ ਉਸਦੀ ਪਤਨੀ ਆਪਣੇ ਸਹੁਰੇ ਘਰ ਵਾਪਿਸ ਨਹੀਂ ਜਾਣਾ ਚਾਹੁੰਦੀ ਸੀ। ਇਸ ਗੱਲੋਂ ਦੋਸ਼ੀ ਨਾਰਾਜ਼ ਹੋ ਕੇ ਸ਼ਾਮ ਸਮੇਂ ਸਹੁਰੇ ਘਰ ਆਇਆ ਅਤੇ ਤਲਵਾਰ ਨਾਲ ਆਪਣੀ ਪਤਨੀ, ਸੱਸ ਅਤੇ ਸਹੁਰੇ 'ਤੇ ਜ਼ਾਲਮਾਨਾ ਤਰੀਕੇ ਨਾਲ ਕਈ ਵਾਰ ਕਰ ਦਿੱਤੇ। ਇਸ ਹਮਲੇ 'ਚ ਦੋਸ਼ੀ ਦੀ ਪਤਨੀ ਆਸ਼ਾ,ਸੱਸ ਦੁਰਗਾ ਅਤੇ ਸਹੁਰਾ ਜਗਦੀਸ਼ ਜ਼ਖ਼ਮੀ ਹੋ ਗਏ। ਮੁਹੱਲੇ ਦੇ ਲੋਕਾਂ ਵੱਲੋਂ ਤਿੰਨਾਂ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਪੁਲਸ ਵੱਲੋਂ ਦੋਸ਼ੀ ਦੀ ਤਲਾਸ਼ ਕੀਤੀ ਜਾ ਰਹੀ ਹੈ।

## ਐਡਵੋਕੇਟ ਧਾਮੀ ਨੇ ਪਟਿਆਲਾ ਦੇ ਸੰਨੌਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਹੋਈ ਬੇਅਦਬੀ ਦੀ ਕੀਤੀ ਸਖ਼ਤ ਨਿੰਦਾ

ਅੰਮ੍ਰਿਤਸਰ, 3 ਜਨਵਰੀ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਟਿਆਲਾ ਜ਼ਿਲ੍ਹੇ ਦੇ ਕਸਬਾ ਸੰਨੌਰ 'ਚ ਸ੍ਰੀ ਗੁਰੂ



ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆ ਕਿਹਾ ਕਿ ਪਿਛਲੇ ਕੁਝ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ, ਜਿਸ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸ਼ਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪੁਲਿਸ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਦਿੱਤੇ ਜਾਣ ਦੇ ਕਾਰਨ ਹੀ ਸੰਗਤ ਅੰਦਰ ਭਾਰੀ ਰੋਸ ਅਤੇ ਰੋਹ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਦੀ ਜਾਣਕਾਰੀ ਮਿਲਣ ਤੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਗੜ੍ਹੀ ਤੇ ਮੈਂਬਰ ਜਸਮੇਰ ਸਿੰਘ ਲਾਛੜੂ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦਾ ਇੱਕ ਵਫਦ ਸਨੌਰ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਖੰਡਿਤ ਹੋਏ ਪਾਵਨ ਸਰੂਪ ਨੂੰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਤਿਕਾਰ ਸਹਿਤ ਬਿਰਾਜਮਾਨ ਕੀਤਾ ਗਿਆ ਹੈ ਅਤੇ ਦੁਖਦਾਈ ਘਟਨਾ ਦੀ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਬੇਹੱਦ ਗੰਭੀਰ ਮਾਮਲਾ ਹੈ, ਜਿਸ ਦੇ ਦੋਸੀ ਅਤੇ ਇਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸਾਹਮਣੇ ਲਿਆਉਣਾ ਜ਼ਰੂਰੀ ਹੈ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ।

## ਬਰਨਾਲਾ ਦੇ ਪਿੰਡ 'ਚ ਖ਼ੌਫ਼ਨਾਕ ਘਟਨਾ, ਇੱਕੋ ਕਮਰੇ 'ਚੋਂ ਮਿਲੀਆਂ ਨੌਜਵਾਨ ਲੜਕੇ-ਲੜਕੀ ਦੀਆਂ ਲਾਸ਼ਾਂ

**ਏਜੰਸੀਆਂ**

ਬਰਨਾਲਾ 3 ਜਨਵਰੀ। ਬਰਨਾਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਅਧੀਨ ਆਉਂਦੇ ਪਿੰਡ ਟੱਲੇਵਾਲ ਵਿਚ ਅੱਜ ਸਵੇਰੇ ਉਸ ਸਮੇਂ ਦਹਿਸ਼ਤ ਅਤੇ ਸਹਿਮ ਦਾ ਮਾਹੌਲ ਬਣ ਗਿਆ, ਜਦੋਂ ਇਕ ਘਰ ਦੇ ਕਮਰੇ ਵਿਚੋਂ ਇਕ ਨੌਜਵਾਨ ਅਤੇ ਇਕ ਲੜਕੀ ਦੀਆਂ ਲਾਸ਼ਾਂ ਸ਼ੱਕੀ ਹਾਲਾਤ ਵਿਚ ਮਿਲੀਆਂ। ਇਸ ਘਟਨਾ ਦੀ ਖ਼ਬਰ ਫੈਲਦਿਆਂ ਹੀ ਪੂਰੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਪਿੰਡ ਟੱਲੇਵਾਲ ਦੇ ਇਕ ਘਰ ਵਿਚ ਦੋ ਮੌਤਾਂ ਹੋਣ ਦਾ ਮਾਮਲਾ ਸਾਹਮਣੇ ਆਇਆ। ਮੌਕੇ 'ਤੇ ਦੇਖਿਆ ਗਿਆ ਕਿ ਨੌਜਵਾਨ ਦੀ ਲਾਸ਼ ਕਮਰੇ ਵਿਚ ਪੱਖੇ ਨਾਲ ਕੱਪੜੇ ਰਾਹੀਂ ਲਮਕ ਰਹੀ ਸੀ ਜਦਕਿ ਲੜਕੀ ਦੀ ਲਾਸ਼ ਉਸੇ ਕਮਰੇ ਵਿਚ ਬੈੱਡ 'ਤੇ ਪਈ ਸੀ। ਪੁਲਸ ਦੀ ਮੁੱਢਲੀ ਜਾਂਚ ਮੁਤਾਬਕ ਨੌਜਵਾਨ ਨੇ ਪੱਖੇ ਨਾਲ ਫਾਹਾ ਲਿਆ ਜਾਪਦਾ ਹੈ। ਥਾਣਾ ਟੱਲੇਵਾਲ ਦੇ ਐੱਸ.ਐੱਚ.ਓ. ਨਿਰਮਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕਰ ਲਈ ਗਈ ਹੈ। ਜੋ ਕਿ ਪਰਵਿੰਦਰ ਸਿੰਘ (ਉਮਰ ਕਰੀਬ 30 ਸਾਲ) ਪੁੱਤਰ ਰਜਿੰਦਰ ਸਿੰਘ, ਵਾਸੀ ਕਾਉਂਕੇ (ਮਾਛੀਵਾੜਾ), ਜ਼ਿਲ੍ਹਾ ਲੁਧਿਆਣਾ ਅਤੇ ਬਲਜੀਤ ਕੌਰ (ਉਮਰ ਕਰੀਬ 25 ਸਾਲ) ਪੁੱਤਰੀ ਕੁਲਦੀਪ ਸਿੰਘ, ਵਾਸੀ ਅਲੀਗੜ੍ਹ (ਜਗਰਾਉਂ) ਹਨ। ਐੱਸ.ਐੱਚ.ਓ. ਨਿਰਮਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸਵੇਰੇ ਕਰੀਬ 7 ਵਜੇ ਇਸ ਘਟਨਾ ਦੀ ਸੂਚਨਾ ਮਿਲੀ ਸੀ। ਪੁਲਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਫੋਰੈਂਸਿਕ (ਪ੍ਰੋਸੈਸਿੰਗ) ਟੀਮਾਂ ਨੂੰ ਬੁਲਾਇਆ ਗਿਆ ਤਾਂ ਜੋ ਘਟਨਾ ਸਥਾਨ ਤੋਂ ਪੁਖ਼ਤਾ ਸਬੂਤ ਇਕੱਠੇ ਕੀਤੇ ਜਾ ਸਕਣ। ਪੁਲਸ ਅਧਿਕਾਰੀਆਂ ਅਨੁਸਾਰ ਪਹਿਲੀ ਨਜ਼ਰੇ ਇਹ ਮਾਮਲਾ ਖ਼ੁਦਕੁਸ਼ੀ ਦਾ ਜਾਪਦਾ ਹੈ ਪਰ ਅਸਲ ਸੱਚਾਈ ਪੋਸਟਮਾਰਟਮ ਦੀ ਰਿਪੋਰਟ ਅਤੇ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗੀ। ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਦੋਵਾਂ ਮ੍ਰਿਤਕਾਂ ਦਾ ਆਪਸ ਵਿਚ ਕੀ ਰਿਸ਼ਤਾ ਸੀ ਅਤੇ ਉਹ ਟੱਲੇਵਾਲ ਵਿਖੇ ਕਿਸ ਹਾਲਤ ਵਿਚ ਰਹਿ ਰਹੇ ਸਨ। ਪੁਲਸ ਨੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਬਰਨਾਲਾ ਦੇ ਸਰਕਾਰੀ ਹਸਪਤਾਲ ਵਿਚ ਭੇਜ ਦਿੱਤਾ ਹੈ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਪੁਲਸ ਵੱਲੋਂ ਮਾਮਲੇ ਦੀ ਵੱਖੋ-ਵੱਖਰੇ ਪਹਿਲੂਆਂ ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਕੋ ਕਮਰੇ ਵਿਚ ਦੋ ਨੌਜਵਾਨ ਜ਼ਿੰਦਗੀਆਂ ਦੇ ਇਸ ਤਰ੍ਹਾਂ ਖ਼ਤਮ ਹੋ ਜਾਣ ਕਾਰਨ ਪਿੰਡ ਵਾਸੀਆਂ ਵਿਚ ਡਰ ਅਤੇ ਗ਼ਮ ਦਾ ਮਾਹੌਲ ਬਣਿਆ ਹੋਇਆ ਹੈ।

# ਪੰਜਾਬ 'ਚ ਗੈਸ ਸਿਲੰਡਰਾਂ ਨਾਲ ਭਰੇ ਟਰੱਕ ਕਾਰਨ ਵਾਪਰਿਆ ਭਿਆਨਕ ਹਾਦਸਾ !

**ਕੌਮੀ ਪਤ੍ਰਿਕਾ**

ਖੰਨਾ 3 ਜਨਵਰੀ। ਅੱਜ ਸਵੇਰੇ ਖੰਨਾ ਵਿਚ ਸੰਘਣੀ ਧੁੰਦ ਕਾਰਨ ਇਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਇਹ ਹਾਦਸਾ ਦੋਰਾਹਾ ਤੋਂ ਲੁਧਿਆਣਾ ਵੱਲ ਜਾਂਦੀ ਨਹਿਰ ਸੜਕ 'ਤੇ ਪਿੰਡ ਅਜਨੋਦ ਦੇ ਨੇੜੇ ਹੋਇਆ, ਜਿੱਥੇ ਇਕ ਤੋਂ ਬਾਅਦ ਇਕ ਕਈ ਵਾਹਨ ਆਪਸ ਵਿੱਚ ਟਕਰਾ ਗਏ। ਇਸ ਭਿਆਨਕ ਹਾਦਸੇ ਵਿਚ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪੰਜ ਹੋਰ ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਜਾਣਕਾਰੀ ਮੁਤਾਬਕ ਸਵੇਰੇ ਦੇ ਸਮੇਂ ਇਲਾਕੇ ਵਿੱਚ ਧੁੰਦ ਇੰਨੀ ਸੰਘਣੀ ਸੀ ਕਿ ਸਾਹਮਣੇ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ। ਇਸ ਦੌਰਾਨ ਘਰੇਲੂ ਗੈਸ ਸਿਲੰਡਰਾਂ ਨਾਲ ਭਰਿਆ ਇੱਕ ਟਰੱਕ ਨਹਿਰ ਸੜਕ ਰਾਹੀਂ ਲੰਘ ਰਿਹਾ ਸੀ। ਪਿੰਡ ਅਜਨੋਦ ਦੇ ਨੇੜੇ ਅਚਾਨਕ ਇੱਕ ਕਾਰ ਟਰੱਕ ਦੇ ਸਾਹਮਣੇ ਆ ਗਈ। ਕਾਰ ਨੂੰ ਬਚਾਉਣ ਲਈ ਟਰੱਕ ਡਰਾਈਵਰ ਨੇ ਤੁਰੰਤ ਬ੍ਰੇਕ ਲਗਾਈ, ਜਿਸ ਕਾਰਨ ਟਰੱਕ ਵਿੱਚ ਲੋਡ ਕੀਤੇ ਕੁਝ ਗੈਸ ਸਿਲੰਡਰ ਸੜਕ 'ਤੇ ਡਿੱਗ ਪਏ। ਅੱਗੇ ਵਾਪਰੀ ਇਸ ਘਟਨਾ ਕਾਰਨ ਪਿੱਛੋਂ ਆ ਰਹੇ ਵਾਹਨਾਂ ਨੇ ਵੀ ਬ੍ਰੇਕ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਸੀਮੈਂਟ ਨਾਲ ਭਰਿਆ ਇੱਕ ਭਾਰੀ ਟਰੱਕ ਸਮੇਂ ਸਿਰ ਨਹੀਂ ਰੁਕ ਸਕਿਆ ਅਤੇ ਅੱਗੇ ਖੜ੍ਹੇ ਵਾਹਨਾਂ ਨਾਲ ਟੱਕਰ ਮਾਰ ਬੈਠਾ। ਕੁਝ ਹੀ ਪਲਾਂ ਵਿੱਚ ਕਈ ਵਾਹਨ ਇੱਕ ਦੂਜੇ ਨਾਲ ਟਕਰਾ ਗਏ, ਜਿਸ ਨਾਲ ਮੌਕੇ 'ਤੇ ਹਫੜਾ-ਦਫੜੀ ਮਚ ਗਈ ਅਤੇ ਸੜਕ ਪੂਰੀ ਤਰ੍ਹਾਂ ਜਾਮ ਹੋ ਗਈ। ਹਾਦਸਾ ਬਹੁਤ ਵੱਡੀ ਤਬਾਹੀ ਵਿੱਚ ਤਬਦੀਲ ਹੋ ਸਕਦਾ ਸੀ, ਪਰ ਖੁਸ਼ਕਿਸਮਤੀ ਨਾਲ ਕੋਈ ਧਮਾਕਾ ਨਹੀਂ ਹੋਇਆ। ਕਿਉਂਕਿ ਟਰੱਕ ਘਰੇਲੂ ਗੈਸ ਸਿਲੰਡਰ ਲੈ ਕੇ ਜਾ ਰਿਹਾ ਸੀ, ਜੇਕਰ ਕਿਸੇ ਵੀ ਸਿਲੰਡਰ ਵਿਚ ਲੀਕ ਹੋ ਜਾਂ ਅੱਗ ਲੱਗ ਜਾਂਦੀ, ਤਾਂ ਜਾਨੀ ਤੇ ਮਾਲੀ ਨੁਕਸਾਨ ਕਈ ਗੁਣਾ ਵੱਧ ਸਕਦਾ ਸੀ। ਚਸ਼ਮਦੀਦਾਂ ਨੇ ਦੱਸਿਆ ਕਿ ਇੱਕ ਗੈਸ ਸਿਲੰਡਰ ਇੱਕ ਵਾਹਨ ਦੇ ਹੇਠਾਂ ਫਸ ਗਿਆ ਸੀ, ਜਿਸ ਕਾਰਨ ਮੌਕੇ 'ਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲਾ ਵਿਅਕਤੀ ਵਾਹਨ ਦੇ ਹੇਠਾਂ ਫਸੇ ਗੈਸ ਸਿਲੰਡਰ ਨੂੰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਦੌਰਾਨ ਹੀ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਬਲ ਤੁਰੰਤ ਮੌਕੇ 'ਤੇ ਪਹੁੰਚ ਗਿਆ। ਸਬ-ਇੰਸਪੈਕਟਰ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕੀਤੇ। ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ। ਸੜਕ ਸੁਰੱਖਿਆ ਬਲ ਵੱਲੋਂ ਟ?ਰੈਫਿਕ ਨੂੰ ਕਾਬੂ ਵਿੱਚ ਲਿਆਂਦਾ ਗਿਆ ਅਤੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਪੰਜਾਬ 'ਚ ਵੱਡੀ ਵਾਰਦਾਤ ! ਤੈਸ਼ 'ਚ ਆਏ ਪ੍ਰਵਾਸੀ ਨੇ ਮਾਲਕ ਦਾ ਕਰ 'ਤਾ ਕਤਲ

ਫਗਵਾੜਾ 3 ਜਨਵਰੀ। ਫਗਵਾੜਾ ਦੇ ਨਜ਼ਦੀਕੀ ਪੈਂਦੇ ਪਿੰਡ ਮੰਡਾਲੀ 'ਚ ਇਕ ਬੇਹੱਦ ਹੀ ਹੈਰਾਨ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਪਿੰਡ ਵਿੱਚ ਖੇਤੀਬਾੜੀ ਦਾ ਕੰਮ ਕਰਨ ਲਈ ਰੱਖੇ ਇਕ ਪ੍ਰਵਾਸੀ ਮਜ਼ਦੂਰ ਵੱਲੋਂ ਗਾਲੀ-ਗਲੋਚ ਅਤੇ ਗੁੰਡਾਗਰਦੀ ਕਰਨ ਤੋਂ ਬਾਅਦ ਆਪਣੇ ਮਾਲਕ ਨਾਲ ਹੱਥੋਪਾਈ ਕੀਤੀ ਗਈ। ਇਸ ਘਟਨਾ ਦੌਰਾਨ ਮਾਲਕ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਬਾਅਦ ਦੇ ਵਿੱਚ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕੁਝ ਦਿਨ ਪਹਿਲਾਂ ਮਾਲਕ ਵੱਲੋਂ ਕਿਸੇ ਗੱਲ ਨੂੰ ਲੈ ਕੇ ਪ੍ਰਵਾਸੀ ਨੂੰ ਚਪੇੜ ਮਾਰੀ ਗਈ ਸੀ। ਮ੍ਰਿਤਕ ਦੀ ਪਤਨੀ ਪਲਵਿੰਦਰ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਤੀ ਦਵਿੰਦਰ ਸਿੰਘ ਨਾਲ ਘਰ ਦੇ ਵਿੱਚ ਰਹਿ ਰਹੀ ਪ੍ਰਵਾਸੀ ਮਜ਼ਦੂਰ ਨੇ ਪਹਿਲਾਂ ਗਾਲੀ-ਗਲੋਚ ਕੀਤੀ ਅਤੇ ਜਦੋਂ ਦਵਿੰਦਰ ਨੇ ਉਸ ਨੂੰ ਰੋਕਿਆ ਤਾਂ ਮਜ਼ਦੂਰ ਨੇ ਗੁੱਸੇ ਦੇ ਵਿੱਚ ਆ ਕੇ ਹੱਥੋਪਾਈ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਸੇ ਚੀਜ਼ ਨਾਲ ਵਾਰ ਕਰ ਦਿੱਤਾ। ਇਸ ਦੌਰਾਨ ਜਵਿੰਦਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਤੋਂ ਬਾਅਦ ਦਵਿੰਦਰ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਲਿਆਂਦਾ ਗਿਆ ਅਤੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਡਿਊਟੀ 'ਤੇ ਤਾਇਨਾਤ ਡਾਕਟਰ ਨੇ ਦੱਸਿਆ ਕਿ ਦਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਅਤੇ ਵਾਸੀ ਪਿੰਡ ਮੰਡਾਲੀ ਨੂੰ ਹਸਪਤਾਲ ਲਿਆਂਦਾ ਗਿਆ ਸੀ ਪਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਤੋਂ ਚੁੱਕੀ ਸੀ। ਡਾਕਟਰਾਂ ਮੁਤਾਬਕ ਮੌਤ ਦੇ ਅਸਲ ਕਾਰਨਾ ਦੀ ਪੁਸ਼ਟੀ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਹੋ ਸਕੇਗੀ।